# ਜੜ੍ਹਾਂ ਦੇ ਵਿਚ ਵਿਚਾਲੇ

## *ਇਸੇ ਕਲਮ ਤੋਂ*

### ਮੌਲਿਕ ਕਾਵਿ-ਸੰਗ੍ਰਹਿ

- ਸਿਜਦੇ ਜੁਗਨੂੰਆਂ ਨੂੰ (**ਕਵਿਤਾ**)
- ਸਪੰਦਨ (**ਕਵਿਤਾ**)
- ਇਕ ਟੋਟਾ ਵਰੇਸ (**ਕਵਿਤਾ**)
- ਏਕਮ ਦੀ ਫਾਂਕ (**ਕਵਿਤਾ**)
- ਕਿਣ ਮਿਣ ਅੱਖਰ (**ਕਵਿਤਾ**)
- ਸ਼ੀਸ਼ੇ ਦੀ ਜੂਨ (**ਕਵਿਤਾ**)
- ਕਿਥੋਂ ਆਉਂਦੀ ਕਵਿਤਾ (**ਕਵਿਤਾ**)
- ਕਦੇ ਕਦਾਈਂ (**ਕਵਿਤਾ**)
- ਘਰ ਘਰ (**ਕਵਿਤਾ**)
- ਆਪਣੇ ਤੋਂ ਆਪਣੇ ਤਕ (**ਕਵਿਤਾ**)
- ਕਦੇ ਤਾਂ ਮਿਲ ਜ਼ਿੰਦਗੀ (**ਕਵਿਤਾ**)
- ਵਿਚਲਾ ਮੌਸਮ (**ਕਵਿਤਾ**)
- ਘਰ ਘਰ ਤੇ ਘਰ (**ਕਵਿਤਾ**)

### ਅਨੁਵਾਦ

- ਖੰਭੜੀਆਂ (**ਹਿੰਦੀ ਕਵਿਤਾਵਾਂ ਦਾ ਪੰਜਾਬੀ ਅਨੁਵਾਦ**)
- ਮਨੋਜ ਸ਼ਰਮਾ ਦੀਆਂ ਚੋਣਵੀ ਹਿੰਦੀ ਕਵਿਤਾ ਦਾ ਪੰਜਾਬੀ ਵਿਚ ਅਨੁਵਾਦ
- ਮਨ ਦਾ ਪੰਛੀ (**ਅਨੁਵਾਦ, ਐੱਨ.ਬੀ.ਟੀ. ਲਈ ਹਿੰਦੀ ਬਾਲ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ**)

### ਸੰਪਾਦਨ

- ਲਾਰੰਸ ਆਫ਼ ਥਲੇਬੀਆ ਤੇ ਹੋਰ ਕਹਾਣੀਆਂ (**ਪਾਕਿਸਤਾਨੀ ਚੋਣਵੀਆਂ ਕਹਾਣੀਆਂ**)
- ਮਿੱਟੀ ਦੇ ਵਣਜਾਰੇ (**ਕਿਸਾਨੀ ਕਵਿਤਾਵਾਂ, ਸੰਪਾ. ਅਰਤਿੰਦਰ ਸੰਧੂ, ਡਾ. ਮੋਹਨ ਸਿੰਘ ਤਿਆਗੀ**)
- ਮੈਗਜ਼ੀਨ 'ਸਾਹਿਤਕ ਏਕਮ' ਦੀ 2012 ਤੋਂ ਨਿਰੰਤਰ ਸੰਪਾਦਨਾ

### ਅਰਤਿੰਦਰ ਸੰਧੂ 'ਤੇ ਹੋਇਆ ਅਨੁਵਾਦ/ਖੋਜ/ਆਲੋਚਨਾਤਮਕ ਕਾਰਜ

- ਅਰਤਿੰਦਰ ਸੰਧੂ ਦਾ ਕਾਵਿ-ਚਿੰਤਨ (ਡਾ. ਮੋਹਨ ਸਿੰਘ ਤਿਆਗੀ)
- ਅਰਤਿੰਦਰ ਸੰਧੂ ਦਾ ਕਾਵਿ-ਸੰਸਾਰ (ਐੱਮ.ਫਿਲ. ਖੋਜ-ਨਿਬੰਧ, ਖੋਜਾਰਥੀ ਰਮੇਸ਼ ਕੁਮਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2019)
- ਕਵਿਤਾ ਕੀ ਦਸਤਕ (**ਅਰਤਿੰਦਰ ਸੰਧੂ ਦੀ ਪੰਜਾਬੀ ਕਵਿਤਾ ਦਾ ਹਿੰਦੀ ਅਨੁਵਾਦ, ਅਨੁਵਾਦਕ : ਅਮੀਆ ਕੁੰਵਰ**)
- ਖ਼ਾਮੋਸ਼ ਸਦੀ ਦੀ ਦਾਸਤਾਨ (**ਅਰਤਿੰਦਰ ਸੰਧੂ ਦੀ ਚੋਣਵੀਂ ਸ਼ਾਇਰੀ, ਸੰਪਾ. ਡਾ. ਮੋਹਨ ਤਿਆਗੀ**)

# ਜੜ੍ਹਾਂ ਦੇ ਵਿਚ ਵਿਚਾਲੇ

**ਅਰਤਿੰਦਰ ਸੰਧੂ**

**Jarhan De Vich Vichale** **(Prose)**

*by :*


**Artinder Sandhu**

**404, Tilak Nagar, Amritsar**

**Mobile : 98153 02081**

**E-mail : sandhuartinder89@gmail.com**



**2021**

*ਸਮਰਪਣ*

ਪਾਠਕਾਂ ਨੂੰ

**ਸਰਵਰਕ ਬਾਰੇ**

*ਇਸ ਕਿਤਾਬ ਦੇ ਸਰਵਰਕ ਦੀ ਪੇਂਟਿੰਗ ਪੰਜਾਬ ਦੇ ਜ਼ਹੀਨ ਤੇ ਮਿਹਨਤੀ ਚਿੱਤਰਕਾਰ* ***ਸਤਵੰਤ ਸਿੰਘ ਸੁਮੇਲ*** *ਦੀ ਕਲਾ ਕ੍ਰਿਤ ਹੈ। ਸੁਮੇਲ ਦੇ ਚਿੱਤਰ ਅਕਸਰ ਸੀਰੀਜ਼ ਵਿਚ ਹੁੰਦੇ ਹਨ। ਇਹ ਟਾਈਟਲ ਚਿੱਤਰ ਵੀ ਉਸਦੇ ਚਿੱਤਰਾਂ ਦੀ ਇਕ ਸੀਰੀਜ਼ ਵਿਚੋਂ ਹੀ ਹੈ। ਧੰਨਵਾਦ ਦੇ ਨਾਲ-ਨਾਲ ਇਸ ਸੁਚੱਜੇ ਕਲਾਕਾਰ ਵਾਸਤੇ ਸ਼ੁਭ ਇੱਛਾਵਾਂ।*

# ਤਤਕਰਾ


ਦੋ ਸ਼ਬਦ 9

ਬੁਰਾ ਨਹੀਂ ਹੁੰਦਾ ਬੋਰ ਹੋਣਾ 11

ਇਕ ਟੁਕੜਾ ਅਮਰੀਕਾ 17

ਲੋਕ ਕਥਾਵਾਂ ਵਿਚ ਲੁਕੇ ਸੁਨੇਹੇ 25

ਇਕ ਪਿੰਡ ਦਾ ਵੱਸਣਾ ਤੇ ਉਜੜਣਾ 34

ਪੰਜਾਬੀ ਮੁਹਾਵਰਿਆਂ/ਅਖਾਣਾਂ ਵਿਚਲੇ 39

ਆਪਣੇ ਅਕਸ 'ਚੋਂ ਉੱਭਰ ਰਹੀ ਔਰਤ 39

ਪੰਜਾਬੀ ਬੋਲ ਚਾਲ ਵਿਚ
ਜਾਨਵਰਾਂ ਨਾਲ ਜੁੜੀਆਂ ਅਖੌਤਾਂ ਤੇ ਮੁਹਾਵਰੇ 45

ਵਾਤਾਵਰਣ ਦੇ ਪ੍ਰਦੂਸ਼ਣ ਤੋਂ ਸਮਾਜਕ ਪ੍ਰਦੂਸ਼ਣ ਤੱਕ 50

ਪੰਖੇਰੂਆਂ ਦੀ ਨਿਵੇਕਲੀ ਦੁਨੀਆਂ 56

ਨਾਇਕਤਵ ਦਾ ਸੰਕਟ 64

ਭਾਗ II

ਜੜ੍ਹਾਂ ਦੇ ਵਿਚ ਵਿਚਾਲੇ 68

ਤ੍ਰਿਕਾਲਾਂ ਦਾ ਜਾਦੂ 74

ਸਬੱਬਾਂ ਦਾ ਵਿਧੀ ਵਿਧਾਨ 80

ਅਚੇਤਨ ਵਿਚ ਬੈਠਾ ਦਾਨਵ—ਡਰ 86

ਰਾਹਾਂ ਕੁਰਾਹਾਂ ਦੀ ਉਲਝੀ ਤਾਣੀ 90

ਰੱਜ ਦੀ ਹਕੀਕਤ 96

ਖੰਡ ਮੰਡਲਾਂ ਵਿਚ ਰਚੀ ਪੈੜ 100

ਜ਼ਿੰਦਗੀ ਵਿਚ ਰਚੇ ਉਡਾਰੀ ਦੇ ਅੰਸ਼ 106

ਜ਼ਿੰਦਗੀ ਦਾ ਮੂਲ ਮੰਤਰ : ਪਗਡੰਡੀਆਂ 112

# ਦੋ ਸ਼ਬਦ

ਬੀਤੇ ਕੁਝ ਦਹਾਕਿਆਂ ਦੌਰਾਨ ਸਾਡੇ ਜੀਣ ਦੇ ਤਰੀਕਿਆਂ ਵਿਚ ਤੇਜ਼ੀ ਨਾਲ ਅਨੇਕਾਂ ਤਬਦੀਲੀਆਂ ਆਈਆਂ ਹਨ। ਤਬਦੀਲੀਆਂ ਦੇ ਇਸ ਅੰਬਾਰ ਨੇ ਦੁਨੀਆਂ ਵਿਚ ਹੀ ਨਹੀਂ, ਮਨੁੱਖੀ ਮਨਾਂ ਵਿਚ ਵੀ ਬਹੁਤ ਸਾਰੀ ਉੱਥਲ-ਪੁੱਥਲ ਪੈਦਾ ਕੀਤੀ ਹੈ। ਅਸਲ ਵਿਚ ਇਨ੍ਹਾਂ ਤਬਦੀਲੀਆਂ ਦਾ ਮੁੱਖ ਕਾਰਨ ਪਿਛਲੇ ਕੁਝ ਵਰ੍ਹਿਆਂ ਵਿਚ ਦੁਨੀਆਂ ਦਾ ਹੌਲੀ ਹੌਲੀ ਇਕ ਗਲੋਬਲ ਪਿੰਡ ਬਣਦੇ ਤੁਰੇ ਜਾਣਾ ਹੈ। ਇਸ ਗਲੋਬਲੀਕਰਨ ਦੇ ਅਸਰ ਹੇਠ ਆਪਣੇ ਦੇਸ਼ ਵਿਚ ਵੀ ਬਹੁਤ ਕੁਝ ਬਦਲਦਾ ਰਿਹਾ ਹੈ। ਪੰਜਾਬ ਵਿਚ ਇਸ ਦਾ ਅਸਰ ਕੁਝ ਜ਼ਿਆਦਾ ਤੇਜ਼ੀ ਨਾਲ ਹੋਇਆ ਕਿਉਂਕਿ ਪੰਜਾਬੀ ਦੂਜੇ ਸੂਬਿਆਂ ਦੇ ਲੋਕਾਂ ਦੇ ਮੁਕਾਬਲੇ ਆਧੁਨਿਕ ਹੋਣ ਦੇ ਵਧੇਰੇ ਸ਼ੌਕੀਨ ਤੇ ਕਾਹਲੇ ਵੀ ਹੁੰਦੇ ਹਨ। ਸੋ ਆਦਤਨ ਇਨ੍ਹਾਂ ਨੇ ਇਸ ਕਥਿਤ ਤਰੱਕੀ ਦੇ ਢੰਗ ਤਰੀਕਿਆਂ ਨੂੰ ਉਤਸੁਕਤਾ ਭਰੀ ਤੇਜ਼ੀ ਨਾਲ ਅਪਣਾਇਆ ਤੇ ਇਸ ਕਾਰਨ ਹੁਣ ਤਕ ਸਾਡੇ ਰਹਿਣ-ਸਹਿਣ, ਬੋਲ ਚਾਲ ਤੇ ਸੋਚਣ ਦੇ ਢੰਗ ਤਰੀਕੇ ਤਕ ਬਦਲ ਚੁੱਕੇ ਹਨ। ਨਿਰਸੰਦੇਹ ਨਵੀਆਂ ਖੋਜਾਂ ਤੇ ਕਾਢਾਂ ਨਾਲ ਮਨੁੱਖੀ ਜ਼ਿੰਦਗੀ ਵਿਚ ਨਵੇਂ ਰੰਗ ਤਾਂ ਭਰੇ ਗਏ ਪਰ ਇਸ ਤੇਜ਼ ਰਫ਼ਤਾਰ ਤਰੱਕੀ ਦੀ ਤੋਰ ਸਾਂਵੀਂ ਨਹੀਂ ਸੀ ਰਹੀ। ਇਸ ਕਾਰਨ ਸਾਡੀਆਂ ਭਾਈਚਾਰਕ, ਸਦਾਚਾਰਕ ਤੇ ਸਭਿਆਚਾਰਕ ਮਨੁੱਖੀ ਤੰਦਾਂ ਤਿੜਕ ਗਈਆਂ ਤੇ ਰਿਸ਼ਤਿਆਂ ਦੇ ਰੂਪ ਰੰਗ ਹੀ ਬਦਲ ਗਏ। ਇਸ ਵਰਤਾਰੇ ਦੇ ਅਸਰ ਬਾਰੇ ਸੋਚਦਿਆਂ, ਕਈ ਵਾਰ ਖ਼ਿਆਲ ਆਉਂਦਾ ਹੈ ਕਿ ਜੇ ਸੱਤਰ ਸਾਲ ਪਹਿਲਾਂ ਪੰਜਾਬ ਵਿਚ ਜੀ ਕੇ ਗਿਆ ਕੋਈ ਮਨੁੱਖ ਕਿਸੇ ਤਰੀਕੇ ਨਾਲ ਇਥੇ ਵਾਪਸ ਆ ਜਾਵੇ ਤਾਂ ਉਸਨੇ ਮੰਨਣਾ ਹੀ ਨਹੀਂ ਕਿ ਇਹ ਮੇਰੀ ਓਹੋ ਪੁਰਾਣੀ ਧਰਤੀ ਤੇ ਓਹੋ ਲੋਕ ਹਨ।

ਇਸ ਕਿਤਾਬ ਦੇ ਪਹਿਲੇ ਹਿੱਸੇ ਵਿਚਲੇ ਲੇਖਾਂ ਦਾ ਸੰਬੰਧ ਉਪਰੋਕਤ ਕਾਰਨਾਂ ਕਰਕੇ ਸਾਡੀ ਅਜੋਕੀ ਜ਼ਿੰਦਗੀ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਆਈਆਂ ਤਬਦੀਲੀਆਂ ਨਾਲ ਹੈ। ਇਹ ਤਬਦੀਲੀਆਂ ਸਾਡੀ ਜਲਦੀ ਨਾਲ ਤਰੱਕੀ ਯਾਫ਼ਤਾ ਹੋ ਜਾਣ ਦੀ ਚਾਹਤ ਦੇ ਕਾਫ਼ੀ ਹੱਦ ਤਕ ਪੂਰੀ ਹੁੰਦੇ ਜਾਣ ਦੇ ਨਤੀਜੇ ਵਿਚੋਂ ਉਪਜੀਆਂ ਅਲਾਮਤਾਂ ਹਨ। ਇਨ੍ਹਾਂ ਕਾਰਨ ਜ਼ਿੰਦਗੀ ਵਿਚ ਪੈਦਾ ਹੋਈ ਆਪੋਧਾਪੀ ਨੇ ਸਾਡੇ ਸਹਿਜ ਜੀਣ ਨੂੰ ਕਾਹਲ ਭਰੀ

ਬੇਤਰਤੀਬੀ ਵਿਚ ਲਿਆ ਉਤਾਰਿਆ ਹੈ। ਇਸ ਸਭ ਕੁਝ ਦਾ ਪਸਾਰਾ ਸਾਡੀਆਂ ਜੜ੍ਹਾਂ ਦੇ ਧੁਰ ਅੰਦਰ ਤਕ ਪਹੁੰਚ ਗਿਆ ਹੈ। ਹਾਲਾਤ ਦਾ ਅਸਰ ਸਾਡੀ ਚੇਤਨਾ ਤੇ ਸਾਡੀਆਂ ਸੋਚਾਂ 'ਤੇ ਵੀ ਪਿਆ ਹੈ। ਅਸਲ ਵਿਚ ਮਨੁੱਖ ਦੀਆਂ ਜੜ੍ਹਾਂ ਦੇ ਅੰਦਰ ਅਤੀਤ ਦੀ ਰਹਿਤਲ ਵਿਚਲਾ ਕਈ ਕੁਝ ਸਾਹ ਲੈ ਰਿਹਾ ਹੁੰਦਾ ਹੈ। ਉਸੇ ਹਵਾ ਦੇ ਸਾਹਾਂ ਦੀ ਮਹਿਕ (ਜਿਸ ਤਰ੍ਹਾਂ ਦੀ ਵੀ ਹੋਵੇ) ਉਸਦੇ ਵਰਤਮਾਨ ਦੇ ਸਾਹਾਂ ਵਿਚ ਰਚੀ ਹੁੰਦੀ ਹੈ। ਉਧਰ ਬਾਹਰਲੇ ਪੌਣ ਪਾਣੀ ਤੇ ਖਾਧ-ਖੁਰਾਕ ਦਾ ਅਸਰ ਵੀ ਜੜ੍ਹਾਂ ਕਬੂਲ ਕਰਦੀਆਂ ਰਹਿੰਦੀਆਂ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਬਿਰਖ ਦੀਆਂ ਜੜ੍ਹਾਂ 'ਤੇ ਬਾਹਰਲੇ ਹਾਲਾਤ ਦਾ ਅਸਰ ਪੈਂਦਾ ਹੈ। ਇਸੇ ਰਸ ਰਸਾਈ ਜਾਂ ਕਸ਼ਮਕਸ਼ ਦੇ ਮੇਲ ਦਾ ਅਸਰ ਹੀ ਸਾਡਾ ਨਿੱਤ ਦਿਨ ਦਾ ਜੀਣ ਬਣ ਰਿਹਾ ਹੈ।

ਦੂਜੇ ਹਿੱਸੇ ਵਿਚਲੇ ਲੇਖ ਤਕਰੀਬਨ ਡੇਢ ਦਹਾਕਾ ਪਹਿਲਾਂ ਛਪਦੇ ਪੰਜਾਬੀ ਦੇ ਰਸਾਲੇ 'ਸੰਖ' ਵਿਚ ਛਪ ਚੁੱਕੇ ਹਨ। ਪੰਜਾਬੀ ਦਾ ਇਹ ਵਧੀਆ ਰਸਾਲਾ ਉਦੋਂ ਨਿਰੰਤਰਤਾ ਨਾਲ ਛਪਦਾ ਸੀ ਤੇ ਉਸ ਵਿਚ ਹਰ ਵਾਰ ਲਿਖਣ ਵਾਸਤੇ ਇਕ ਵਿਸ਼ਾ ਦਿੱਤਾ ਜਾਂਦਾ ਸੀ। ਉਸ ਵਿਸ਼ੇ ਬਾਰੇ ਲੇਖਕਾਂ ਵੱਲੋਂ ਲੇਖ, ਕਵਿਤਾ, ਕਹਾਣੀ ਆਦਿ ਯਾਨਿ ਕਿਸੇ ਵੀ ਵਿਧਾ ਵਿਚ ਲਿਖਿਆ ਜਾਂਦਾ ਸੀ। ਇਸ ਬਹਾਨੇ ਸਾਹਿਤ ਦੇ ਖੇਤਰ ਵਿਚ ਨਿਵੇਕਲੇ ਢੰਗ ਨਾਲ ਸਾਹਿਤ ਰਚਨਾ ਹੋ ਰਹੀ ਸੀ। ਉਨ੍ਹੀਂ ਦਿਨੀਂ 'ਸੰਖ' ਵਾਸਤੇ ਲਿਖੇ ਗਏ ਤੇ ਉਸ ਵਿਚ ਛਾਪੇ ਗਏ ਇਹ ਲੇਖ ਜੋ ਕਿਤਾਬ ਦੇ ਦੂਜੇ ਹਿੱਸੇ ਵਿਚ ਸ਼ਾਮਲ ਹਨ, ਵੀ ਸਾਡੀਆਂ ਜੜ੍ਹਾਂ ਦੇ ਵਿਚ ਵਿਚਾਲੇ ਦੇ ਸਫ਼ਰ ਨਾਲ ਸੰਬੰਧਤ ਹਨ।

*-ਅਰਤਿੰਦਰ ਸੰਧੂ*
**ਸੰਪਾਦਕ**
**ਸਾਹਿਤਕ ਏਕਮ**

## ਬੁਰਾ ਨਹੀਂ ਹੁੰਦਾ ਬੋਰ ਹੋਣਾ

ਅੱਜ ਕੱਲ੍ਹ ਅਕਸਰ ਬੱਚਿਆਂ ਨੂੰ ਕਹਿੰਦਿਆਂ ਸੁਣਦੇ ਹਾਂ ਕਿ ਅਸੀਂ ਬੋਰ ਹੋ ਰਹੇ ਹਾਂ। ਮੈਨੂੰ ਯਾਦ ਆਇਆ ਕਿ ਮੈਂ ਇਸ ਸ਼ਬਦ ਨੂੰ ਪਹਿਲੀ ਵਾਰ, ਕਾਲਜ ਪੜ੍ਹਦੇ ਸਮੇਂ ਸੁਣਿਆ ਸੀ। ਮੈਨੂੰ ਇਸਦਾ ਅਰਥ ਵੀ ਨਹੀਂ ਸੀ ਪਤਾ। ਮੈਂ ਸੋਚਦੀ ਰਹੀ, ਬੋਰ ਤਾਂ ਗਹਿਣਿਆਂ ਦੇ ਹੁੰਦੇ ਹਨ। ਫਿਰ ਜਦੋਂ ਵਾਰ-ਵਾਰ ਇਕੋ ਸ਼ਬਦ ਸੁਣਿਆ ਤਾਂ ਮਤਲਬ ਸਮਝ ਆਉਣ ਲੱਗਾ ਤੇ ਆਪਣੀ ਬੋਰੀਅਤ ਦੀ ਵੀ ਸਮਝ ਆਉਣ ਲੱਗੀ, ਜਿਹੜੀ ਆਪਣੇ ਬਚਪਨ ਵਿਚ ਬਹੁਤ ਘੱਟ ਸੀ ਕਿਉਂਕਿ ਦਿਮਾਗ਼ ਕਦੇ ਪੜ੍ਹਨ, ਕਦੇ ਖੇਡਣ ਵਿਚ ਰੁੱਝਾ ਹੀ ਰਹਿੰਦਾ ਸੀ। ਉਦੋਂ ਬਚਪਨ ਦਾ ਭੋਲਾਪਣ ਘਰ ਦੀਆਂ ਚੀਜ਼ਾਂ ਨੂੰ ਹੀ ਖਿਡੌਣੇ ਮੰਨ ਕੇ ਖ਼ੁਸ਼ ਹੋ ਜਾਂਦਾ ਸੀ। ਬਹੁਤੀ ਵਾਰ ਤਾਂ ਕਲਪਨਾ ਸ਼ਕਤੀ ਅਨੁਸਾਰ ਵਸਤਾਂ ਤੇ ਸਥਿਤੀਆਂ ਨੂੰ ਚਿਤਵ ਕੇ ਹੀ ਗੁਜ਼ਾਰਾ ਹੋ ਜਾਇਆ ਕਰਦਾ ਸੀ। ਜੇ ਸੱਚਮੁੱਚ ਕੋਈ ਖਿਡੌਣਾ ਮਿਲ ਜਾਂਦਾ ਤਾਂ ਉਹ ਬਹੁਤ ਕੀਮਤੀ ਹੁੰਦਾ ਸੀ। ਪਰ ਹੁਣ ਹਰੇਕ ਚੀਜ਼ ਬਹੁਲਤਾ ਵਿਚ ਮਿਲ ਜਾਣ ਕਰਕੇ ਮਨ ਵੀ ਜਲਦੀ ਹੀ ਅੱਕ ਜਾਂਦੇ ਹਨ।

ਇਹ ਵੀ ਨਹੀਂ ਕਿ ਸਿਰਫ਼ ਬੱਚੇ ਹੀ ਅੱਕਦੇ ਜਾਂ ਬੋਰ ਹੁੰਦੇ ਹਨ, ਵੱਡੇ ਵੀ ਅਕਸਰ ਉਕਤਾਹਟ ਮਹਿਸੂਸ ਕਰਦੇ ਹਨ। ਹਰ ਇਕ ਦਾ ਮੂਡ ਖ਼ਰਾਬ ਹੋਣ ਦੀ ਵਜ੍ਹਾ ਵੀ ਅਲੱਗ-ਅਲੱਗ ਹੋ ਸਕਦੀ ਹੈ ਪਰ ਇਹ ਵਿਸ਼ਾ ਇੰਨਾ ਸੀਮਤ ਨਹੀਂ ਕਿ ਇਸ ਨੂੰ ਇੰਨੀ ਕੁ ਗੱਲ ਵਿਚ ਸਮੇਟਿਆ ਜਾ ਸਕੇ। ਇਸ ਦੇ ਬੀਜ ਸਾਡੀ ਧਰਤੀ, ਸਾਡੇ ਵਾਯੂਮੰਡਲ ਵਿਚ ਵਿਆਪਕ ਰੂਪ ਵਿਚ ਖਿੱਲਰੇ ਪਏ ਹਨ ਤੇ ਇਸ ਤੋਂ ਪਾਰ ਬ੍ਰਹਿਮੰਡ ਵਿਚ ਵੀ ਹੋਣਗੇ। ਪਰ ਫ਼ਿਲਹਾਲ ਧਰਤੀ ਦੀ ਹੀ ਗੱਲ ਕਰਦੇ ਹਾਂ।

ਧਰਤੀ ਉਤਲੇ ਜੀਵਨ ਵਿਚ ਵਿਭਿੰਨਤਾ ਹੈ ਤੇ ਇਸ ਵਿਚ ਉਪਰੋਕਤ ਵਰਤਾਰਾ ਵੀ ਵਿਸ਼ਾਲ ਰੂਪ ਵਿਚ ਮਿਲਦਾ ਹੈ। ਧਰਤੀ ਦੇ ਵੱਖ-ਵੱਖ ਅੰਸ਼ਾਂ ਵੱਲ ਧਿਆਨ ਕਰਦੇ ਹਾਂ ਤਾਂ ਵੇਖਦੇ ਹਾਂ, ਪਾਣੀ ਵਹਿੰਦੇ ਹੀ ਖ਼ੁਸ਼ ਰਹਿੰਦੇ ਤੇ ਰਾਗਨੀਆਂ ਗਾਉਂਦੇ ਹਨ। ਖੜ੍ਹੇ ਪਾਣੀ ਤਰੱਕ ਜਾਂਦੇ ਹਨ ਤੇ ਉਨ੍ਹਾਂ 'ਤੇ ਕਿੰਨਾ ਸਾਰਾ ਜਾਲਾ ਤੇ ਜਰ ਆਦਿ ਪੈਦਾ ਹੋਣ ਲੱਗਦੇ ਹਨ। ਪਾਣੀ ਨੂੰ ਜ਼ਰਾ ਕੁ ਵੀ ਢਲਾਣ ਮਿਲੇ ਤਾਂ ਉਹ ਫਟਾਫਟ ਵਹਿ ਤੁਰਦਾ ਹੈ। ਹਵਾ ਰੁਕੀ ਹੈ ਤਾਂ ਹੁੰਮਸ ਪੈਦਾ ਹੁੰਦਾ ਹੈ ਤੇ ਉਸ ਸਥਿਤੀ ਵਿਚੋਂ ਨਿਕਲਣ ਵਾਸਤੇ ਉਹ ਹਨ੍ਹੇਰੀ ਬਣਦੀ ਹੈ। ਕੁਝ ਵਰ੍ਹੇ ਖ਼ਾਲੀ ਪਈ ਧਰਤੀ 'ਤੇ ਫ਼ਸਲ ਬੀਜੀ ਜਾਵੇ ਤਾਂ ਭਰਪੂਰਤਾ ਨਾਲ ਉੱਗਦੀ ਹੈ। ਜੰਗਲ ਦੇ ਸੜਨ ਪਿੱਛੋਂ ਬਹੁਤ ਤੇਜ਼ੀ ਨਾਲ ਬਨਸਪਤੀ ਮੁੜ ਉੱਗਦੀ ਹੈ। ਇਨ੍ਹਾਂ ਸਭ ਵਰਤਾਰਿਆਂ ਦੇ ਵਿਗਿਆਨਕ ਸਪੱਸ਼ਟੀਕਰਨ ਦਿੱਤੇ ਜਾ

ਸਕਦੇ ਹਨ। ਪਰ ਸਮੁੱਚੇ ਤੌਰ ’ਤੇ ਇਹ ਕੁਦਰਤ ਦਾ ਸੁਭਾਅ ਹੈ ਕਿ ਜਦੋਂ ਵੀ ਉਕਤਾਹਟ ਜਾਂ ਬੋਰੀਅਤ ਪੈਦਾ ਹੁੰਦੀ ਹੈ ਯਾਨਿ ਖੜੋਤ ਪੈਦਾ ਹੁੰਦੀ ਹੈ ਤਾਂ ਉਹ ਗਤੀ ਵਿਚ ਆਉਂਦੀ ਹੈ। ਫਿਰ ਉਹ ਗਤੀ ਸਿਰਜਣਾਤਮਕ ਵੀ ਹੋ ਸਕਦੀ ਹੈ ਤੇ ਤਬਾਹਕੁੰਨ ਵੀ। ਇਸ ਪੱਧਰ ’ਤੇ ਸੋਚਦਿਆਂ ਮੌਸਮਾਂ ਦੇ ਬਦਲਣ ਨੂੰ ਵੀ ਇਵੇਂ ਮੰਨ ਸਕਦੇ ਹਾਂ।

ਧਰਤੀ ਸਿਰਜਣਾਤਮਕਤਾ ਦਾ ਵਿਸ਼ਾਲ ਅੰਬਾਰ ਹੈ ਤੇ ਸਿਰਜਣਸ਼ੀਲਤਾ ਦੀ ਇਸ ਪ੍ਰਕਿਰਿਆ ਦੌਰਾਨ, ਕੁਝ ਕੁ ਬਿੰਦੂ ਅਜਿਹੇ ਵੀ ਆਉਂਦੇ ਹਨ ਤੇ ਇਸ ਤਰ੍ਹਾਂ, ਕਿ ਚੱਲ ਰਹੇ ਵਰਤਾਰੇ ਦਾ ਸੁਭਾਅ ਬਦਲੇ। ਅਸੀਂ ਵੀ ਧਰਤੀ ਦੇ ਜੀਵ ਹਾਂ ਤੇ ਇਸ ਕੁਦਰਤ ਦਾ ਹੀ ਇਕ ਹਿੱਸਾ ਹਾਂ। ਸੋ ਸਾਡੇ ਅੰਦਰ ਵੀ ਅਜਿਹੀਆਂ ਕਿਰਿਆਵਾਂ ਦਾ ਵਾਪਰਨਾ ਸਾਡੇ ਅੰਦਰਲੀ ਕੁਦਰਤ ਦੇ ਸੁਭਾਅ ਕਾਰਨ ਹੀ ਹੈ। ਇਹ ਬੋਰ ਹੋਣਾ ਜਾਂ ਉਕਤਾਉਣਾ ਵੀ ਇਸੇ ਤਰ੍ਹਾਂ ਦਾ ਵਰਤਾਰਾ ਹੈ ਤੇ ਸੋਚਵਾਨ ਇਨਸਾਨ ਦੀ ਜਗਿਆਸਾ ਇਸ ਬਾਰੇ ਵੀ ਮਨ ਨੂੰ ਟੁੰਬਦੀ ਰਹਿੰਦੀ ਹੈ। ਇਸ ਵਰਤਾਰੇ ਦੇ ਅਸਰ ਨੂੰ ਸਮਝਣ ਵਾਸਤੇ ਇਕ ਜਗਿਆਸੂ ਖੋਜਕਾਰ ਪੀਟਰ ਤੂਹੇ ਨੇ ਇਕ ਪੁਸਤਕ ਲਿਖੀ ਹੈ, ਜਿਸ ਵਿਚ ਉਸ ਨੇ ਆਪਣੇ ਤਜਰਬੇ ਅੰਕਿਤ ਕੀਤੇ ਹਨ। ਤੂਹੇ ਕੈਨੇਡਾ ਦੇ ਕੈਲਗਰੀ ਵਿਸ਼ਵਵਿਦਿਆਲੇ ਵਿਚ ਕਲਾਸੀਕਲ ਹਿਸਟਰੀ ਦਾ ਪ੍ਰੋਫ਼ੈਸਰ ਹੈ। ਜਦੋਂ ਉਸਨੇ ਆਪਣੇ ਪ੍ਰਕਾਸ਼ਕ ਨੂੰ ਬੋਰੀਅਤ (Boredom) ਬਾਰੇ ਇਕ ਪੁਸਤਕ ਲਿਖਣ ਸੰਬੰਧੀ ਆਪਣੇ ਵਿਚਾਰ ਦੀ ਗੱਲ ਕੀਤੀ ਤਾਂ ਪ੍ਰਕਾਸ਼ਕ ਘਬਰਾ ਗਿਆ ਕਿ ਅਜਿਹੀ ਕਿਤਾਬ ਕੌਣ ਪੜ੍ਹੇਗਾ। ਪਰ ਜਦੋਂ ਤੂਹੇ ਨੇ ਆਪਣੀ ਕਿਤਾਬ ‘ਬੋਰੀਅਤ : ਇਕ ਜੀਵੰਤ ਇਤਿਹਾਸ’ (Boredom a lively history) ਲਿਖੀ ਤਾਂ ਪ੍ਰਕਾਸ਼ਕ ਦੇ ਵਿਚਾਰ ਹੀ ਬਦਲ ਗਏ।

ਉਸਨੇ ਲਿਖਿਆ ਕਿ ਲੋਕ ਬੋਰੀਅਤ ਨੂੰ ਪਸੰਦ ਨਹੀਂ ਕਰਦੇ। ਕੋਈ ਵੀ ਉਕਤਾਉਣਾ ਨਹੀਂ ਚਾਹੁੰਦਾ, ਭਾਵੇਂ ਕਿ ਇਹ ਵਿਸ਼ਵ ਵਿਆਪੀ ਮਨੁੱਖੀ ਵਰਤਾਰਾ ਹੈ। ਤੂਹੇ ਮੰਨਦਾ ਹੈ ਕਿ ਅਜੋਕੇ ਟੈਕਨਾਲੋਜੀ ਦੇ ਦੌਰ ਵਿਚ ਬੋਰੀਅਤ ਨੂੰ ਨਾਂਹਪੱਖੀ ਵਰਤਾਰਾ ਮੰਨਿਆ ਜਾਂਦਾ ਹੈ। ਮਨੋਵਿਗਿਆਨੀਆਂ ਨੇ ਵੀ ਇਧਰ ਧਿਆਨ ਨਹੀਂ ਦਿੱਤਾ ਜਾਪਦਾ। ਯੂ.ਕੇ. ਤੋਂ ਸਾਊਥਹੈਂਪਟਨ ਦੇ ਸਮਾਜਿਕ ਮਨੋਵਿਗਿਆਨੀ ਵਿਜੰਦ ਵੈਨ ਤਿਲਬਰਗ ਦਾ ਕਹਿਣਾ ਹੈ ਕਿ ਮੈਂ ਖ਼ੁਦ ਹੈਰਾਨ ਹਾਂ ਕਿ ਇਸ ਵਿਸ਼ੇ ’ਤੇ ਨਾਂਹ ਦੇ ਬਰਾਬਰ ਖੋਜ ਕੀਤੀ ਗਈ ਹੈ। ਫਿਰ ਤਿਲਬਰਗ ਨੇ ਸਾਊਥ ਹੈਂਪਟਨ ਯੂਨੀਵਰਸਿਟੀ (ਇੰਗਲੈਂਡ) ਵਿਚਲੇ ਆਪਣੇ ਸਾਥੀ ਐਰਿਕ ਆਇਗੂ ਨਾਲ ਮਿਲ ਕੇ ਇਸ ਬੇਧਿਆਨੀ ਵਿਚ ਪਏ ਵਿਸ਼ੇ ਬਾਰੇ ਕੰਮ ਆਰੰਭਿਆ।

ਅਜੇ ਤਕ ਪ੍ਰਾਪਤ ਜਾਣਕਾਰੀਆਂ ਅਨੁਸਾਰ, ਜਿਹੜੇ ਲੋਕ ਜਲਦੀ ਉਕਤਾ ਜਾਂਦੇ ਹਨ ਜਾਂ ਬੋਰ ਹੋ ਜਾਂਦੇ ਹਨ, ਉਹ ਆਮ ਤੌਰ ’ਤੇ ਡਿਪ੍ਰੈਸ਼ਨ ਦੇ ਸ਼ਿਕਾਰ, ਫ਼ਿਕਰ ਵਾਲੇ ਸੁਭਾਅ ਦੇ ਜਾਂ ਝਗੜਾਲੂ ਪ੍ਰਵਿਰਤੀ ਦੇ ਹੁੰਦੇ ਹਨ ਤੇ ਜਾਂ ਫਿਰ ਜੂਏ ਵਰਗੀਆਂ ਇਲਤਾਂ ਦੇ ਸ਼ਿਕਾਰ ਹੁੰਦੇ ਹਨ। ਪਰ ਕੁਝ ਅਧਿਐਨ ਵਧੇਰੇ ਬੋਰੀਅਤ ਦੇ ਸ਼ਿਕਾਰ ਲੋਕਾਂ ਵਿਚ ਡੋਪਾਮਾਈਨ ਦੀ ਪੱਧਰ ਦੇ ਘੱਟ ਹੋਣ ਨੂੰ ਵੀ ਮੰਨਦੇ ਹਨ। ਡੋਪਾਮਾਈਨ ਇਕ ਅਜਿਹਾ

ਹਾਰਮੋਨ ਹੈ, ਜੋ ਮਨੁੱਖੀ ਦਿਮਾਗ਼ 'ਤੇ ਅਸਰ ਕਰਕੇ ਖ਼ੁਸ਼ੀ ਵਾਲਾ ਅਹਿਸਾਸ ਦਿੰਦਾ ਹੈ। ਪਰ ਉਹ ਉਸ ਬੋਰੀਅਤ ਨੂੰ ਮਾੜਾ ਨਹੀਂ ਮੰਨਦੇ, ਜਿਹੜਾ ਤੁਹਾਨੂੰ ਸੁਪਰ ਮਾਰਕੀਟ ਦੀ ਲੰਬੀ ਕਤਾਰ ਜਾਂ ਕਿਸੇ ਵਧੇਰੇ ਹੀ ਲਮਕ ਗਈ ਮੀਟਿੰਗ ਆਦਿ ਵਿਚ ਹੁੰਦਾ ਹੈ। ਤਿਲਬਰਗ ਕਹਿੰਦਾ ਹੈ 'ਅਸੀਂ ਹੈਰਾਨ ਹੁੰਦੇ ਸਾਂ ਕਿ ਬੋਰੀਅਤ ਦਾ ਕੋਈ ਹਾਂ-ਪੱਖੀ ਅਸਰ ਵੀ ਹੋ ਸਕਦਾ ਹੈ'!

ਬੋਰੀਅਤ ਵਾਲੀਆਂ ਸਥਿਤੀਆਂ ਦਾ ਅਧਿਐਨ ਕਰਦਿਆਂ ਮਨੋਵਿਗਿਆਨੀਆਂ ਨੇ ਮਹਿਸੂਸ ਕੀਤਾ ਕਿ ਜ਼ਿੰਦਗੀ ਦੇ ਅਰਥਾਂ ਨੂੰ ਸਮਝਣ ਤੇ ਵਧੇਰੇ ਸਪਸ਼ਟ ਕਰਨ ਵਿਚ ਉਕਤਾਹਟ ਜਾਂ ਬੋਰੀਅਤ ਦਾ ਰੋਲ ਫ਼ਾਇਦੇਮੰਦ ਹੋ ਸਕਦਾ ਹੈ।

ਉਸ ਨੇ ਨਤੀਜਾ ਕੱਢਿਆ ਕਿ ਆਮ ਤੌਰ 'ਤੇ ਉਕਤਾਹਟ ਵਿਚ ਇਨਸਾਨ ਸਮਝ ਸਕਦਾ ਹੈ ਕਿ ਉਸ ਵਾਸਤੇ ਕਿਹੜੇ ਕੰਮ ਵਧੇਰੇ ਮਹੱਤਵਪੂਰਨ ਹਨ ਤੇ ਉਹ ਗ਼ੈਰ-ਜ਼ਰੂਰੀ ਕੰਮਾਂ ਨੂੰ ਲਾਂਭੇ ਕਰ ਸਕਦਾ ਹੈ। ਇਹ ਸਾਡੇ ਵਾਸਤੇ ਇਕ ਭਾਵਨਾਤਮਕ ਇਸ਼ਾਰਾ (ਸਿਗਨਲ) ਹੈ ਕਿ ਕਿਹੜੇ ਕੰਮ ਸਾਡੇ ਵਾਸਤੇ ਅਰਥਪੂਰਨ ਨਹੀਂ।

ਕੁਝ ਸਾਲ ਪਹਿਲਾਂ ਹੋਈ ਖੋਜ ਤੋਂ ਇਹ ਇਸ਼ਾਰਾ ਵੀ ਮਿਲਦਾ ਹੈ ਕਿ ਉਕਤਾਹਟ ਸਾਡੇ ਜ਼ਿਹਨ ਨੂੰ ਤਾਜ਼ਗੀ ਦੇ ਕੇ ਉਸਾਰੂ ਕੰਮਾਂ ਵੱਲ ਤੋਰਦੀ ਹੈ। ਪਿਛਲੇ ਕੁਝ ਸਾਲਾਂ ਵਿਚ ਵਿਗਿਆਨੀਆਂ ਨੇ ਮਨੁੱਖਾਂ ਵਿਚ ਇਕ ਅਜਿਹੀ ਸਥਿਤੀ ਦੀ ਪਛਾਣ ਕੀਤੀ ਹੈ, ਜਿਸ ਨੂੰ ਉਨ੍ਹਾਂ ਨੇ ਡੀਫਾਲਟ ਨੈੱਟਵਰਕ ਦਾ ਨਾਂ ਦਿੱਤਾ ਹੈ। ਇਹ ਉਦੋਂ ਹੀ ਕਾਰਜਸ਼ੀਲ ਹੁੰਦਾ ਹੈ, ਜਦੋਂ ਅਸੀਂ ਕਿਸੇ ਕੰਮ ਵਿਚ ਰੁੱਝੇ ਨਹੀਂ ਹੁੰਦੇ, ਯਾਨਿ ਬੋਰ ਹੋ ਰਹੇ ਹੁੰਦੇ ਹਾਂ। ਦੂਜੇ ਸ਼ਬਦਾਂ ਵਿਚ ਵਿਗਿਆਨੀਆਂ ਨੇ ਮੰਨਿਆ ਕਿ ਉਕਤਾਉਣਾ ਜਾਂ ਬੋਰ ਹੋਣਾ ਮਤਲਬ ਜ਼ਿਹਨ ਦਾ ਕਾਰਜਸ਼ੀਲ ਨਾ ਹੋਣਾ। ਪਰ ਅਸਲ ਵਿਚ ਬੇਧਿਆਨੀ ਵਿਚ ਅਸੀਂ ਦਿਨ ਦਿਹਾੜੇ ਸੁਪਨੇ ਲੈ ਰਹੇ ਹੁੰਦੇ ਹਾਂ ਤੇ ਸਾਡਾ ਦਿਮਾਗ਼ ਇਕ ਸ਼ਕਤੀਸ਼ਾਲੀ ਬਿਜਲਈ ਗੱਲਬਾਤ ਵਿਚ ਰੁੱਝਾ ਹੁੰਦਾ ਹੈ। ਇਸ ਕਾਰਜ ਦਾ ਸੰਬੰਧ ਦਿਮਾਗ਼ ਦੇ ਸਾਹਮਣੇ ਹਿੱਸੇ (frontal areas of cortex) ਨਾਲ ਜੁੜਿਆ ਹੁੰਦਾ ਹੈ।

ਇਹ ਕਿਉਂ ਹੈ ?

ਇਕ ਵਿਚਾਰ ਤਾਂ ਇਹ ਹੈ ਕਿ ਜ਼ਿਹਨ ਉਸ ਵੇਲੇ ਖ਼ੁਦ ਦੀ ਸੰਭਾਲ ਵਿਚ ਰੁੱਝਾ ਹੁੰਦਾ ਹੈ। ਦੂਜਾ ਵਿਚਾਰ ਇਹ ਕਹਿੰਦਾ ਹੈ ਕਿ ਜ਼ਿਹਨ ਉਸ ਵਕਤ ਇਧਰ, ਉਧਰ ਦੇ ਖ਼ਿਆਲਾਂ ਨਾਲ ਜੁੜ ਕੇ ਨਵੀਆਂ ਚੁਣੌਤੀਆਂ ਵਾਸਤੇ ਤਿਆਰ ਹੋ ਰਿਹਾ ਹੁੰਦਾ ਹੈ। ਬਾਹਰੀ ਦੁਨੀਆ ਨੂੰ ਹੁੰਗਾਰਾ ਦੇਣ ਤੋਂ ਖ਼ੁਦ ਨੂੰ ਰੋਕ ਕੇ, ਇਹ ਆਪਣੇ ਆਪ ਨੂੰ ਪਰਖ ਰਿਹਾ ਹੁੰਦਾ ਹੈ।

ਅਮਰੀਕਾ ਦੇ ਸਾਂਤਾ ਬਾਰਬਰਾ ਵਿਖੇ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਵਿਚ ਬੈਂਜਾਮਿਨ ਬੇਅਰਡ ਤੇ ਜੋਨਾਥਨ ਸਕੂਲਰ ਵੱਲੋਂ ਬੋਰੀਅਤ ਤੇ ਕਿਰਿਆਸ਼ੀਲਤਾ ਦੇ ਆਪਸੀ ਸੰਬੰਧਾਂ ਬਾਰੇ ਇਕ ਤਜਰਬਾ ਕੀਤਾ ਗਿਆ, ਜੋ ਅਜਿਹੇ ਅਨੇਕ ਤਜਰਬਿਆਂ ਵਿਚੋਂ ਇਕ ਸੀ।

ਖੋਜਕਾਰਾਂ ਨੇ ਇਕ ਸੌ ਪੰਜਤਾਲੀ ਵਿਦਿਆਰਥੀਆਂ ’ਤੇ ਇਕ ਸਟੈਂਡਰਡ ਕਿਰਿਆਸ਼ੀਲਤਾ ਟੈਸਟ (standard creativity test) ਕੀਤਾ, ਜਿਸ ਦਾ ਨਾਂ ਉਨ੍ਹਾਂ ਨੇ Unusal use (ਖ਼ਾਸ ਵਰਤੋਂ) ਰੱਖਿਆ। ਇਸ ਵਿਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦਿੱਤੇ ਗਏ ਵਕਤ ਵਿਚ ਕੁਝ ਆਮ ਵਸਤਾਂ, ਜਿਵੇਂ ਟੁੱਥ ਪਿਕਸ ਤੇ ਇੱਟਾਂ ਆਦਿ ਬਾਰੇ ਲਿਖਣ ਨੂੰ ਕਿਹਾ ਕਿ ਇਨ੍ਹਾਂ ਦੇ ਜਿੰਨੇ ਫ਼ਾਇਦੇ ਗਿਣਾ ਸਕੋ, ਲਿਖੋ।

ਇਸ ਤੋਂ ਪਿੱਛੋਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਚਾਰ ਟੋਲਿਆਂ ਵਿਚ ਵੰਡਿਆ। ਇਕ ਟੋਲੇ ਨੂੰ ਬਹੁਤ ਹੀ ਅਕਾਊ ਕੰਮ ਦਿੱਤਾ ਕਿ ਉਨ੍ਹਾਂ ਦੇ ਦਿਮਾਗ਼ ਇਧਰ ਉਧਰ ਦੀਆਂ ਗੱਲਾਂ ਸੋਚਦੇ ਰਹਿਣ। ਜਦੋਂ ਕਿ ਦੂਜਿਆਂ ਨੂੰ ਪੂਰੇ ਰੁਝੇਵੇਂ ਵਾਲਾ ਕੰਮ ਦਿੱਤਾ। ਟੈਸਟ ਦੇ ਦੂਜੇ ਹਿੱਸੇ ਵਿਚ ਜਿਹੜੇ ਗਰੁੱਪ ਨੂੰ ਬਹੁਤ ਬੋਰ ਹੋਣ ਵਾਲਾ ਕੰਮ ਦਿੱਤਾ ਗਿਆ ਸੀ। ਉਨ੍ਹਾਂ ਨੇ ਦੂਜੇ ਗਰੁੱਪ, ਜਿਸ ਨੂੰ ਦਿਲਚਸਪੀ ਵਾਲਾ ਕੰਮ ਦਿੱਤਾ ਗਿਆ ਸੀ, ਨਾਲੋਂ ਬਹੁਤ ਜ਼ਿਆਦਾ ਨੰਬਰ ਪ੍ਰਾਪਤ ਕੀਤੇ। ਯਾਨਿ ਬਾਰਾਂ ਮਿੰਟ ਦੀ ਉਕਤਾਹਟ ਜਾਂ ਬੋਰੀਅਤ ਜਾਂ ਇਧਰ ਉਧਰ ਦੀਆਂ ਗੱਲਾਂ ਸੋਚਣ ਤੇ ਵਾਧੂ ਦੇ ਸੁਪਨੇ ਲੈਣ ਪਿੱਛੋਂ ਇਕਤਾਲੀ ਪ੍ਰਤੀਸ਼ਤ ਵੱਧ ਸੰਭਾਵਨਾ ਭਰਪੂਰ ਨਤੀਜੇ ਦਿੱਤੇ।

ਜੇ ਬੋਰ ਹੋਣ ਜਾਂ ਉਕਤਾਉਣ ਦੀ ਕਿਰਿਆ ਸਾਡੇ ਵਾਸਤੇ ਇੰਨੀ ਫ਼ਾਇਦੇਮੰਦ ਹੈ ਤਾਂ ਸਾਡਾ ਹਰ ਵੇਲੇ ਤਕਨਾਲੋਜੀ ਨਾਲ ਰੁੱਝੇ ਰਹਿਣ ਦਾ ਰੁਝਾਨ ਫ਼ਿਕਰ ਲਾਉਣ ਵਾਲਾ ਹੈ। ਯੂ.ਕੇ. ਦੀ ਯੂਨੀਵਰਸਿਟੀ ਆਫ਼ ਈਸਟ ਐਂਜਲੀਆ (University of east Angila) ਦੀ ਟਰੇਸਾ, ਬੈਲਟਨ ਅਜੋਕੇ ਬੋਰ ਹੋਣ ਦੇ ਰੁਝਾਨ ਵੱਲ ਵਧਦੀ ਅਸਹਿਣਸ਼ੀਲਤਾ ਪ੍ਰਤੀ ਸੋਚਣ ਵਾਲੇ ਖੋਜਕਾਰਾਂ ਵਿਚੋਂ ਇਕ ਹੈ। ਬੱਚਿਆਂ ਵਿਚ ਟੈਲੀਵਿਜ਼ਨ ਤੇ ਕਹਾਣੀਆਂ ਸੁਣਨ ਦੇ ਰੁਝਾਨ ਨੂੰ ਵੀ ਉਹ ਕਲਪਨਾਸ਼ੀਲਤਾ ਦੀ ਕਮੀ ਨਾਲ ਜੋੜਦੀ ਹੈ। ਉਸ ਦਾ ਮੰਨਣਾ ਹੈ ਕਿ ਲਗਾਤਾਰ, ਦਿਲ ਬਹਿਲਾਵੇ ਦੇ ਕਾਰਜ ਵਿਚ ਰੁੱਝੇ ਰਹਿਣਾ, ਸਾਡੇ ਦਿਮਾਗ਼ ਦੀ ਆਪਣੇ ਵਾਸਤੇ ਵਸੀਲੇ ਪੈਦਾ ਕਰਨ ਦੀ ਪ੍ਰਤਿਭਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਹ ਮੰਨਦੀ ਹੈ ਕਿ ਉਕਤਾਉਣਾ ਜਾਂ ਬੋਰ ਹੋਣਾ ਇਕ ਬੇਆਰਾਮੀ ਵਾਲੀ ਸਥਿਤੀ ਹੈ, ਜਿਸ ਨੂੰ ਮਨੁੱਖੀ ਮਨ ਪਸੰਦ ਨਹੀਂ ਕਰਦਾ। ਪਰ ਇਹ ਸਥਿਤੀ ਕਾਰਜਸ਼ੀਲਤਾ ਨੂੰ ਉਕਸਾਉਣ ਵਾਲੀ ਹੋ ਸਕਦੀ ਹੈ, ਜੇ ਸਾਡੇ ਕੋਲ ਇਸ ਨਾਲ ਉਸਾਰੂ ਢੰਗ ਨਾਲ ਨਿਭਣ ਦੀ ਸਮਰੱਥਾ ਹੋਵੇ ਤਾਂ। ਉਸ ਦਾ ਮੰਨਣਾ ਹੈ ਕਿ ਬੋਰੀਅਤ ਵਿਚੋਂ ਨਿਕਲਣ ਵਾਸਤੇ ਟੀ.ਵੀ. ਦੇਖਣ ਲੱਗ ਪੈਣਾ ਜਾਂ ਮੋਬਾਈਲ ਪਕੜ ਕੇ ਬੈਠ ਜਾਣਾ, ਕੁਝ ਵੀ ਨਾ ਕਰਨ ਵਰਗਾ ਹੈ।

ਬੈਲਟਨ ਨੇ ਵੱਖ-ਵੱਖ ਖੇਤਰ ਦੀਆਂ ਕਲਾਵਾਂ ਨਾਲ ਸੰਬੰਧਤ ਸ਼ਖ਼ਸੀਅਤਾਂ ਜਿਵੇਂ ਕਲਾਕਾਰ ਗਰੇਅਨ ਪੈਰੀ ਅਤੇ ਕਿਊਟਰੋ ਵਿਗਿਆਨੀ ਸੂਸਨ ਗ੍ਰੀਨਫੀਲਡ ਸਮੇਤ ਕਈ ਸ਼ਖ਼ਸੀਅਤਾਂ ’ਤੇ ਬੋਰੀਅਤ ਦੇ ਅਸਰ ਸੰਬੰਧੀ ਅਧਿਐਨ ਕੀਤਾ। ਉਹ ਸਭ ਇਸ ਤੱਥ ਨਾਲ ਸਹਿਮਤ ਸਨ ਕਿ ਬਾਲਪਨ ਵਿਚ ਉਕਤਾਉਣ ਦੀ ਸਥਿਤੀ ਨੇ ਉਨ੍ਹਾਂ ਦੇ ਅੰਦਰਲੀ ਕਾਰਜਸ਼ੀਲਤਾ ਨੂੰ ਉਕਸਾਇਆ ਤੇ ਅਜੇ ਵੀ ਇਹੋ ਸਥਿਤੀ, ਉਨ੍ਹਾਂ ਦੀ

ਕਿਰਿਆਸ਼ੀਲਤਾ ਵਾਸਤੇ ਜਾਨਦਾਰ ਮਦਦ ਹੈ। ਉਦਾਹਰਣ ਵਜੋਂ ਗ੍ਰੀਨਫੀਲਡ ਉਨ੍ਹਾਂ ਪਲਾਂ ਦਾ ਆਨੰਦ ਨਾਲ ਜ਼ਿਕਰ ਕਰਦੀ ਹੈ, ਜਦੋਂ ਬੁਝਾਰਤਾਂ ਬੁਝਦਿਆਂ, ਜ਼ਿਹਨ ਆਪਣੇ ਆਪ ਚੁਸਤੀ ਫੁਰਤੀ ਨਾਲ ਸੋਚਣ ਲੱਗਦਾ ਹੈ। ਉਹ ਮੰਨਦੀ ਹੈ ਕਿ ਲੰਬੀਆਂ ਹਵਾਈ ਉਡਾਣਾਂ ਦੌਰਾਨ ਉਹ ਲੈਪਟੌਪ ਦੀ ਬਜਾਏ ਕਾਗ਼ਜ਼ ਤੇ ਕਲਮ ਨਾਲ ਲੈਸ ਰਹਿੰਦੀ ਹੈ।

ਹੁਣ ਸੋਚੀਏ ਤਾਂ ਸਾਡੇ ਵਾਲੀ ਪੀੜ੍ਹੀ ਕੋਲ ਬਾਜ਼ਾਰ ਤੋਂ ਖ਼ਰੀਦੇ ਖਿਡਾਉਣੇ ਘੱਟ ਹੀ ਹੁੰਦੇ ਸਨ। ਉਦੋਂ ਬੱਚੇ ਸਹਿਜ ਸੁਭਾਅ ਆਪਣੀ ਕਲਪਨਾ ਨਾਲ ਆਮ ਚੀਜ਼ਾਂ ਨੂੰ ਖਿਡੌਣੇ ਬਣਾ ਲੈਂਦੇ ਸਨ, ਕੋਈ ਬੱਚਾ ਇਕ ਸੋਟੀ ਨੂੰ ਅੱਗਿਉਂ ਫੜ ਕੇ ਆਪਣੀਆਂ ਦੋਵਾਂ ਲੱਤਾਂ ਵਿਚਕਾਰ ਘੜੀਸਦਾ ਤੁਰਿਆ ਜਾਂਦਾ ਤੇ ਸੋਟੀ ਨੂੰ ਘੋੜਾ ਚਿਤਵਦਾ ਬੋਲਦਾ ਜਾਂਦਾ।

ਤੱਤਾ ਤੱਤਾ ਘੋੜਿਆ ਗੁਲਾਬੀ ਫੁੱਲ ਤੋੜਿਆ

ਮੈਨੂੰ ਯਾਦ ਹੈ, ਉਦੋਂ ਕਾਨੇ ਆਮ ਤੌਰ ’ਤੇ ਮਿਲ ਜਾਂਦੇ ਸਨ ਤੇ ਕਾਨੇ ਨੂੰ ਛਿੱਲ ਕੇ ਉਸਦੇ ਲੰਬੇ ਛਿਲਕਿਆਂ ਨੂੰ ਗੁੱਦੇ ਦੇ ਟੋਟਿਆਂ ਵਿਚ ਅੜਾ ਕੇ ਕਦੇ ਮੰਜਾ ਬਣਾ ਲੈਣਾ, ਕਦੇ ਕੁਰਸੀ, ਮੇਜ਼ ਜਾਂ ਕਦੇ ਕੁਝ ਹੋਰ।

ਕਾਗ਼ਜ਼ਾਂ ਨੂੰ ਖ਼ਾਸ ਤਰੀਕੇ ਨਾਲ ਤਹਿ ਕਰਕੇ ਖੇਡਾਂ ਬਣਾ ਲੈਣੀਆਂ। ਹੋਰ ਨਹੀਂ ਤਾਂ ਕੁੜੀਆਂ ਨੇ ਕਿਸੇ ਵਡੇਰੀ ਸਵੈਟਰ ਉਣਦੀ ਕੋਲੋਂ ਉੱਨ ਦਾ ਧਾਗਾ ਲੈਣਾ ਤੇ ਹੱਥਾਂ ’ਤੇ ਪਾ ਕੇ ਵੱਖ-ਵੱਖ ਤਰ੍ਹਾਂ ਦੇ ਨਮੂਨੇ ਬਣਾਉਂਦੇ ਰਹਿਣਾ। ਪਿੰਡਾਂ ਵਿਚ ਜਿਥੇ ਸਹੂਲਤਾਂ ਦੀ ਹੋਰ ਵੀ ਘਾਟ ਹੁੰਦੀ ਸੀ, ਉਥੇ ਸਿਰਜਣ ਸ਼ਕਤੀ ਦਾ ਕਮਾਲ ਦੇਖਿਆ ਹੈ। ਬਚਪਨ ਵਿਚ ਕੁੜੀਆਂ ਵੱਲੋਂ ਕੱਚ ਦੀ ਖ਼ਾਲੀ ਬੋਤਲ ਦੇ ਅੰਦਰ ਨਿੱਕੀ ਜਿਹੀ ਮੰਜੀ ਉਣੀ ਹੋਈ ਕਈ ਘਰਾਂ ਵਿਚ ਦੇਖੀ ਸੀ, ਜੋ ਕੁੜੀਆਂ ਬੜੇ ਹੁਨਰ ਨਾਲ ਬੋਤਲ ਦੇ ਮੂੰਹ ਵੱਲੋਂ ਇਕ ਲੰਬੀ ਸਿਲਾਈ ਦੀ ਮਦਦ ਨਾਲ ਉਣਦੀਆਂ ਸਨ। ਕੋਈ ਪੰਜਾਹ ਸੱਠ ਸਾਲ ਪਹਿਲਾਂ ਜਦੋਂ ਅਜੇ ਸਾਰੀਆਂ ਜ਼ਮੀਨਾਂ ਆਬਾਦ ਨਹੀਂ ਸਨ ਹੋਈਆਂ, ਮਧਰੇ ਜਿਹੇ ਖਜੂਰਾਂ ਦੇ ਬੂਟੇ ਖ਼ਾਲੀ ਥਾਵਾਂ ’ਤੇ ਉੱਗੇ ਰਹਿੰਦੇ ਸਨ। ਕੁੜੀਆਂ, ਖਜੂਰਾਂ ਦੇ ਪੱਤੇ (ਖੱਗੇ) ਸੁਕਾ ਕੇ, ਉਨ੍ਹਾਂ ਨੂੰ ਸਾਫ਼ ਕਰ ਕੇ ਵੱਖਰੇ-ਵੱਖਰੇ ਰੰਗਾਂ ਵਿਚ ਰੰਗ ਲੈਂਦੀਆਂ, ਫਿਰ ਕਾਫ਼ੀ ਮਾਤਰਾ ਵਿਚ ਬਾਹਰ ਉੱਗੀ ਹੋਈ ਦੱਬ੍ਹ ਦੇ ਬਰੀਕ ਪੱਤੇ ਸੁਕਾ ਲੈਂਦੀਆਂ ਤੇ ਇਨ੍ਹਾਂ ਦੁਆਲੇ ਰੰਗ-ਬਰੰਗੇ ਖੱਗੇ ਲਪੇਟ ਕੇ ਗੰਧੂਈ ਤੇ ਧਾਗੇ ਦੀ ਮਦਦ ਨਾਲ ਖ਼ੂਬਸੂਰਤ ਚੰਗੇਰਾਂ, ਛਿੱਕੂ, ਟੋਕਰੀਆਂ ਆਦਿ ਬਣਾ ਲੈਂਦੀਆਂ ਸਨ। ਵਿਹਲ ਵਿਚ ਮਿਹਨਤ ਦੀ ਸੁਚੱਜੀ ਵਰਤੋਂ ਨਾਲ ਤੇ ਘਰ ਵਿਚ ਹੀ ਮੁਫ਼ਤ ਮਿਲਦੇ ਕੱਚੇ ਮਾਲ ਨਾਲ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਲੈਂਦੀਆਂ ਸਨ। ਕੁੜੀਆਂ ਵੱਲੋਂ ਘਰ ਕੱਤੇ ਤੇ ਬਣਾਏ ਸੂਤ ਨੂੰ ਰੰਗ ਕੇ, ਖੱਦਰ ’ਤੇ ਬਾਗ਼ ਫੁਲਕਾਰੀਆਂ ਕੱਢਣਾ ਵੀ ਵਿਹਲ ਨੂੰ ਮਿਹਨਤ ਦਾ ਚੋਗ ਪਾ ਕੇ ਫਲ ਲੈ ਲੈਣ ਵਰਗਾ ਹੀ ਕਾਰਜ ਸੀ।ਕਹਿਣ ਤੋਂ ਮਤਲਬ ਇਹ ਕਿ ਸਾਧਨਹੀਣਤਾ ਵੀ ਨਵੇਂ-ਨਵੇਂ ਢੰਗਾਂ ਨਾਲ ਕਿਰਿਆਸ਼ੀਲਤਾ ਉਪਜਾਉਂਦੀ ਸੀ।

ਕਾਰਟੂਨਿਸਟ ਡਿਲਬਰਟ ਤਾਂ ਆਪਣੇ ਬਚਪਨ ਵਿਚਲੀ ਅਤਿ ਦੀ ਉਕਤਾਹਟ ਨੂੰ ਹੀ ਆਪਣੀ ਕਲਾਸ਼ੀਲਤਾ ਲਈ ਜ਼ਿੰਮੇਵਾਰ ਮੰਨਦਾ ਹੈ। ਗ੍ਰੀਨਫੀਲਡ ਅਜੋਕੀ ਜ਼ਿੰਦਗੀ ਵਿਚ ਹਰ ਵੇਲੇ ਤਕਨਾਲੋਜੀ ਨਾਲ ਜੁੜੇ ਰਹਿਣ ਕਰਕੇ ਵਿਚਾਰ ਉਤਪਾਦਕ ਸਮਰੱਥਾ ਨੂੰ ਹੋਣ ਵਾਲੇ ਨੁਕਸਾਨ ਬਾਰੇ ਫ਼ਿਕਰਮੰਦ ਹੈ। ਹੁਣ ਜਦੋਂ ਕਿਸੇ ਨੂੰ ਮੋਬਾਈਲ 'ਤੇ ਬਣੀ ਬਣਾਈ ਗੇਮ ਵਿਚ ਕਾਰਾਂ ਦੀ ਦੌੜ ਮਿਲ ਜਾਏ ਤੇ ਬਣੇ ਬਣਾਏ ਹਵਾਈ ਜਹਾਜ਼ ਨੂੰ ਉਡਾਉਣ ਦਾ ਮੌਕਾ ਮਿਲਦਾ ਰਹੇਗਾ ਤਾਂ ਆਪ ਸੋਚਣ ਤੇ ਸਾਧਨ ਪੈਦਾ ਕਾਰਨ ਵੱਲ ਕੌਣ ਤੁਰੇਗਾ ?

ਯਾਰਕ ਯੂਨੀਵਰਸਿਟੀ (ਟੋਰਾਂਟੋ, ਕੈਨੇਡਾ) ਵਿਚ ਜੌਹਨ ਈਸਟਵੁੱਡ ਦੇ ਬੋਰੀਅਤ ਬਾਰੇ ਖੋਜ ਦੇ ਵੀ ਇਹੋ ਜਿਹੇ ਹੀ ਨਤੀਜੇ ਹਨ। ਉਸ ਨੇ ਇਕ ਭਾਸ਼ਣ ਵਿਚ ਕਿਹਾ ਵੀ ਸੀ ਕਿ ਸਾਨੂੰ ਅਸਧਾਰਨ ਜ਼ਿੰਦਗੀ ਜਿਉਣ ਵੱਲ ਤੋਰਨ ਵਾਲੇ ਉਪਕਰਣ ਖਰੀਦਣ ਤੇ ਬੱਚਿਆਂ ਨੂੰ ਲੈ ਕੇ ਦੇਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਤਾਂ ਕੁਝ ਪਲਾਂ ਦੀ ਬੋਰੀਅਤ, ਜ਼ਿਹਨ ਨੂੰ ਕੁਝ ਪਲ, ਆਪਣੇ ਆਪ ਵਿਚ ਪਰਤਾ ਦੇਣ ਵਰਗੀ ਹੋਵੇਗੀ।

ਸੋ ਮਾਹਰਾਂ ਅਨੁਸਾਰ ਅਸੀਂ ਬੋਰੀਅਤ ਜਾਂ ਉਕਤਾਹਟ ਨੂੰ ਅਜੋਕੀ ਜ਼ਿੰਦਗੀ ਵਿਚ ਫ਼ਾਇਦੇਮੰਦ ਪ੍ਰਕਿਰਿਆ ਮੰਨ ਸਕਦੇ ਹਾਂ। ਨੌਰਵੇ ਦੇ ਫ਼ਿਲਾਸਫ਼ਰ ਲਾਰਜ ਸਵੈਂਡਸਨ ਦਾ ਕਥਨ ਹੈ ਕਿ ਅਸੀਂ ਬੋਰੀਅਤ ਤੋਂ ਆਜ਼ਾਦੀ ਮਾਣਨ ਵਿਚ ਵਧੇਰੇ ਹੀ ਖੁਸ਼ ਹੋਣ ਲੱਗੇ ਹਾਂ। ਪਿਛਲੇ ਸਮੇਂ ਵਿਚ ਸਮਾਜ ਦੇ ਪ੍ਰਤਿਸ਼ਟ ਆਦਮੀਆਂ ਤੇ ਸੱਤਾ ਕੋਲ ਬੋਰ ਹੋਣ ਵਾਸਤੇ ਬਹੁਤ ਸਮਾਂ ਹੁੰਦਾ ਸੀ ਜਦੋਂ ਕਿ ਬਾਕੀ ਦੁਨੀਆ ਜਿਊਣ ਲਈ ਲਗਾਤਾਰ ਜੱਦੋਜਹਿਦ ਵਿਚ ਰੁੱਝੀ ਰਹਿੰਦੀ ਸੀ।

ਬਰਟਰੈਂਡ ਰਸਲ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਉਹ ਪੀੜ੍ਹੀ, ਜੋ ਬੋਰੀਅਤ ਨੂੰ ਨਹੀਂ ਸਹਾਰ ਸਕਦੀ, ਛੋਟੇ ਮਨੁੱਖਾਂ ਦੀ ਪੀੜ੍ਹੀ ਹੋਵੇਗੀ। ਬੋਰੀਅਤ ਦੀ ਆਪਣੀ ਸ਼ਕਤੀ ਹੈ ਤੇ ਇਹ ਨਵੇਂ ਅਰਥ ਸੰਚਾਰ ਦਾ ਮਾਧਿਅਮ ਹੋ ਸਕਦੀ ਹੈ।

ਸੋ, ਆਓ ਬੋਰ ਹੁੰਦੇ ਰਹੀਏ...ਤਕਨਾਲੋਜੀ ਤੋਂ ਕੁਝ ਬਚ ਬਚਾ ਕੇ।

# ਇਕ ਟੁਕੜਾ ਅਮਰੀਕਾ

ਪੰਜਾਬੀ ਦੀ ਕਹਾਵਤ ਹੈ ਕਿ ਵੀਹਾਂ ਕੋਹਾਂ 'ਤੇ ਬੋਲੀ ਬਦਲ ਜਾਂਦੀ ਹੈ। ਭਾਵੇਂ ਜਿਸ ਵੇਲੇ ਦਾ ਇਹ ਅਖਾਣ ਹੈ, ਉਦੋਂ ਵੀਹ ਕੋਹ ਚੰਗਾ ਖ਼ਾਸਾ ਫ਼ਾਸਲਾ ਹੁੰਦਾ ਸੀ, ਪੈਦਲ ਤੁਰਦਿਆਂ ਨੂੰ। ਪਰੰਤੂ ਹੁਣ ਤੇਜ਼ ਰਫ਼ਤਾਰ ਰੇਲ ਗੱਡੀਆਂ ਤੇ ਹਵਾਈ ਜਹਾਜ਼ਾਂ 'ਤੇ ਸਫ਼ਰ ਕਰਦਿਆਂ, ਦੁਨੀਆਂ ਦਾ ਕੋਈ ਵੀ ਫ਼ਾਸਲਾ ਵੱਡਾ ਨਹੀਂ ਰਿਹਾ ਤੇ ਦੂਰ ਵੱਸਦੀ ਦੁਨੀਆਂ ਦੇ ਬੋਲਣ, ਖਾਣ-ਪੀਣ, ਸੋਚਣ ਤੇ ਪਹਿਨਣ ਦੇ ਅਸਲੋਂ ਵੱਖਰੇ ਢੰਗ ਤਰੀਕੇ ਵੀ ਵੇਖਣ ਨੂੰ ਮਿਲਦੇ ਰਹਿੰਦੇ ਹਨ। ਜਦੋਂ ਕੋਲੰਬਸ ਨੇ ਅਮਰੀਕਾ ਲੱਭੀ ਸੀ ਤਾਂ ਇਹ ਸਾਰੇ ਜਹਾਨ ਵਾਸਤੇ ਨਵੀਂ ਦੁਨੀਆਂ ਸੀ। ਪਰੰਤੂ ਹੁਣ ਤਕ ਉਸ ਦਾ ਰੂਪ ਉਸ ਵੇਲੇ ਦੇ ਰੂਪ ਨਾਲੋਂ ਵੀ ਕਈ ਗੁਣਾ ਵਧੇਰੇ ਬਦਲ ਕੇ ਬਿਲਕੁਲ ਹੀ ਵੱਖਰਾ ਹੋ ਗਿਆ ਹੈ। ਉਦੋਂ ਨਾਲੋਂ ਹੁਣ ਦਾ ਅਮਰੀਕਾ ਆਸੇ-ਪਾਸੇ ਦੀਆਂ ਧਰਤੀਆਂ ਖ਼ਰੀਦ ਕੇ ਆਪਣੇ ਵਿਚ ਮਿਲਾਉਣ ਕਰਕੇ ਏਨਾ ਵਿਸ਼ਾਲ ਦੇਸ਼ ਬਣ ਗਿਆ ਹੈ ਕਿ ਇਸ ਦੇ ਪੂਰਬੀ ਅਤੇ ਪੱਛਮੀ ਸਿਰਿਆਂ ਵਿਚਕਾਰ ਹੀ ਤਿੰਨ ਘੰਟੇ ਸਮੇਂ ਦਾ ਫ਼ਰਕ ਹੈ। ਵਿਸ਼ਾਲ ਖੇਤਰ ਹੋਣ ਕਰਕੇ ਮੌਸਮਾਂ ਦਾ ਵੀ ਬਹੁਤ ਵਖਰੇਵਾਂ ਹੈ। ਪਰ ਕਿਸੇ ਖਿੱਤੇ ਦਾ ਮੌਸਮ ਭਾਵੇਂ ਜਿਹੋ ਜਿਹਾ ਮਰਜ਼ੀ ਹੋਵੇ, ਹਰ ਥਾਂ 'ਤੇ ਭਾਰਤੀ ਤੇ ਖ਼ਾਸ ਕਰਕੇ ਪੰਜਾਬੀ ਮਿਲ ਹੀ ਜਾਂਦੇ ਹਨ ਤੇ ਉਹ ਪੱਛਮੀ ਮਾਹੌਲ ਦੇ ਨਾਲ-ਨਾਲ ਨਿਭਦਿਆਂ ਅਕਸਰ ਆਪਣੇ ਭਾਰਤੀਪੁਣੇ ਨੂੰ ਵੀ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਉਥੇ ਪਰਵਾਸ ਕਰਨ ਵਾਲੀ ਪਹਿਲੀ ਪੀੜ੍ਹੀ ਤਾਂ ਆਪਣੀ ਸਭਿਆਚਾਰਕ ਮੁੱਲਾਂ ਵਿਚਕਾਰ ਪਲਣ ਅਤੇ ਪਰਵਾਨ ਚੜ੍ਹਨ ਕਰਕੇ ਪੁਰਾਣੀਆਂ ਯਾਦਾਂ ਸੰਭਾਲੀ ਬੈਠੀ ਹੁੰਦੀ ਹੈ। ਪਰ ਅਗਲੀਆਂ ਪੀੜ੍ਹੀਆਂ ਦਾ ਬੋਲ-ਚਾਲ, ਪਹਿਰਾਵਾ ਤੇ ਸੋਚਣੀ ਤੱਕ ਬਦਲ ਜਾਂਦੀ ਹੈ ਤੇ ਕਈ ਪੰਜਾਬੀ ਪਰਿਵਾਰਾਂ ਦੇ ਬੱਚੇ ਤਾਂ ਪੰਜਾਬੀ ਬੋਲ ਵੀ ਨਹੀਂ ਸਕਦੇ।

ਉਂਜ ਤਾਂ ਸਾਰੇ ਅਮਰੀਕਾ ਵਿਚ ਹੀ ਪੰਜਾਬੀ ਮਿਲ ਜਾਂਦੇ ਹਨ, ਪਰ ਕੈਲੀਫੋਰਨੀਆ ਸੂਬੇ ਵਿਚ ਇਨ੍ਹਾਂ ਦੀ ਗਿਣਤੀ ਵਧੇਰੇ ਹੈ। ਕੈਲੀਫੋਰਨੀਆ ਦਾ ਜਲਵਾਯੂ ਤਕਰੀਬਨ ਪੰਜਾਬ ਵਰਗਾ ਹੀ ਹੈ।

ਸਾਡੇ ਲੋਕ ਜਿਥੇ ਵੀ ਜਾਂਦੇ ਹਨ, ਆਪਣੇ ਧਰਮ ਪ੍ਰਤੀ ਹੋਰ ਵਧੇਰੇ ਸੰਵੇਦਨਸ਼ੀਲ ਹੋ ਜਾਂਦੇ ਹਨ। ਸ਼ਾਇਦ ਇਹ ਉਥੇ ਜਾ ਕੇ ਆਪਣੇ ਵਿਰਸੇ ਤੋਂ ਟੁੱਟਣ ਦੀ ਭਾਵਨਾ ਦਾ ਪ੍ਰਤੀਕਰਮ ਹੁੰਦਾ ਹੋਵੇ। ਉਹ ਗੁਰਦੁਆਰੇ ਉਸਾਰਦੇ ਹਨ ਤੇ ਧਾਰਮਿਕ ਮਾਹੌਲ ਦੇ

ਬਹਾਨੇ ਭਾਈਚਾਰੇ ਤੇ ਸਭਿਆਚਾਰ ਨਾਲ ਕਿਸੇ ਹੱਦ ਤੱਕ ਜੁੜੇ ਰਹਿੰਦੇ ਹਨ। ਪਰੰਤੂ ਸਾਡੇ ਮਨਾਂ ਵਿਚ ਵੱਸੀ ਜਾਤੀ ਵੰਡ ਉਥੇ ਜਾ ਕੇ ਵੀ ਖਹਿੜਾ ਨਹੀਂ ਛੱਡਦੀ ਤੇ ਵੱਖਰੇ-ਵੱਖਰੇ ਗੁਰਦੁਆਰੇ ਜਾਤਾਂ ਦੇ ਆਧਾਰ 'ਤੇ ਹੋਂਦ ਵਿਚ ਆਉਂਦੇ ਹਨ। ਇਹ ਗੁਰਦੁਆਰੇ ਸਭਿਆਚਾਰਕ ਕੇਂਦਰਾਂ ਵਜੋਂ ਭਾਈਚਾਰਿਆਂ ਨੂੰ ਜੋੜਦੇ ਹਨ। ਅਕਸਰ ਸ਼ਨਿੱਚਰ ਤੇ ਐਤਵਾਰ ਗੁਰਦੁਆਰਿਆਂ ਵਿਚ ਕਾਫ਼ੀ ਰੌਣਕ ਹੁੰਦੀ ਹੈ। ਖੁੱਲ੍ਹਾ ਲੰਗਰ ਹੁੰਦਾ ਹੈ ਤੇ ਆਪਸੀ ਮੇਲ-ਮਿਲਾਪ ਵੀ ਖੁੱਲ੍ਹ ਕੇ ਹੁੰਦਾ ਹੈ, ਜਾਣਕਾਰੀਆਂ ਸਾਂਝੀਆਂ ਹੁੰਦੀਆਂ ਹਨ। ਕੌਣ ਦੇਸ ਜਾ ਰਿਹਾ ਹੈ, ਕੌਣ ਵਾਪਸ ਆ ਰਿਹਾ ਹੈ, ਕਿਸ ਦੇ ਘਰ ਕੋਈ ਵਿਆਹ ਕਾਰਜ ਹੋਣ ਵਾਲਾ ਹੈ ਜਾਂ ਨਵੇਂ ਬਾਲ ਦੀ ਆਮਦ ਹੋਈ ਹੈ ਆਦਿ। ਇਸ ਦੇ ਨਾਲ ਹੀ ਗੁਰਦੁਆਰੇ ਕਈ ਗੱਲਾਂ ਵਿਚ ਸੂਚਨਾ ਕੇਂਦਰਾਂ ਦਾ ਕੰਮ ਵੀ ਦੇਂਦੇ ਹਨ। ਉਦਾਹਰਣ ਦੇ ਤੌਰ 'ਤੇ ਜੇ ਕਿਸੇ ਦੇ ਘਰ ਬੱਚੇ ਦਾ ਜਨਮ ਹੋਣ ਵਾਲਾ ਹੈ ਜਾਂ ਬਿਮਾਰੀ ਆਦਿ ਦੇ ਕਾਰਨ ਕਿਸੇ ਮਦਦਗਾਰ ਦੀ ਜ਼ਰੂਰਤ ਹੈ ਤਾਂ ਇਕ ਚਿੱਟ 'ਤੇ ਲਿਖ ਕੇ "ਇਕ ਬੀਬੀ ਦੀ ਜ਼ਰੂਰਤ ਹੈ", ਤੇ ਆਪਣਾ ਫ਼ੋਨ ਨੰਬਰ ਲਿਖ ਕੇ ਗੁਰਦੁਆਰੇ ਦੇ ਨੋਟਿਸ ਬੋਰਡ 'ਤੇ ਲਗਾ ਆਉਂਦੇ ਹਨ। ਲੋੜਵੰਦ ਫ਼ੋਨ 'ਤੇ ਸੰਪਰਕ ਕਰਦੇ ਹਨ ਤੇ ਉਥੋਂ ਦੇ ਨਿਯਮਾਂ ਮੁਤਾਬਕ ਪੈਸਿਆਂ ਦੀ ਗੱਲ ਪੱਕੀ ਕਰ ਲਈ ਜਾਂਦੀ ਹੈ। ਉਥੇ ਪੰਜਾਬੀ ਪਰਿਵਾਰਾਂ ਵਿਚ ਅਨੇਕਾਂ ਔਰਤਾਂ ਅਜਿਹੀ ਨੌਕਰੀ ਦੀ ਭਾਲ ਵਿਚ ਹੁੰਦੀਆਂ ਹਨ। ਇਹ ਅਕਸਰ ਉਹ ਔਰਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਗ੍ਰੀਨ ਕਾਰਡ ਮਿਲ ਚੁੱਕਾ ਹੁੰਦਾ ਹੈ ਤੇ ਕਿਸੇ ਧੀ-ਪੁੱਤਰ ਜਾਂ ਹੋਰ ਰਿਸ਼ਤੇਦਾਰ ਕੋਲ ਰਹਿ ਰਹੀਆਂ ਹੁੰਦੀਆਂ ਹਨ। ਜਾਂ ਫਿਰ ਉਨ੍ਹਾਂ ਦੇ ਜਿਹੜੇ ਬੱਚਿਆਂ ਨੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਵਾਸਤੇ ਬੁਲਾਇਆ ਹੁੰਦਾ ਹੈ, ਉਨ੍ਹਾਂ ਦੇ ਉਹ ਬੱਚੇ ਵੱਡੇ ਹੋ ਚੁੱਕੇ ਹੁੰਦੇ ਹਨ ਤੇ ਉਹ ਵਿਹਲੀਆਂ ਹੁੰਦੀਆਂ। ਕਈ ਵਾਰ ਬਜ਼ੁਰਗ ਔਰਤਾਂ ਲਈ ਹੱਥ ਖਰਚੇ ਦੀ ਲੋੜ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਕਾਰਨ ਵੀ ਹੋ ਸਕਦਾ ਹੁੰਦਾ ਹੈ। ਉਂਜ ਤਾਂ ਉਥੇ ਅਜਿਹੇ ਕੰਮਾਂ ਲਈ ਮੈਕਸੀਕਨ ਜਾਂ ਕਈ ਹੋਰ ਸਥਾਨਕ ਔਰਤਾਂ ਵੀ ਮਿਲ ਸਕਦੀਆਂ ਹਨ, ਪਰ ਪੰਜਾਬੀ ਪਰਿਵਾਰ ਪੰਜਾਬੀ ਬੋਲਣ ਵਾਲੀਆਂ ਔਰਤਾਂ ਨੂੰ ਤਰਜੀਹ ਦੇਂਦੇ ਹਨ। ਭਾਵੇਂ ਉਥੇ ਇਨ੍ਹਾਂ ਔਰਤਾਂ ਦੇ ਕਰਨ ਵਾਲੇ ਕਈ ਤਰ੍ਹਾਂ ਦੇ ਕੰਮ ਧੰਦੇ ਜਿਵੇਂ ਬਾਗ਼ਾਂ 'ਚੋਂ ਫ਼ਲ ਤੋੜਨਾ ਜਾਂ ਫ਼ੈਕਟਰੀਆਂ ਵਿਚ ਸਬਜ਼ੀਆਂ ਆਦਿ ਦੀ ਚੁਣਾਈ ਤੇ ਅਜਿਹੇ ਕਈ ਹੋਰ ਕੰਮ ਵੀ ਹੋ ਸਕਦੇ ਹੁੰਦੇ ਹਨ ਪਰ ਉਹ ਵਧੇਰੇ ਸਰੀਰਕ ਮਿਹਨਤ ਮੰਗਦੇ ਹਨ। ਕਿਸੇ ਭਾਰਤੀ ਜਾਂ ਪੰਜਾਬੀ ਪਰਿਵਾਰ ਵਿਚ ਉਸਦਾ ਹਿੱਸਾ ਬਣ ਕੇ ਰਹਿੰਦਿਆਂ ਤੇ ਰੋਜ਼ਾਨਾ ਦੇ ਘਰੇਲੂ ਕੰਮ ਕਰਦਿਆਂ, ਜਿਨ੍ਹਾਂ ਦੀ ਉਨ੍ਹਾਂ ਨੂੰ ਪਹਿਲਾਂ ਹੀ ਆਦਤ ਹੁੰਦੀ ਹੈ, ਹੋਰ ਕੰਮਾਂ ਤੋਂ ਵਧੇਰੇ ਅਸਾਨ ਤੇ ਚੰਗਾ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਰਹਿਣ ਨਾਲ ਉਸ ਮਦਦਗਾਰ ਔਰਤ ਦਾ ਤਕਰੀਬਨ ਸਾਰਾ ਖਰਚਾ ਤਾਂ ਬਚਦਾ ਹੀ ਹੈ, ਸਗੋਂ ਲੋਕਲ ਤੇ ਭਾਰਤ ਵਿਚ ਫ਼ੋਨ ਦੀ ਸਹੂਲਤ ਵੀ ਘਰ ਵਾਲੇ ਦੇ ਜ਼ਿੰਮੇ ਰਹਿੰਦੀ ਹੈ। ਹਫ਼ਤੇ ਵਿਚ ਇਕ ਦਿਨ ਆਪਣੇ ਪਰਿਵਾਰਾਂ ਕੋਲ ਵੀ ਰਹਿ ਆਉਂਦੀਆਂ ਹਨ ਤੇ ਗਿਆਰਾਂ-ਬਾਰਾਂ ਸੌ ਡਾਲਰ ਜਾਂ ਸਮੇਂ

ਅਨੁਸਾਰ ਵੱਧ ਵੀ (ਟੈਕਸ ਫ੍ਰੀ) ਉਨ੍ਹਾਂ ਦੇ ਹੱਥ ਆ ਜਾਂਦੇ ਹਨ। ਦੋਹਾਂ ਧਿਰਾਂ ਨੂੰ ਇਕ ਦੂਜੇ ਦਾ ਸਾਥ ਰਾਸ ਆ ਜਾਵੇ ਤਾਂ ਕਈ-ਕਈ ਸਾਲ ਵੀ ਨਿਕਲ ਜਾਂਦੇ ਹਨ।

ਸਾਡੇ ਦੇਸ਼ ਦੇ ਲੋਕ ਕਹਿਣ ਨੂੰ ਤਾਂ ਅਮਰੀਕਾ ਵਰਗੇ ਵਿਕਸਿਤ ਦੇਸ਼ ਵਿਚ ਰਹਿੰਦੇ ਹਨ ਤੇ ਆਧੁਨਿਕ ਜੀਵਨ ਜੀ ਰਹੇ ਹਨ। ਪਰ ਆਪਣੇ ਮਨਾਂ ਵਿਚ ਉਹ ਸਦੀਆਂ ਪੁਰਾਣੇ ਵਹਿਮ ਤੇ ਵਿਸ਼ਵਾਸ ਨਾਲ ਹੀ ਲੈ ਕੇ ਗਏ ਹਨ। ਸੇਨ ਡੀਆਗੋ ਜਾਂਦਿਆਂ ਇਕ ਥਾਂ 'ਤੇ ਇਕ ਭਾਰਤੀ ਰੈਸਟੋਰੈਂਟ ਵਿਚ ਖਾਣਾ ਖਾਣ ਰੁਕੇ ਤਾਂ ਵੇਖਿਆ ਕਿ ਉਸ ਮਾਰਕਿਟ ਵਿਚ ਇਕ ਮੰਦਰ ਸੀ। ਭਾਰਤੀ ਲੋਕ ਜਿਨ੍ਹਾਂ ਨੇ ਨਵੀਆਂ ਕਾਰਾਂ ਖਰੀਦੀਆਂ ਹੁੰਦੀਆਂ, ਉਹ ਉਥੇ ਆ ਕੇ ਕਾਰਾਂ ਮੰਦਰ ਦੇ ਸਾਹਮਣੇ ਖੜ੍ਹੀਆਂ ਕਰ ਕੇ ਪੰਡਤ ਕੋਲੋਂ ਮੰਤਰ ਪੜ੍ਹਵਾ ਕੇ ਜਾ ਰਹੇ ਸਨ। ਪੰਡਤ ਆਪਣੀ ਕਾਰਵਾਈ ਕਰ ਕੇ ਕਾਰ 'ਤੇ ਫੁੱਲ ਤੇ ਕੁਝ ਹੋਰ ਨਿੱਕ-ਸੁੱਕ ਛਿੜਕ ਦੇਂਦਾ ਤੇ ਸਾਡੇ ਲੋਕ ਨਿਸਚਿਤ ਦੱਛਣਾ ਦੇ ਕੇ, ਖ਼ੁਸ਼ ਹੋ ਕੇ ਚਲੇ ਜਾਂਦੇ। ਕੁਝ ਹੀ ਦੇਰ ਵਿਚ ਚਾਰ ਪੰਜ ਕਾਰਾਂ ਦੀ ਲਾਈਨ ਲੱਗ ਗਈ ਦੇਖੀ ਗਈ। ਬਾਕੀ ਸਾਰਾ ਦਿਨ ਇਹ ਸਿਲਸਿਲਾ ਕਿਵੇਂ ਚੱਲਦਾ ਹੋਵੇਗਾ, ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਂਜ ਸ਼ਨੀਵਾਰ, ਐਤਵਾਰ ਇਸ ਤਰ੍ਹਾਂ ਦੇ ਸਿਲਸਿਲੇ ਵਧੇਰੇ ਚਲਦੇ ਹਨ।

ਇੰਜ ਵੀ ਸੁਣਨ ਵਿਚ ਆਇਆ ਹੈ ਕਿ ਕਈ ਲੋਕਾਂ ਨੇ ਗੁਰਦੁਆਰਿਆਂ ਨੂੰ ਵੀ ਕਾਰੋਬਾਰ ਬਣਾਇਆ ਹੋਇਆ ਹੈ। ਕੁਝ ਲੋਕ ਮਿਲ ਕੇ ਜ਼ਮੀਨ ਖਰੀਦ ਕੇ ਗੁਰਦੁਆਰਾ ਉਸਾਰ ਲੈਂਦੇ ਹਨ ਤੇ ਗੁਰਦੁਆਰਾ ਕਮੇਟੀ, ਜੋ ਉਨ੍ਹਾਂ ਦੀ ਆਪਣੀ ਹੀ ਸੰਮਤੀ ਦੀ ਹੁੰਦੀ ਹੈ, ਨੂੰ ਕਿਰਾਏ 'ਤੇ ਦੇ ਦਿੰਦੇ ਹਨ। ਇਸੇ ਤਰ੍ਹਾਂ ਘਰਾਂ ਦੀ ਸਫ਼ਾਈ ਦੇ ਪ੍ਰਬੰਧ ਵਾਸਤੇ ਵੀ ਉਥੇ ਕਈ ਲੋਕਾਂ ਨੇ ਕੰਪਨੀਆਂ ਬਣਾਈਆਂ ਹੋਈਆਂ ਹਨ। ਜਿਨ੍ਹਾਂ ਦੇ ਕਰਿੰਦੇ ਮੰਗ ਅਨੁਸਾਰ ਘਰਾਂ ਵਿਚ ਆਪਣਾ ਸਾਜ਼ੋ-ਸਾਮਾਨ ਲੈ ਕੇ ਜਾਂਦੇ ਹਨ ਅਤੇ ਘਰਾਂ ਨੂੰ ਲਿਸ਼ਕਾ-ਪੁਸ਼ਕਾ ਕੇ ਬਿਨਾਂ ਘਰ ਦਿਆਂ ਨੂੰ ਕੋਈ ਖੇਚਲ ਦਿੱਤਿਆਂ ਲਾਏ ਗਏ ਸਮੇਂ ਦੇ ਹਿਸਾਬ ਅਨੁਸਾਰ ਡਾਲਰ ਲੈ ਕੇ ਚਲੇ ਜਾਂਦੇ ਹਨ। ਉਨ੍ਹਾਂ ਦੇ ਹਰ ਪਲ ਦੇ ਕੰਮ ਦਾ ਮਤਲਬ ਸਿਰਫ਼ ਕੰਮ ਹੀ ਹੁੰਦਾ ਹੈ। ਇਨ੍ਹਾਂ ਤੋਂ ਬਿਨਾਂ ਹਰੇਕ ਮਿਸਤਰੀ ਭਾਵੇਂ ਲੱਕੜ, ਬਿਜਲੀ ਜਾਂ ਸੈਨੇਟਰੀ ਵਾਲਾ ਹੋਵੇ, ਆਪਣੀ ਵਰਤੋਂ ਦਾ ਲੋੜੀਂਦਾ ਸਾਰਾ ਸਾਮਾਨ ਆਪਣੀਆਂ ਛੋਟੇ ਟਰੱਕਨੁਮਾ ਗੱਡੀਆਂ ਵਿਚ ਲੈ ਕੇ ਹੀ ਆਉਂਦੇ ਹਨ। ਘਰ ਵਾਲੇ ਤੋਂ ਪਾਣੀ ਤੱਕ ਨਹੀਂ ਮੰਗਦੇ।

ਅਮਰੀਕਾ ਵਿਚ ਪੁਲਿਸ ਦੇ ਕਾਰਨਾਮਿਆਂ ਦੀਆਂ ਕਈ ਫ਼ਿਲਮਾਂ ਉਥੇ ਦੇਖੀਆਂ ਸਨ। ਇਨ੍ਹਾਂ ਦਾ ਸੜਕਾਂ ਉੱਤੇ ਟ੍ਰੈਫ਼ਿਕ ਨਿਯਮਾਂ ਦਾ ਪਾਲਣ ਕਰਵਾਉਣ ਵਿਚ ਬਹੁਤ ਵੱਡਾ ਹੱਥ ਹੈ। ਟ੍ਰੈਫ਼ਿਕ ਨਿਯਮ ਭੰਗ ਕਰਨ ਦੇ ਜੁਰਮਾਨੇ ਵੀ ਉਥੇ ਬਹੁਤ ਭਾਰੇ ਹੁੰਦੇ ਹਨ। ਸੋ ਲੋਕ ਡਰਦਿਆਂ ਵੀ ਗ਼ਲਤੀ ਘੱਟ ਹੀ ਕਰਦੇ ਹਨ। ਫਿਰ ਵੀ ਜੇ ਕਦੇ ਲੋਕ ਕਿਸੇ ਮੁੱਖ ਮਾਰਗ 'ਤੇ ਨਿਰਧਾਰਤ ਸਪੀਡ ਤੋਂ ਵਧੇਰੇ ਤੇਜ਼ ਜਾ ਰਹੇ ਹੋਣ ਤਾਂ ਪੁਲਿਸ ਦੀ ਗੱਡੀ ਨੂੰ ਵੇਖਦਿਆਂ ਹੀ ਇਕਦਮ ਕਾਇਦੇ ਅਨੁਸਾਰ ਚੱਲਣ ਲੱਗਦੇ ਹਨ। ਸਾਡੇ

ਪੰਜਾਬੀ ਲੋਕ ਤਾਂ ਪੁਲਿਸ ਵਾਲਿਆਂ ਨੂੰ ਮਾਮੇ ਕਹਿੰਦੇ ਹਨ।

ਇਹ ਤਾਂ ਸੀ ਟ੍ਰੈਫ਼ਿਕ ਪੁਲਿਸ ਦੀ ਗੱਲ, ਹੁਣ ਉਥੋਂ ਦੀ ਪੁਲਿਸ ਬਾਰੇ ਇਕ ਅੱਖੀਂ ਵੇਖਿਆ, ਸਗੋਂ ਹੰਢਾਇਆ ਹੋਇਆ ਤਜ਼ਰਬਾ ਵੀ ਸਾਂਝਾ ਕੀਤਾ ਜਾ ਰਿਹਾ ਹੈ ਜੋ ਵੱਖਰੀ ਤਰ੍ਹਾਂ ਦਾ ਪ੍ਰਭਾਵ ਦੇਂਦਾ ਹੈ। ਕੁਝ ਸਾਲ ਪਹਿਲਾਂ ਅਮਰੀਕਾ ਵਿਚ ਬੱਚਿਆਂ ਕੋਲ ਹੁੰਦਿਆਂ, ਇਕ ਪਰਿਵਾਰਕ ਮੈਂਬਰ ਹਸਪਤਾਲ ਵਿਚ ਦਾਖ਼ਲ ਸਨ। ਮੈਂ ਤੇ ਸਾਡੀ ਨੂੰਹ ਬੇਟੀ ਸ਼ਾਮ ਨੂੰ ਹਸਪਤਾਲ ਤੋਂ ਵਾਪਸ ਆਈਆਂ ਤਾਂ ਦੇਖਿਆ ਕਿ ਘਰ ਦੇ ਪਿਛਲੇ ਵਿਹੜੇ ਵਿਚ ਖੁੱਲ੍ਹਦਾ ਸ਼ੀਸ਼ੇ ਦਾ ਇਕ ਵੱਡਾ ਦਰਵਾਜ਼ਾ ਚਕਨਾਚੂਰ ਹੋਇਆ ਪਿਆ ਸੀ। ਉਸ ਕਾਲੋਨੀ ਵਿਚ ਘਰਾਂ ਦੀ ਵਿਉਂਤ ਇਸ ਤਰ੍ਹਾਂ ਹੈ ਕਿ ਛੋਟੀਆਂ ਛੋਟੀਆਂ ਕੁਝ ਮਨੁੱਖ ਸਿਰਜਿਤ ਝੀਲਾਂ ਦੀ ਇਕ ਲੜੀ ਹੈ। ਉਸ ਦੇ ਆਲੇ-ਦੁਆਲੇ ਹਰੇ ਘਾਹ ਤੇ ਵਲ ਵਲਿੰਗੀ ਜਿਹੀ ਸੜਕ ’ਤੇ ਗੋਲਫ਼ ਗਰਾਊਂਡ ਹੈ। ਉਸਦੇ ਦੋਹੀਂ ਪਾਸੀਂ ਬਾਹਰਵਾਰ ਘਰ ਹਨ। ਸਾਰੇ ਘਰਾਂ ਦਾ ਪਿਛਲਾ ਗੇਟ ਇਸ ਗੋਲਫ ਗਰਾਊਂਡ ਵਾਲੇ ਪਾਸੇ ਖੁੱਲ੍ਹਦਾ ਹੈ। ਸਾਰੇ ਘਰਾਂ ਦੇ ਪਿਛਲੇ ਪਾਸੇ ਵੱਲ ਕਮਰਿਆਂ ਦੀਆਂ ਕੰਧਾਂ ਲੰਬੇ ਸ਼ੀਸ਼ਿਆਂ ਦੇ ਦਰਵਾਜ਼ਿਆਂ ਬਾਰੀਆਂ ਦੀਆਂ ਹੀ ਹਨ। ਤਕਰੀਬਨ ਘਰਾਂ ਦੇ ਮੁੱਖ ਦਰਵਾਜ਼ੇ ਵਿਚ ਵੀ ਵੱਡੇ ਤੇ ਮੋਟੇ ਸ਼ੀਸ਼ੇ ਲੱਗੇ ਹੋਏ ਹਨ। ਲੰਘਦਿਆਂ ਮੁੱਖ ਗੇਟ ਵਿਚੋਂ ਦੀ ਪਿਛਲਾ ਪਾਸਾ ਵੀ ਕਈ ਵਾਰ ਨਜ਼ਰ ਆਉਂਦਾ ਹੁੰਦਾ ਹੈ।

ਸੋ ਘਰ ਦੇ ਅੰਦਰ ਆਉਂਦਿਆਂ ਹੀ ਇਕ ਟੁੱਟੇ ਦਰਵਾਜ਼ੇ ਨੂੰ ਵੇਖਦਿਆਂ ਹੀ ਨੂੰਹ ਬੇਟੀ ਨੇ ਪੁਲਿਸ ਨੂੰ ਫ਼ੋਨ ਕੀਤਾ। ਪੁਲਿਸ ਵਾਲਿਆਂ ਨੇ ਪੁੱਛਿਆ ਕਿ ਤੁਹਾਡੇ ਘਰ ਦੇ ਜੀਅ ਠੀਕ ਹਨ ? ਉਸਦੇ ਹਾਂ ਕਹਿਣ ’ਤੇ ਜੁਆਬ ਮਿਲਿਆ ਕਿ ਜੇ ਤੁਹਾਡੇ ਘਰ ਦੇ ਜੀਅ ਠੀਕ ਹਨ ਤਾਂ ਅਸੀਂ ਸਿਰਫ਼ ਘਰ ਦੀ ਤੋੜ-ਭੰਨ (breakage) ’ਤੇ ਹੀ ਨਹੀਂ ਆਉਂਦੇ। ਅਸਲ ਵਿਚ ਹਸਪਤਾਲ ਜਾਣ ਲੱਗਿਆਂ ਉਹ ਘਰ ਵਿਚ ਅਲਾਰਮ ਲਗਾ ਕੇ ਜਾਣਾ ਭੁੱਲ ਗਈ ਸੀ। ਕਿਸੇ ਓਪਰੇ ਬੰਦੇ ਦੇ ਬਾਹਰੋਂ ਆਉਣ ’ਤੇ ਇਸ ਅਲਾਰਮ ਨੇ ਵੱਜ ਜਾਣਾ ਸੀ। ਕਲੋਨੀ ਦੀ ਸਕਿਓਰਟੀ (ਸੁਰੱਖਿਆ) ਦਾ ਇੰਤਜ਼ਾਮ ਕਰਨ ਵਾਲਿਆਂ ਨੂੰ ਕਿਸੇ ਬਾਹਰ ਦੇ ਬੰਦੇ ਦੇ ਆਉਣ ਦੀ ਸੂਚਨਾ ਦੇ ਦੇਣੀ ਸੀ। ਉਂਜ ਤਾਂ ਕਲੋਨੀ ਦੇ ਗੇਟ ਵਾਸਤੇ ਵੀ ਹਰੇਕ ਘਰ ਕੋਲ ਇਕ ਦਿੱਤਾ ਗਿਆ ਕੋਡ ਹੁੰਦਾ ਹੈ ਤੇ ਕਿਸੇ ਮਹਿਮਾਨ ਦੇ ਆਉਣ ’ਤੇ ਵੀ ਘਰ ਵਾਲਿਆਂ ਵੱਲੋਂ ਉਹ ਨੰਬਰ ਦੱਸੇ ਜਾਣ ’ਤੇ ਹੀ ਸਵੈ-ਚਾਲਤ ਗੇਟ ਖੁੱਲ੍ਹਦੇ ਹਨ। ਪਰ ਜਦੋਂ ਕਿਸੇ ਇਕ ਕਾਰ ਚਾਲਕ ਵੱਲੋਂ ਗੇਟ ਖੋਲ੍ਹਿਆ ਗਿਆ ਹੋਵੇ ਤਾਂ ਪਿੱਛੇ ਹੀ ਹੋਰ ਕਾਰਾਂ ਵੀ ਬਿਨਾਂ ਕੋਡ ਦੇ ਨਿਕਲ ਜਾਂਦੀਆਂ ਹਨ। ਇਸੇ ਤਰ੍ਹਾਂ ਚੋਰ ਆਏ ਸਨ। ਇੰਸ਼ੋਰੈਂਸ ਨੂੰ ਫ਼ੋਨ ਕੀਤਾ ਤਾਂ ਉਹ ਰਾਤ ਨੂੰ ਗਿਆਰਾਂ ਵਜੇ ਆ ਕੇ ਟੁੱਟਾ ਕੱਚ ਸਾਫ਼ ਕਰ ਕੇ ਉਥੇ ਪਲਾਈ ਦਾ ਆਰਜ਼ੀ ਦਰਵਾਜ਼ਾ ਲਾ ਗਏ ਤਾਂ ਪਰਿਵਾਰ ਸੌਂ ਸਕਿਆ। ਅਸਲ ਵਿਚ ਚੋਰ ਕਈ ਦਿਨਾਂ ਤੋਂ ਧਿਆਨ ਰੱਖ ਰਹੇ ਹੋਣਗੇ ਕਿ ਘਰ ਵਾਲੇ ਰੋਜ਼ ਜਾਂਦੇ ਹਨ ਤੇ ਸ਼ਾਮ ਪਈ ਵਾਪਸ ਆਉਂਦੇ ਹਨ। ਘਰ ਦੇ ਬਾਹਰਲੇ ਕੈਮਰਿਆਂ ਤੋਂ ਪਤਾ ਲੱਗਾ ਕਿ ਚੋਰ ਚੁਸਤ-ਫੁਰਤ, ਸਫ਼ੇਦ ਕੱਪੜਿਆਂ ਵਾਲੇ ਨੌਜੁਆਨ ਸਨ,

ਜਿਨ੍ਹਾਂ ਦੇ ਮੂੰਹਾਂ 'ਤੇ ਮਾਸਕ ਪਾਏ ਹੋਏ ਸਨ। ਉਹ ਨਾਲ ਦੇ ਖ਼ਾਲੀ ਪਏ ਘਰ ਵੱਲੋਂ ਆਏ ਤੇ ਸਾਰੇ ਘਰ ਦੀਆਂ ਅਲਮਾਰੀਆਂ, ਦਰਾਜ਼ਾਂ ਆਦਿ ਦੀ ਤੋੜ-ਭੰਨ ਕੀਤੀ। ਇਕ ਸੇਫ਼ ਤੇ ਵੱਡੇ ਪਰਸ ਆਦਿ ਚੁੱਕ ਕੇ ਲੈ ਗਏ। ਉਹ ਵਾਪਸ ਵੀ ਸਾਡੇ ਵੱਲੋਂ ਬਾਹਰਲਾ ਗੇਟ ਖੋਲ੍ਹਣ ਸਮੇਂ ਹੀ ਦੌੜੇ ਸਨ।

ਖ਼ੈਰ, ਪੁਲਿਸ ਦੇ ਦੋ ਬੰਦੇ ਅੱਧੀ ਰਾਤ ਨੂੰ ਆਏ ਤੇ ਕੈਮਰਿਆਂ ਦੀ ਰਿਕਾਰਡਿੰਗ ਲੈ ਗਏ। ਤਿੰਨ ਕੁ ਦਿਨਾਂ ਪਿੱਛੋਂ ਇਕ ਲੇਡੀ ਪੁਲਿਸ ਅਫ਼ਸਰ ਆਈ ਤੇ ਅੰਤ ਵਿਚ ਪੁਲਿਸ ਨੇ ਇਹ ਦੱਸ ਕੇ ਗੱਲ ਮੁਕਾ ਦਿੱਤੀ ਕਿ ਇਹ ਲੋਕ ਪਹਿਲਾਂ ਰਾਤਾਂ ਨੂੰ ਚੋਰੀਆਂ ਕਰਦੇ ਸਨ, ਹੁਣ ਇਨ੍ਹਾਂ ਦਾ ਹੌਸਲਾ ਵਧ ਗਿਆ ਹੈ ਤੇ ਦਿਨ ਨੂੰ ਵੀ ਚੋਰੀਆਂ ਕਰਨ ਲੱਗ ਪਏ ਹਨ। ਤੁਸੀਂ ਇੰਸ਼ੋਰੈਂਸ ਤੋਂ ਆਪਣਾ ਨੁਕਸਾਨ ਕਲੇਮ ਕਰ ਲਉ।

ਇਨ੍ਹੀਂ ਦਿਨੀਂ ਬਹੁਤ ਸਾਰੇ ਪੰਜਾਬੀ ਪਰਿਵਾਰ ਵੀ ਆਪਣੇ ਇਥੋਂ ਦੇ ਰੁਝਾਣ ਮੁਤਾਬਕ ਹਮਦਰਦੀ ਵਜੋਂ ਆਉਂਦੇ ਰਹੇ। ਇਕ ਪਰਿਵਾਰ ਨੇ ਦੱਸਿਆ ਕਿ ਜੇ ਰੱਬ ਸਬੱਬੀ ਕੋਈ ਚੋਰਾਂ ਦਾ ਗਰੁੱਪ ਫੜਿਆ ਜਾਵੇ ਤਾਂ ਪੁਲਿਸ ਨੂੰ ਸਭ ਚੋਰੀਆਂ ਬਾਰੇ ਦੱਸ ਦੇਂਦੇ ਹਨ। ਉਨ੍ਹਾਂ ਨੇ ਇਕ ਦਿਲਚਸਪ ਘਟਨਾ ਵੀ ਸੁਣਾਈ। ਇਕ ਪੰਜਾਬੀ ਮੁੰਡਾ ਨਵਾਂ-ਨਵਾਂ ਅਮਰੀਕਾ ਗਿਆ ਸੀ। ਰਾਤ ਨੂੰ ਇਕ ਚੋਰ ਆ ਗਿਆ। ਮੁੰਡੇ ਨੂੰ ਪਤਾ ਲੱਗ ਗਿਆ ਤੇ ਉਸ ਨੇ ਚੋਰ ਨੂੰ ਦੋ-ਤਿੰਨ ਘਸੁੰਨ ਜੜ ਦਿੱਤੇ। ਚੋਰ ਨੇ ਉਥੋਂ ਹੀ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਆ ਗਈ ਤੇ ਉਲਟਾ ਪੰਜਾਬੀ ਮੁੰਡੇ ਨੂੰ ਕਹਿਣ ਲੱਗ ਪਈ ਕਿ ਤੂੰ ਇਸ ਨਾਲ ਕ੍ਰਾਈਮ ਕਿਉਂ ਕੀਤਾ ? ਇਸ ਨਾਲ, ਹੁਣ ਕੰਪਰੋਮਾਈਜ਼ (ਸਮਝੌਤਾ) ਕਰ। ਮੁੰਡੇ ਨੂੰ ਚੋਰ ਨੂੰ ਇਕ ਹਜ਼ਾਰ ਡਾਲਰ ਦੇਣਾ ਪਿਆ। ਸੋਚਿਆ, ਅਮਰੀਕਾ ਦੀਆਂ ਵੱਖਰੀਆਂ ਗੱਲਾਂ ਤੇ ਵੱਖਰੀਆਂ ਦਲੀਲਾਂ ਹਨ।

ਅਮਰੀਕਾ ਵਿਚ ਡਾਕਟਰੀ ਇਲਾਜ ਬਹੁਤ ਮਹਿੰਗਾ ਹੈ। ਕਦੇ ਕਿਸੇ ਪਰਿਵਾਰ ਦੇ ਜੀ ਨੂੰ ਗੰਭੀਰ ਰੋਗ ਲੱਗ ਜਾਵੇ ਤਾਂ ਲੋਕਾਂ ਦੇ ਘਰ ਤੱਕ ਵਿਕ ਜਾਂਦੇ ਹਨ। ਇਸ ਕਰਕੇ ਲੋਕ ਤਕਰੀਬਨ ਸਿਹਤ ਦਾ ਬੀਮਾ ਕਰਾ ਕੇ ਹੀ ਰੱਖਦੇ ਹਨ। ਇਹ ਬੀਮਾ ਕੰਪਨੀਆਂ ਹਰ ਸਾਲ ਆਪਣੇ ਗਾਹਕਾਂ ਦੀ ਸਿਹਤ ਦੇ ਟੈਸਟ ਕਰਵਾਉਂਦੀਆਂ ਹਨ ਅਤੇ ਲੋੜੀਂਦੇ ਇਲਾਜ ਵੀ ਕਰਵਾਉਂਦੀਆਂ ਹਨ। ਪਰ ਡਾਕਟਰਾਂ ਅਤੇ ਬੀਮਾ ਕੰਪਨੀਆਂ ਦਾ ਜੋੜ-ਮੇਲ ਅਜਿਹਾ ਹੈ ਕਿ ਮਰੀਜ਼ ਨੂੰ ਜਾਣਾ ਵੀ ਕੰਪਨੀ ਦੇ ਨਿਰਧਾਰਤ ਡਾਕਟਰਾਂ ਕੋਲ ਹੀ ਪੈਂਦਾ ਹੈ ਅਤੇ ਉਨ੍ਹਾਂ ਦੀ ਫੀਸ ਦਾ ਇਕ ਹਿੱਸਾ ਕੋ-ਪੇਮੈਂਟ ਦੇ ਨਾਂ ਹੇਠ ਵੀ ਹਰ ਵਾਰ ਅਦਾ ਕਰਨਾ ਹੀ ਪੈਂਦਾ ਹੈ। ਵਿਡੰਬਨਾ ਇਹ ਹੈ ਕਿ ਪਹਿਲਾਂ ਤਾਂ ਥੋੜੀ ਬਹੁਤ ਤਕਲੀਫ਼ ਜਿਵੇਂ ਜ਼ੁਕਾਮ, ਖਾਂਸੀ ਆਦਿ ਵਾਸਤੇ ਕੋਈ ਖ਼ਾਸ ਦਵਾਈ ਵੀ ਨਹੀਂ ਦਿੱਤੀ ਜਾਂਦੀ ਪਰੰਤੂ ਜਦ ਕੋਈ ਅਜਿਹਾ ਰੋਗ ਖ਼ਤਰਨਾਕ ਰੂਪ ਧਾਰ ਲਵੇ ਤਾਂ ਹਸਪਤਾਲ ਦਾ ਖਰਚਾ ਘਰ ਦਾ ਬੂਹਾ ਦੂਜੇ ਬੰਨੇ ਲਾ ਦੇਂਦਾ ਹੈ। ਸ਼ਾਇਦ ਇਸੇ ਲਈ ਉਧਰਲੇ ਲੋਕ ਸਧਾਰਨ ਬਿਮਾਰੀ ਤੋਂ ਹੀ ਬਹੁਤ ਤ੍ਰਹਿ ਜਾਂਦੇ ਹਨ। ਹਸਪਤਾਲਾਂ ਵਿਚ ਅਤਿ ਆਧੁਨਿਕ ਮਸ਼ੀਨਾਂ ਅਤੇ ਯੰਤਰ ਹਨ ਅਤੇ ਨਰਸਾਂ ਤੇ ਡਾਕਟਰ ਜ਼ਿਆਦਾ ਇਨ੍ਹਾਂ 'ਤੇ ਹੀ ਨਿਰਭਰ ਕਰਦੇ

ਹਨ। ਉਥੇ ਜਿੰਨਾ ਮਰਜ਼ੀ ਵੱਡਾ ਡਾਕਟਰ ਹਸਪਤਾਲ ਦਾ ਚੱਕਰ ਲਗਾ ਰਿਹਾ ਹੋਵੇ, ਇਕੱਲਾ ਹੀ ਹੁੰਦਾ ਹੈ। ਇਥੋਂ ਵਾਂਗ ਨਰਸਾਂ ਅਤੇ ਜੂਨੀਅਰ ਡਾਕਟਰਾਂ ਦਾ ਟੋਲਾ ਨਾਲ ਨਹੀਂ ਹੁੰਦਾ।

ਅਸੀਂ ਅਕਸਰ ਇਹ ਵਿਸ਼ਵਾਸ ਕਰਦੇ ਅਤੇ ਕਹਿੰਦੇ ਹਾਂ ਕਿ ਅਸੀਂ ਭਾਰਤੀ ਆਪਣੇ ਰਿਸ਼ਤਿਆਂ ਦੀ ਬਹੁਤ ਪਰਵਾਹ ਕਰਦੇ ਹਾਂ, ਪਰ ਹੁਣ ਸਾਡੇ ਬਾਰੇ ਇਹ ਕਥਨ ਸੱਚਾਈ ਤੋਂ ਕੋਹਾਂ ਦੂਰ ਹੈ। ਸਾਡੇ ਬਹੁਤੇ ਲੋਕ ਵੀ ਅਣ-ਕਮਾਊ ਹੋ ਚੁੱਕੇ ਰਿਸ਼ਤਿਆਂ ਤੋਂ ਖਹਿੜਾ ਛੁਡਾ ਕੇ ਹੀ ਰਾਜੀ ਹਨ। ਅਮਰੀਕੀ ਸਮਾਜ ਵਿਚ ਤਾਂ ਪਹਿਲਾਂ ਹੀ ਰਿਸ਼ਤਿਆਂ ਪ੍ਰਤੀ ਮੋਹ ਦਾ ਰੁਝਾਨ ਘੱਟ ਹੈ। ਉਥੇ ਬਜ਼ੁਰਗਾਂ ਵਾਸਤੇ ਖ਼ਾਸ ਤਰ੍ਹਾਂ ਦੇ ਰਿਹਾਇਸ਼ੀ ਸਥਾਨ ਜਾਂ ਬਿਰਧ ਘਰ ਹੁੰਦੇ ਹਨ ਜੋ ਪ੍ਰਾਈਵੇਟ ਤੇ ਸਰਕਾਰੀ ਦੋਵਾਂ ਤਰ੍ਹਾਂ ਦੇ ਹੁੰਦੇ ਹਨ। ਟੀ.ਵੀ. ਦੇ ਚੈਨਲਾਂ 'ਤੇ ਅਕਸਰ ਸੂਚਨਾਵਾਂ (ਮਸ਼ਹੂਰੀਆਂ) ਆਉਂਦੀਆਂ ਰਹਿੰਦੀਆਂ ਹਨ ਜਿਵੇਂ ਤੁਹਾਡੇ ਮਾਂ-ਬਾਪ ਵਾਸਤੇ ਇਕ ਘਰ ਜਾਂ ਆਰਾਮਦੇਹ ਘਰ, ਆਦਿ ਵਰਗੀਆਂ। ਪਰ ਇਹ ਵੇਖਣ ਵਿਚ ਆਇਆ ਹੈ ਕਿ ਮੈਕਸੀਕਨ ਲੋਕ ਆਪਣਿਆਂ ਬਾਰੇ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਉਹ ਜਿਸ ਨੂੰ ਆਪਣਾ ਸਮਝ ਲੈਂਦੇ ਹਨ, ਉਸ 'ਤੇ ਅੰਨ੍ਹਾ ਵਿਸ਼ਵਾਸ ਕਰਦੇ ਹਨ। ਜਿਸ ਡਾਕਟਰ 'ਤੇ ਵੀ ਉਹ ਇਕ ਵਾਰ ਯਕੀਨ ਕਰ ਲੈਣ, ਉਸ ਨਾਲ ਐਸਾ ਜੁੜਦੇ ਹਨ ਕਿ ਠੀਕ ਹੋਣ ਪਿੱਛੋਂ ਉਸ ਨੂੰ ਜੱਫੀਆਂ ਪਾ-ਪਾ ਮਿਲਦੇ ਹਨ। ਇਸ ਵਾਰ ਇਕ ਮੈਕਸੀਕਨ ਪਰਿਵਾਰ ਦੇ ਮੋਹਖੋਰੇ ਸੁਭਾਅ ਦੀ ਝਲਕ ਦੇਖਣ ਨੂੰ ਮਿਲੀ। ਉਹ ਦੋਵੇਂ ਪਤੀ-ਪਤਨੀ ਸੇਵਾ ਮੁਕਤ ਹਨ ਅਤੇ ਉਨ੍ਹਾਂ ਦੇ ਬੱਚੇ ਕੰਮਾਂ ਕਾਰਾਂ ਦੇ ਸਿਲਸਿਲਿਆਂ ਵਿਚ ਦੂਰ ਦੁਰਾਡੇ ਸ਼ਹਿਰਾਂ ਵਿਚ ਰਹਿੰਦੇ ਹਨ। ਪਰਿਵਾਰ ਦੇ ਮੁਖੀ ਦੀ ਪਤਨੀ ਤਿੰਨ ਭੈਣਾਂ ਹਨ। ਉਨ੍ਹਾਂ ਦੀ ਨੱਬੇ ਸਾਲਾਂ ਦੀ ਮਾਂ ਭੁੱਲਣ ਦੀ ਬਿਮਾਰੀ (ਡੀਮੈਨਸ਼ੀਆ) ਦੇ ਨਾਲ-ਨਾਲ ਕਬਜ਼ ਦੀ ਵੀ ਮਰੀਜ ਹੈ। ਤਿੰਨੇ ਧੀਆਂ ਵਾਰੀ-ਵਾਰੀ ਇਕ-ਇਕ ਹਫ਼ਤਾ ਉਸਦੀ ਸੇਵਾ ਕਰਦੀਆਂ ਹਨ।

ਉਧਰਲੇ ਲੋਕ ਪਾਲਤੂ ਜੀਵਾਂ ਨੂੰ ਬੱਚਿਆਂ ਵਰਗੇ ਮੋਹ ਨਾਲ ਪਾਲਦੇ ਹਨ। ਉਪਰੋਕਤ ਸਤਰਾਂ ਵਿਚਲੇ ਆਦਮੀ ਨੇ ਵੀ ਦੋ ਕੁੱਤੀਆਂ ਪਾਲੀਆਂ ਹੋਈਆਂ ਸਨ ਜਿਸ ਨੂੰ 'ਗਰਲਜ਼' ਅਰਥਾਤ ਲੜਕੀਆਂ ਕਹਿੰਦਾ ਸੀ। ਕੁਝ ਦੇਰ ਪਹਿਲਾਂ ਉਹ ਦੋਵੇਂ ਬਿਮਾਰ ਹੋ ਕੇ ਵਾਰੀ-ਵਾਰੀ ਮਰ ਗਈਆਂ ਤੇ ਉਸ ਸ਼ਖ਼ਸ ਨੇ ਉਨ੍ਹਾਂ ਦੀਆਂ ਹੱਡੀਆਂ ਆਪਣੇ ਘਰ ਵਿਚ ਸੰਭਾਲੀਆਂ ਹੋਈਆਂ ਹਨ। ਉਂਝ ਉਥੇ ਕੁੱਤੇ, ਬਿੱਲੀਆਂ ਜਾਂ ਹੋਰ ਪਾਲਤੂਆਂ ਨੂੰ ਰੱਖਣਾ ਕਾਫ਼ੀ ਮਹਿੰਗਾ ਪੈਂਦਾ ਹੈ। ਕੁਝ ਸਾਲ ਪਹਿਲਾਂ ਆਏ ਆਰਥਿਕ ਮੰਦਵਾੜੇ ਦੌਰਾਨ ਪਾਲਤੂ ਜੀਵਾਂ ਨੂੰ ਵੀ ਇਸ ਦਾ ਖਮਿਆਜਾ ਭੁਗਤਣਾ ਪਿਆ। ਹੋਇਆ ਇਵੇਂ ਕਿ ਬਹੁਤ ਸਾਰੀਆਂ ਕੰਪਨੀਆਂ ਨੇ ਮੰਦੇ ਆਰਥਿਕ ਹਾਲਾਤ ਕਾਰਨ ਖਰਚ ਬਚਾਉਣ ਵਾਸਤੇ ਆਪਣੇ ਕਈ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਇਕਦਮ ਜੁਆਬ ਦੇ ਦਿੱਤਾ। ਉਧਰ ਲੋਕਾਂ ਵਿਚ ਸਾਡੇ ਵਾਂਗ ਮਨ ਮਾਰ ਕੇ ਬਚਤ ਕਰਨ ਦਾ ਰੁਝਾਨ ਘੱਟ ਹੀ ਹੁੰਦਾ ਹੈ। ਸੋ ਅਚਾਨਕ ਆਈ ਬਿਪਤਾ ਕਾਰਨ ਉਨ੍ਹਾਂ ਵਾਸਤੇ ਆਪਣੇ ਪਰਿਵਾਰਾਂ ਨੂੰ ਪਾਲਣਾ

ਮੁਸ਼ਕਿਲ ਹੋ ਗਿਆ। ਪਾਲਤੂਆਂ ਨੂੰ ਕਿੱਥੋਂ ਖੁਆਉਂਦੇ ? ਬਿੱਲੀਆਂ, ਕੁੱਤਿਆਂ ਤੇ ਪੰਛੀਆਂ ਤੋਂ ਇਲਾਵਾ ਕਈ ਲੋਕਾਂ ਨੇ ਘੋੜੇ ਵੀ ਰੱਖੇ ਹੋਏ ਸਨ। ਇਕ ਘੋੜੇ ਦੀ ਇਕ ਦਿਨ ਦੀ ਖੁਰਾਕ 'ਤੇ ਹੀ ਉਦੋਂ ਅਠਾਰਾਂ ਡਾਲਰ ਲੱਗਦੇ ਸਨ ਤੇ ਇਵੇਂ ਦਾ ਹੀ ਹਿਸਾਬ ਬਾਕੀ ਜਾਨਵਰਾਂ 'ਤੇ ਹੋਣ ਵਾਲੇ ਖਰਚੇ ਬਾਰੇ ਸੀ। ਕੈਲੇਫੋਰਨੀਆ ਵਿਚ ਬਹੁਤ ਸਾਰੇ ਲੋਕਾਂ ਨੇ ਆਪਣੇ ਪਾਲਤੂ ਜੀਵਾਂ ਨੂੰ ਲਵਾਰਿਸ ਛੱਡ ਦਿੱਤਾ। ਰਾਤ ਵੇਲੇ ਕਈ ਲੋਕ ਘੋੜਿਆਂ ਨੂੰ ਦਰਖ਼ਤਾਂ ਨਾਲ ਬੰਨ੍ਹ ਗਏ ਤੇ ਕੁੱਤਿਆਂ ਨੂੰ ਘਰ ਦੇ ਅੰਦਰ ਜਾਂ ਬਾਹਰ ਲਵਾਰਿਸ ਛੱਡ ਕੇ, ਘਰ ਬੰਦ ਕਰਕੇ ਆਪਣਾ ਸਮਾਨ ਗੱਡੀਆਂ ਵਿਚ ਭਰ ਕੇ ਪਰਿਵਾਰ ਸਮੇਤ ਰਾਤੋ-ਰਾਤ ਕਿਧਰੇ ਹੋਰ ਚਲੇ ਗਏ। ਤੁਰਦੇ-ਫਿਰਦੇ ਜਾਨਵਰਾਂ 'ਚੋਂ ਕਈਆਂ ਨੂੰ ਤਾਂ ਹੋਰ ਪਰਿਵਾਰਾਂ ਨੇ ਅਪਣਾ ਲਿਆ, ਜੋ ਉਨ੍ਹਾਂ ਦੀ ਸੰਭਾਲ ਦੇ ਸਮਰੱਥ ਸਨ। ਪਰ ਕਈ ਵਿਚਾਰੇ ਕਈ-ਕਈ ਦਿਨ ਭੁੱਖੇ ਪਿਆਸੇ ਇਧਰ-ਉਧਰ ਫਿਰਦੇ ਰਹੇ। ਅਖ਼ਬਾਰਾਂ ਵਿਚ ਉਨ੍ਹਾਂ ਦੀਆਂ ਫੋਟੋਆਂ ਛਪਦੀਆਂ ਰਹੀਆਂ। ਕਈ ਪਰਿਵਾਰਾਂ ਨੂੰ ਤਾਂ ਪੁਲਿਸ ਲੱਭ ਵੀ ਲਿਆਈ ਤਾਂ ਕਿ ਉਨ੍ਹਾਂ 'ਤੇ ਆਪਣੇ ਪਾਲਤੂ ਜਾਨਵਰਾਂ ਨਾਲ ਕੀਤੇ ਗਏ ਬੇਰਹਿਮ ਵਰਤਾਰੇ ਵਾਸਤੇ ਉਨ੍ਹਾਂ 'ਤੇ ਮੁਕੱਦਮੇ ਚਲਾਏ ਜਾ ਸਕਣ, ਕਿਉਂਕਿ ਜਾਨਵਰਾਂ ਨਾਲ ਅਜਿਹਾ ਵਤੀਰਾ ਉਥੋਂ ਦਾ ਕਾਨੂੰਨ ਸਹਿਣ ਨਹੀਂ ਕਰਦਾ।

ਅਮਰੀਕਾ ਆਪਣੇ ਵਾਤਾਵਰਣ ਅਤੇ ਕੁਦਰਤੀ ਜੀਵਨ ਦੀ ਸੰਭਾਲ ਪ੍ਰਤੀ ਬਹੁਤ ਜਾਗਰੂਕ ਅਤੇ ਸੰਵੇਦਨਸ਼ੀਲ ਹੈ। ਮੂਲ ਰੂਪ ਵਿਚ ਕੈਲੀਫੋਰਨੀਆ ਇਕ ਮਾਰੂਥਲ ਹੈ ਜੋ ਕਦੇ ਅਮਰੀਕਾ ਵੱਲੋਂ ਮੈਕਸੀਕੋ ਕੋਲੋਂ ਸਮੁੰਦਰ ਦਾ ਤੱਟ ਪ੍ਰਾਪਤ ਕਰਨ ਵਾਸਤੇ ਖਰੀਦਿਆ ਗਿਆ ਸੀ। ਇਸ ਦੀ ਧਰਤੀ ਹੇਠ ਤੇਲ ਦੇ ਵੱਡੇ ਭੰਡਾਰ ਹਨ। ਅਮਰੀਕਾ ਦੂਜੇ ਦੇਸ਼ਾਂ ਕੋਲੋਂ ਸਸਤਾ ਲੈਣ ਲੈਣ ਲਈ ਕਈ ਸਿਆਹ ਸਫ਼ੇਦ ਹੀਲੇ ਵਸੀਲੇ ਵਰਤਦਾ ਰਹਿੰਦਾ ਹੈ। ਪਰੰਤੂ ਆਪਣੇ ਵਸੀਲਿਆਂ ਨੂੰ ਸੰਕਟ ਸਮੇਂ ਬਚਾਉਣ ਖ਼ਾਤਰ ਆਪਣਾ ਤੇਲ ਬਹੁਤ ਹੀ ਘੱਟ ਕੱਢ ਰਿਹਾ ਹੈ। ਇਸ ਤੋਂ ਬਿਨਾਂ ਉਥੋਂ ਦੇ ਦਰਿਆ ਵੀ ਪੂਰੀ ਭਰਪੂਰਤਾ ਨਾਲ ਵਹਿੰਦੇ ਹਨ ਤੇ ਕਿਸੇ ਨੂੰ ਵੀ ਉਨ੍ਹਾਂ ਨੂੰ ਪ੍ਰਦੂਸ਼ਿਤ ਕਰਨ ਦੀ ਆਗਿਆ ਨਹੀਂ। ਇਕ ਸ਼ਹਿਰ ਵਿਚ ਸੜਕ 'ਤੇ ਰਿਵਰ ਸਾਈਡ ਲਿਖਿਆ ਵੇਖਿਆ, ਪਰ ਕੋਈ ਦਰਿਆ ਕਿਤੇ ਨਜ਼ਰ ਨਹੀਂ ਆਇਆ। ਪੁੱਛਣ 'ਤੇ ਪਤਾ ਲੱਗਾ ਕਿ ਕਦੀ ਇਥੇ ਦਰਿਆ ਵਹਿੰਦਾ ਰਿਹਾ ਹੈ, ਪਰ ਹੁਣ ਸਿਰਫ਼ ਬਰਸਾਤ ਦੇ ਮੌਸਮ ਵਿਚ ਹੀ ਕੁਝ ਪਾਣੀ ਉਥੇ ਆਉਂਦਾ ਹੈ। ਉਸ ਪਾਣੀ ਵਿਚੋਂ ਸ਼ਹਿਰ ਵਾਸਤੇ ਲੋੜੀਂਦਾ ਪਾਣੀ ਰੱਖ ਕੇ ਬਾਕੀ ਪਾਣੀ ਧਰਤੀ ਵਿਚ ਹੀ ਭੇਜਿਆ ਜਾਂਦਾ ਹੈ ਤਾਂ ਕਿ ਧਰਤੀ ਦੀ ਕੁਦਰਤੀ ਨਮੀ ਬਣੀ ਰਹੇ।

ਉਥੋਂ ਦੇ ਜੰਗਲੀ ਜੀਵ ਜੰਤੂਆਂ ਦੀ ਸੁਰੱਖਿਆ ਪ੍ਰਤੀ ਵੀ ਸਰਕਾਰ ਦਾ ਸੰਬੰਧਤ ਵਿਭਾਗ ਪੂਰਾ ਕਿਰਿਆਸ਼ੀਲ ਹੈ। ਸੜਕਾਂ ਤੇ ਪੁਲਾਂ ਦੀ ਉਸਾਰੀ ਕਰਨ ਵਾਲੇ ਮਹਿਕਮੇ ਵਿਚ ਵੀ ਇਕ ਵਾਤਾਵਰਨ ਨਾਲ ਸੰਬੰਧਤ ਵਿਭਾਗ ਹੁੰਦਾ ਹੈ। ਉਹ ਕੁਦਰਤੀ ਜੀਵਾਂ, ਖ਼ਾਸ ਕਰਕੇ ਖ਼ਤਮ ਹੋਣ ਕੰਢੇ ਪਹੁੰਚੀਆਂ ਕਿਸਮਾਂ ਦਾ ਉਚੇਚੇ ਤੌਰ 'ਤੇ ਧਿਆਨ ਰੱਖਦਾ ਹੈ ਅਤੇ ਨਾਲ ਹੀ ਬਚਾਓ ਸੰਬੰਧੀ ਸਮੇਂ-ਸਮੇਂ ਹਦਾਇਤਾਂ ਵੀ ਜਾਰੀ ਕਰਦਾ ਹੈ।

ਅਜਿਹਾ ਇਕ ਜੀਵ ਮਾਰੂਥਲੀ ਕੱਛੂਕੁੰਮਾ (ਡੈਜ਼ਰਟ ਟਾਰਟਾਇਜ਼) ਹੈ ਜਿਸ ਨੂੰ ਪ੍ਰਾਂਤਕ ਸਰਕਾਰ ਨੇ ਸੂਬੇ ਦਾ ਸਰਕਾਰੀ ਜਲਥਲੀ ਜੀਵ (ਸਟੇਟ ਰੈਪਟਾਈਲ) ਐਲਾਨਿਆਂ ਹੋਇਆ ਹੈ। ਉਸ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੂੰ ਪੰਜਾਹ ਹਜ਼ਾਰ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਤੇ ਛੇ ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਵੀ। ਇਵੇਂ ਹੀ ਮੁਹਾਵੀ (ਸ਼ਹਿਰ ਦਾ ਨਾਮ) ਦੀ ਜ਼ਮੀਨੀ ਗਲਹਿਰੀ (ਮੁਹਾਵੀ'ਜ਼ ਗਰਾਊਂਡ ਸਕੁਇਰਲ) ਤੇ ਮਧਰੀ ਲੂੰਬੜੀ (ਕਿਟ ਫੌਕਸ) ਵਾਸਤੇ ਵੀ ਅਜਿਹੇ ਕਾਨੂੰਨ ਲਾਗੂ ਹਨ। ਇਸ ਤੋਂ ਬਿਨਾਂ ਹੋਰ ਸੂਬਿਆਂ ਵਿਚ ਉੱਥੋਂ ਦੇ ਜਾਨਵਰਾਂ ਬਾਰੇ ਵੀ ਅਜਿਹੇ ਨਿਯਮ ਹਨ। ਇਨ੍ਹਾਂ ਗੱਲਾਂ ਬਾਰੇ ਅਮਰੀਕਾ ਦਾ ਫ਼ਿਕਰ ਤੇ ਸੰਵੇਦਨਸ਼ੀਲਤਾ ਚੰਗੇ ਲੱਗੇ ਤੇ ਹੋਰ ਵੀ ਚੰਗਾ ਲੱਗਾ ਕਿ ਇਸ ਦੇਸ਼ ਵਿਚ ਨਿਯਮ ਸੱਚਮੁੱਚ ਲਾਗੂ ਹੁੰਦੇ ਹਨ। ਮਨ ਵਿਚ ਹਸਰਤ ਜਾਗਦੀ ਹੈ ਕਿ ਕਾਸ਼ ! ਸਾਡੇ ਦੇਸ਼ ਵਿਚ ਵੀ ਇਸ ਤਰ੍ਹਾਂ ਹੋ ਸਕਦਾ ! ਪਰ ਦੂਜੇ ਹੀ ਪਲ ਇਹ ਸੋਚ ਕੇ ਹੈਰਾਨੀ ਹੋਣ ਲੱਗਦੀ ਹੈ ਕਿ ਆਪਣੇ ਦੇਸ਼ ਦੀ ਮਿੱਟੀ, ਇਥੋਂ ਦੇ ਬਸ਼ਿੰਦਿਆਂ ਤੇ ਜੀਵ-ਜੰਤੂਆਂ ਬਾਰੇ ਏਨੀਆਂ ਕੋਮਲ ਭਾਵਨਾਵਾਂ ਰੱਖਣ ਵਾਲਾ ਅਮਰੀਕਾ ਦੂਜੇ ਦੇਸ਼ਾਂ ਵਿਚ ਖ਼ੁਦ ਹੀ ਸਾਰੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਕਿਸ ਤਰ੍ਹਾਂ ਉਡਾ ਦੇਂਦਾ ਹੈ !

# ਲੋਕ ਕਥਾਵਾਂ ਵਿਚ ਲੁਕੇ ਸੁਨੇਹੇ

ਬਚਪਨ ਵਿਚ ਰਾਤ ਵੇਲੇ ਬਾਲਾਂ ਵੱਲੋਂ ਵੱਡਿਆਂ ਕੋਲੋਂ ਬਾਤਾਂ (ਕਹਾਣੀਆਂ) ਸੁਣਨ ਵਾਲੇ ਪਲ ਬਹੁਤ ਮਨਭਾਉਂਦੇ ਹੁੰਦੇ ਸਨ। ਬਾਤਾਂ ਸੁਣਨ ਦੀ ਲਲ੍ਹਕ ਤੇ ਕਿਸੇ ਨਾਨੀ, ਦਾਦੀ, ਮਾਂ, ਬਾਪ ਜਾਂ ਕਿਸੇ ਹੋਰ ਵਡੇਰੇ ਦੇ ਮੂੰਹੋਂ ਇਨ੍ਹਾਂ ਬਾਤਾਂ ਵਾਲਾ ਜਾਦੂ ਦਾ ਪਟਾਰਾ ਖੁੱਲ੍ਹਣ ਦੀ ਉਡੀਕ ਬਾਲਾਂ ਨੂੰ ਨੀਂਦ ਭਰੀਆਂ ਅੱਖਾਂ ਦੇ ਬਾਵਜੂਦ ਜਗਾਈ ਰੱਖਦੀ ਸੀ। ਬਾਤਾਂ ਸੁਣਦਿਆਂ ਹੋਇਆਂ ਬਾਲ ਮਨ ਕਹਾਣੀਆਂ ਦੇ ਪਾਤਰਾਂ ਨਾਲ ਜਾ ਜੁੜਦਾ ਤੇ ਉਸ ਨੂੰ ਚੰਗੇ ਪਾਤਰਾਂ ਨਾਲ ਹਮਦਰਦੀ ਹੋ ਜਾਂਦੀ। ਬੁਰਿਆਂ ਕੋਲੋਂ ਚੰਗੇ ਪਾਤਰਾਂ ਦਾ ਮੁਸ਼ਕਲਾਂ ਸਹਿਣਾ ਉਸ ਨੂੰ ਦੁਖੀ ਕਰਦਾ। ਉਡੀਕ ਲੱਗੀ ਰਹਿੰਦੀ ਕਿ ਕਦੋਂ ਚੰਗੇ ਪਾਤਰ ਜਿੱਤਣਗੇ ਜਾਂ ਉਨ੍ਹਾਂ ਦੀਆਂ ਮੁਸ਼ਕਲਾਂ ਕਦੋਂ ਤੇ ਕਿਸ ਤਰ੍ਹਾਂ ਹੱਲ ਹੋਣਗੀਆਂ। ਫਿਰ ਕਲਪਨਾ ਸ਼ਕਤੀ ਸਮਿਆਂ, ਦੂਰੀਆਂ ਤਾਂ ਕੀ ਹਕੀਕਤ ਤਕ ਦੀਆਂ ਸਾਰੀਆਂ ਵਲਗਣਾਂ ਪਾਰ ਕਰ ਕੇ ਉਨ੍ਹਾਂ ਦੇ ਦੁੱਖਾਂ, ਸੰਘਰਸ਼ਾਂ, ਸਿਆਣਪਾਂ ਤੇ ਸੁੱਖਾਂ ਦੇ ਨਾਲ-ਨਾਲ ਤੁਰੀ ਜਾਣ ਲੱਗਦੀ ਸੀ। ਮੈਨੂੰ ਆਪਣਾ ਵੇਲਾ ਯਾਦ ਹੈ ਜਦ ਮੈਂ ਹਰੇਕ ਰਿਸ਼ਤੇਦਾਰ ਤੇ ਜਾਣੂ ਕੋਲੋਂ ਜ਼ਿਦ ਕਰ ਕੇ ਬਾਤਾਂ ਸੁਣਿਆ ਕਰਦੀ ਸਾਂ ਤੇ ਹੌਲੀ-ਹੌਲੀ ਮੈਨੂੰ ਏਨੀਆਂ ਬਾਤਾਂ ਯਾਦ ਹੋ ਗਈਆਂ ਕਿ ਫਿਰ ਛੋਟੇ ਭੈਣ-ਭਰਾ ਤੇ ਜਾਣੂਆਂ ਦੇ ਬਾਲ ਮੇਰੇ ਕੋਲੋਂ ਬਾਤਾਂ ਸੁਣਨ ਦੀ ਜ਼ਿਦ ਕਰਨ ਲੱਗ ਪਏ ਸਨ। ਅਸਲ ਵਿਚ ਇਹ ਮਨੁੱਖੀ ਸੁਭਾਅ ਦਾ ਇਕ ਜ਼ਰੂਰੀ ਹਿੱਸਾ ਹੁੰਦਾ ਸੀ ਜੋ ਮਨੋਰੰਜਨ ਦੇ ਨਾਲ-ਨਾਲ ਬੱਚਿਆਂ ਦੇ ਮਨ ਵਿਚ ਕੁਝ ਚੰਗੇ ਵਿਚਾਰ ਸਹਿਜ ਸੁਭਾਅ ਭਰ ਦੇਂਦਾ ਸੀ। ਹੁਣ ਸਮੇਂ ਨਾਲ ਤਰੀਕੇ ਭਾਵੇਂ ਬਦਲ ਗਏ ਸਨ ਪਰ ਇਸ ਵਿਧਾ ਦੇ ਪ੍ਰਭਾਵ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਹੁਣ ਤਾਂ ਕਹਾਣੀ ਟੀ.ਵੀ. ਸਕਰੀਨ ਉੱਤੇ ਵੀ ਪੇਸ਼ ਕੀਤੀ ਜਾ ਰਹੀ ਹੁੰਦੀ ਹੈ। ਪਰ ਕਹਾਣੀ ਸੁਣਦਿਆਂ ਹੋਇਆਂ ਕਹਾਣੀ ਵਿਚ ਗੁਆਚ ਕੇ ਮਨ ਆਪਣੇ ਜਾਣੇ-ਪਛਾਣੇ ਚੁਫ਼ੇਰੇ ਵਿਚੋਂ ਨਿਕਲ ਕੇ ਕਿਸੇ ਹੋਰ ਦੁਨੀਆਂ ਨੂੰ ਚਿਤਵਦਾ ਤੇ ਵੰਨ-ਸੁਵੰਨੇ ਪਾਤਰਾਂ ਨਾਲ ਰਿਸ਼ਤਾ ਗੰਢ ਕੇ ਆਪਣੀ ਪਸੰਦ ਦੇ ਪਾਤਰਾਂ ਨੂੰ ਮਨ ਹੀ ਮਨ ਵਿਚ ਅਪਣਾ ਲੈਂਦਾ ਹੈ। ਫਿਰ ਇਨ੍ਹਾਂ ਚਿਤਵੇ ਤੇ ਅਣਵੇਖੇ ਪਾਤਰਾਂ ਦੇ ਮਸਲਿਆਂ, ਮੁਸੀਬਤਾਂ ਕਾਰਨ ਫ਼ਿਕਰਮੰਦ ਹੁੰਦਾ, ਇਨ੍ਹਾਂ ਮੁਸ਼ਕਲਾਂ ਵਿਚੋਂ ਨਿਕਲਣ ਵਾਸਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਸੰਘਰਸ਼ ਨਾਲ ਵੀ ਜਾ ਜੁੜਦਾ ਹੈ। ਅੰਤ ਉਨ੍ਹਾਂ ਦੀ ਜਿੱਤ ਹੁੰਦੀ ਸੁਣ ਕੇ, ਚਿਤਵ ਕੇ ਸੁਖ ਦਾ ਸਾਹ ਲੈਂਦਾ ਹੈ, ਜਦੋਂ ਅੰਤ ਵਿਚ ਕਹਾਣੀ ਸੁਣਾਉਣ ਵਾਲੇ ਦੇ ਮੂੰਹੋਂ ਸੁਣਦਾ ਹੈ ਕਿ "ਫੇਰ ਉਹ ਖ਼ੁਸ਼ੀ ਖ਼ੁਸ਼ੀ ਰਹਿਣ ਲੱਗ ਪਏ।"

ਇਹ ਕਹਾਣੀਆਂ ਵਾਲਾ ਵਰਤਾਰਾ ਸਿਰਫ਼ ਸਾਡੇ ਦੇਸ਼, ਸਭਿਆਚਾਰ ਜਾਂ ਖਿੱਤੇ ਵਿਚ ਹੀ ਪ੍ਰਚਲਿਤ ਨਹੀਂ। ਹਰੇਕ ਦੇਸ਼ ਵਿਚ ਅਜਿਹੀਆਂ ਕਥਾਵਾਂ ਕੁਝ ਸੂਝਵਾਨ ਤੇ ਕਲਪਨਾਸ਼ੀਲ ਮਨੁੱਖਾਂ ਵੱਲੋਂ ਘੜੀਆਂ ਜਾਂਦੀਆਂ ਰਹਿੰਦੀਆਂ ਹਨ ਜੋ ਸਦੀਆਂ ਤਕ ਸੀਨਾ-ਬ-ਸੀਨਾ ਪੜ੍ਹੀਆਂ-ਸੁਣੀਆਂ ਜਾਂਦੀਆਂ ਰਹਿੰਦੀਆਂ ਹਨ। ਕੁਝ ਫ਼ਰਕ ਜਾਪਦਾ ਵੀ ਹੈ ਤਾਂ ਉਹ ਸਿਰਫ਼ ਨਾਵਾਂ-ਥਾਵਾਂ ਜਾਂ ਰਸਮਾਂ ਦਾ ਹੀ ਹੁੰਦਾ ਹੈ। ਇਹ ਕਹਾਣੀਆਂ ਜਾਂ ਬਾਤਾਂ ਮਨ ਨੂੰ ਕੁਝ ਪਲਾਂ ਵਾਸਤੇ ਰੁਝਾਈ ਰੱਖਣ ਵਾਲੀਆਂ ਨਿਰਾਰਥਕ ਯੱਬਲੀਆਂ ਹੀ ਨਹੀਂ ਹੁੰਦੀਆਂ। ਇਨ੍ਹਾਂ ਅੰਦਰ ਮਨੁੱਖੀ ਜ਼ਿੰਦਗੀ ਦੀ ਉਸਾਰੀ ਵਿਚ ਹਿੱਸਾ ਪਾਉਣ ਵਾਲੇ ਗਹਿਰੇ ਅਰਥ ਉੱਕਰੇ ਪਏ ਹੁੰਦੇ ਹਨ।

His Dark Materials Triology ਦੇ ਲੇਖਕ ਫਿਲਪ ਪੁਲਮੈਨ ਦਾ ਤਾਂ ਕਹਿਣਾ ਹੈ ਕਿ ਰੋਟੀ, ਘਰ ਤੇ ਦੋਸਤੀ ਤੋਂ ਪਿੱਛੋਂ ਦੁਨੀਆਂ ਨੂੰ ਸਭ ਤੋਂ ਵਧੇਰੇ ਲੋੜ ਕਹਾਣੀ ਦੀ ਹੀ ਹੈ।

ਕਹਾਣੀਆਂ ਭਾਵੇਂ ਦੁਨੀਆਂ ਦੇ ਕਿਸੇ ਵੀ ਹਿੱਸੇ ਦੀਆਂ ਕਿਉਂ ਨਾ ਹੋਣ, ਉਨ੍ਹਾਂ ਦੇ ਮੰਤਵ ਤੇ ਮਕਸਦ ਹਮੇਸ਼ਾ ਇਕੋ ਜਿਹੇ ਹੁੰਦੇ ਹਨ। ਇਹ ਮਕਸਦ ਹਨ—ਮਨੁੱਖਾਂ ਨੂੰ ਮੁਸ਼ਕਲਾਂ ਵਿਚ ਘਬਰਾਉਣ ਦੀ ਥਾਂ ਸੋਚ, ਸਹਿਜ ਤੇ ਹਿੰਮਤ ਵਰਤ ਕੇ ਕਿਸੇ ਅਜਿਹੀ ਤਰਕੀਬ ਦੀ ਵਿਉਂਤਕਾਰੀ ਦੀ ਦੱਸ ਪਾਉਣਾ, ਜੋ ਉਸ ਨੂੰ ਚਲਾਕ ਤੋਂ ਚਲਾਕ ਦੁਸ਼ਮਣ ਦੇ ਸਾਹਮਣੇ ਤੇ ਬੁਰੇ ਤੋਂ ਬੁਰੇ ਹਾਲਾਤ ਵਿਚ ਵੀ ਡੋਲਣ ਨਾ ਦੇਵੇ ਤੇ ਅੰਤ ਕਾਮਯਾਬੀ ਦੇਵੇ।

ਫਿਰ ਇਨ੍ਹਾਂ ਕਥਾਵਾਂ ਦੇ ਅਨਜਾਣੇ, ਅਨਾਮ ਘਾੜਿਆਂ ਦੀ ਸਮਝ ਦੀ ਖ਼ਾਸੀਅਤ ਦੀ ਦਾਦ ਦੇਣੀ ਬਣਦੀ ਹੈ ਕਿ ਸੁਣਨ ਵਾਲੇ ਨੂੰ ਇਹ ਨਹੀਂ ਲੱਗਦਾ ਕਿ ਸਾਨੂੰ ਸਿੱਖਿਆ ਦਿੱਤੀ ਜਾ ਰਹੀ ਹੈ। ਪਰ ਬਾਲ ਮਨ ਵਿਚ ਅਚਿੰਤੇ ਹੀ ਕਿਤੇ ਭਰ ਜ਼ਰੂਰ ਜਾਂਦਾ ਹੈ ਕਿ ਵੱਖ-ਵੱਖ ਮੁਸ਼ਕਲਾਂ ਦੇ ਹੱਲ ਵਾਸਤੇ ਵੱਖੋ-ਵੱਖਰੇ ਤਰੀਕੇ ਵੀ ਬੰਦੇ ਨੂੰ ਹੀ ਲੱਭਣੇ ਪੈਂਦੇ ਹਨ।

ਲੋਕ ਮਨ ਦਾ ਵਿਸ਼ਵਾਸ ਹੈ ਕਿ ਧਰਤੀ 'ਤੇ ਵੱਸਦੇ ਸਾਰੇ ਜੀਵ ਤੇ ਕਥਿਤ ਨਿਰਜੀਵ ਤੇ ਜਾਨਵਰ ਵੀ ਭਾਵੇਂ ਉਹ ਕਿਸੇ ਜਾਤੀ ਦੇ ਹੋਣ, ਭਾਵੇਂ ਕੀੜੀ, ਸ਼ੇਰ ਜਾਂ ਹਾਥੀ ਵਰਗੇ ਹੀ ਹੋਣ, ਮਨੁੱਖਾਂ ਦੀ ਭਾਸ਼ਾ ਜਾਣਦੇ ਸਮਝਦੇ ਹੁੰਦੇ ਹਨ ਤੇ ਉਸੇ ਭਾਸ਼ਾ ਵਿਚ ਮਨੁੱਖਾਂ ਨਾਲ ਸੰਵਾਦ ਵੀ ਰਚਾਉਂਦੇ ਹਨ। ਇਸੇ ਕਰਕੇ ਕਹਾਣੀਆਂ ਦੇ ਪਾਤਰ ਹਰੇਕ ਤਰ੍ਹਾਂ ਦੇ ਜਾਨਦਾਰ ਤੇ ਬੇਜਾਨ ਵਸਤੂਆਂ ਨਾਲ ਵੀ ਵਾਰਤਾਲਾਪ ਰਚਾ ਲੈਂਦੇ ਹਨ। ਉਹ ਬੰਦੇ ਕੋਲੋਂ ਮਦਦ ਮੰਗਦੇ ਹਨ ਤੇ ਮਦਦ ਲੈਂਦੇ ਹਨ। ਫਿਰ ਆਪ ਵੀ ਉਸ ਦੇ ਔਖੇ ਹਾਲਾਤ ਵੇਲੇ ਹਰ ਵੇਲੇ ਹਰ ਹੀਲੇ ਉਸਦੀ ਮਦਦ ਕਰਦੇ ਹਨ। ਇਹ ਵਰਤਾਰਾ ਸਿਰਫ਼ ਜੀਵਾਂ ਤਕ ਸੀਮਤ ਨਹੀਂ ਰਹਿੰਦਾ ਸਗੋਂ ਹਰ ਪੱਥਰ, ਪਹਾੜ, ਬਿਰਖ, ਪਾਣੀ, ਹਵਾ, ਅੱਗ, ਕੰਧਾਂ ਤੇ ਬੂਹੇ ਤਕ ਉਸੇ ਖਿੱਤੇ ਦੀ ਬੋਲੀ ਸਮਝਦੇ ਤੇ ਬੋਲਦੇ ਹਨ। ਇਨਸਾਨ ਨਾਲ ਸੰਜੀਦਾ ਸੰਵਾਦ ਵੀ ਰਚਾਉਂਦੇ ਹਨ। ਇਹ ਤੱਥ ਜੇ ਇਨਸਾਨ ਸਮਝ

ਲਵੇ ਤਾਂ ਉਹ ਕਿਸੇ ਵੀ ਜੀਵ ਜਾਂ ਨਿਰਜੀਵ ਮੰਨੀ ਜਾਂਦੀ ਵਸਤੂ ਨੂੰ ਕਦੇ ਤਕਲੀਫ਼ ਨਾ ਦੇਵੇ।

ਉਪਰੋਕਤ ਅੰਸ਼ਾਂ ਵਾਲੀ ਇਕ ਕਹਾਣੀ ਚੇਤੇ ਆ ਰਹੀ ਹੈ।

ਇਕ ਮਿਹਨਤਕਸ਼ ਨੌਜੁਆਨ ਕਿਸੇ ਰਾਜੇ ਦੇ ਰਾਜ ਵਿਚ ਰਹਿੰਦਾ ਹੈ। ਉਸ ਰਾਜ ਵਿਚ ਰਾਜੇ ਤੇ ਲੋਕਾਂ ਨੂੰ ਕਿਸੇ ਬੁਰੀ ਸੋਚ ਵਾਲੇ ਸ਼ਕਤੀਸ਼ਾਲੀ ਮਨੁੱਖ (ਅਜਿਹੇ ਲੋਕਾਂ ਨੂੰ ਅਕਸਰ ਰਾਖਸ਼ ਕਿਹਾ ਜਾਂਦਾ ਹੈ) ਨੇ ਬਹੁਤ ਪ੍ਰੇਸ਼ਾਨ ਕੀਤਾ ਹੋਇਆ ਹੈ। ਰਾਜਾ ਕਿਸੇ ਤਰ੍ਹਾਂ ਉਸ ਮੁਸੀਬਤ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਨੌਜੁਆਨ ਦਾ ਕੋਈ ਵਿਰੋਧੀ ਰਾਜੇ ਨੂੰ ਚੁਗਲੀ ਕਰ ਦੇਂਦਾ ਹੈ ਕਿ ਫਲਾਣਾ ਮੁੰਡਾ ਉਸ ਰਾਖਸ਼ ਨੂੰ ਮਾਰ ਕੇ ਲੋਕਾਂ ਨੂੰ ਉਸ ਤੋਂ ਛੁਟਕਾਰਾ ਦੁਆ ਸਕਦਾ ਹੈ। ਰਾਜਾ ਤਾਂ ਉਹੋ ਕੁਝ ਭਾਲਦਾ ਹੁੰਦਾ ਹੈ। ਉਹ ਨੌਜੁਆਨ ਨੂੰ ਬੁਲਾ ਕੇ ਉਸ ਨੂੰ ਇਕ ਮਹੀਨੇ ਦੇ ਅੰਦਰ ਉਸ ਦੁਸ਼ਟ ਰਾਖਸ਼ ਨੂੰ ਮਾਰ ਮੁਕਾਉਣ ਦਾ ਹੁਕਮ ਦੇਂਦਾ ਹੈ। ਫਿਰ ਜਿਵੇਂ ਕਿ ਰਾਜਿਆਂ ਦੇ ਹੁਕਮ ਹੁੰਦੇ ਹਨ, ਰਾਜਾ ਇਹ ਵੀ ਕਹਿੰਦਾ ਹੈ ਕਿ ਜੇ ਤੂੰ ਇਹ ਕੰਮ ਦਿੱਤੇ ਗਏ ਸਮੇਂ ਵਿਚ ਨਾ ਕੀਤਾ ਤਾਂ ਤੈਨੂੰ ਤੇਰੇ ਸਾਰੇ ਪਰਿਵਾਰ ਸਮੇਤ ਖ਼ਤਮ ਕਰ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਨੂੰ ਕਹਾਣੀ ਸੁਣਾਉਣ ਵਾਲਾ ਕੁਝ ਇੰਜ ਸੁਣਾਉਂਦਾ..."ਨਹੀਂ ਤਾਂ ਤੇਰਾ ਘਾਣ ਬੱਚਾ ਘਾਣ ਹੋ ਜਾਊਗਾ।" ਉਹ ਲੜਕਾ ਮੁਸ਼ਕਲ ਵਿਚ ਫਸ ਜਾਂਦਾ ਹੈ। ਆਖ਼ਰ ਉਹ ਰਾਖ਼ਸ਼ ਦੇ ਘਰ ਵੱਲ ਤੁਰ ਪੈਂਦਾ ਹੈ। ਫ਼ਿਕਰਮੰਦ ਤੇ ਸੋਚਾਂ ਵਿਚ ਗਲਤਾਨ ਲੜਕਾ ਰਸਤੇ ਵਿਚ ਇਕ ਦਰਿਆ ਦੇ ਕਿਨਾਰੇ ਬੈਠ ਜਾਂਦਾ ਹੈ। ਜਿਵੇਂ ਕਿ ਲੋਕ ਮਨ ਵਿਚ ਕੁਦਰਤ ਦਾ ਹਰੇਕ ਅੰਸ਼, ਸਮੇਤ ਜੀਅ ਜੰਤੂ ਮਨੁੱਖ ਨਾਲ ਉਸਦੀ ਭਾਸ਼ਾ ਵਿਚ ਗੱਲ ਕਰਦਾ ਹੈ, ਦਰਿਆ ਉਸ ਨੂੰ ਪੁੱਛਦਾ ਹੈ..."ਜੁਆਨਾ ਤੂੰ ਕਿਹੜੇ ਫ਼ਿਕਰ ਵਿਚ ਹੈਂ।"

ਲੜਕਾ ਉਸ ਨੂੰ ਸਮੱਸਿਆ ਦੱਸਦਾ ਹੈ ਤਾਂ ਦਰਿਆ ਕਹਿੰਦਾ ਹੈ, "ਮੈਨੂੰ ਵੀ ਆਪਣੇ ਨਾਲ ਲੈ ਚੱਲ, ਮੈਂ ਤੇਰੀ ਮਦਦ ਕਰਾਂਗਾ।"

ਉਹ ਲੜਕਾ ਦਰਿਆ ਨੂੰ ਕਹਿੰਦਾ ਹੈ, "ਚੱਲ ਫਿਰ ਵੜ ਜਾਹ ਮੇਰੇ ਕੰਨ ਦੀ ਕਨੂਲੀ ਵਿਚ" ਤੇ ਦਰਿਆ ਵੜ ਜਾਂਦਾ ਹੈ।

ਅੱਗੇ ਇਸ ਤਰ੍ਹਾਂ ਉਸ ਮੁੰਡੇ ਨੂੰ ਸ਼ੇਰ, ਝੱਖੜ ਤੇ ਚੂਹਾ ਮਿਲਦੇ ਹਨ ਤੇ ਸਭ ਉਸ ਦੀ ਪ੍ਰੇਸ਼ਾਨੀ ਪੁੱਛਦੇ ਹਨ ਤੇ ਦਰਿਆ ਵਾਂਗ ਹੀ ਉਸਦੀ ਮਦਦ ਵੀ ਕਰਨਾ ਚਾਹੁੰਦੇ ਹਨ। ਉਹ ਹਰ ਇਕ ਨੂੰ ਇਹੋ ਕਹਿੰਦਾ ਹੈ—"ਵੜ ਜਾਹ ਮੇਰੇ ਕੰਨ ਦੀ ਕਨੂਲੀ ਵਿਚ।"

ਤੇ ਉਹ ਵੜ ਜਾਂਦੇ ਹਨ।

ਆਖ਼ਰ ਉਹ ਰਾਖਸ਼ ਜਾਂ ਦਿਓ (ਜੋ ਵੀ ਕਹਿ ਲਈਏ) ਦਾ ਸਾਹਮਣਾ ਕਰਨ ਪਹੁੰਚਦਾ ਹੈ। ਚੂਹੇ ਨੂੰ ਅੰਦਰ ਦਾ ਹਾਲ ਜਾਨਣ ਭੇਜਿਆ ਜਾਂਦਾ ਹੈ। ਉਹ ਦੱਸਦਾ ਹੈ ਕਿ ਰਾਖਸ਼ ਘਰ ਦੇ ਅੰਦਰ ਹੀ ਹੈ। ਲੜਕਾ ਉਸ ਨੂੰ ਬਾਹਰ ਨਿਕਲਣ ਵਾਸਤੇ ਵੰਗਾਰਦਾ ਹੈ। ਰਾਖਸ਼ ਅੰਦਰੋਂ ਇਕ ਖ਼ੂੰਖ਼ਾਰ ਬਘਿਆੜ ਭੇਜਦਾ ਹੈ। ਲੜਕਾ ਬੋਲਦਾ ਹੈ :

"ਅੱਗੇ ਛੱਜ ਪਿੱਛੇ ਬੁਹਾਰੀ

ਨਿਕਲ ਸ਼ੇਰਾ ਤੇਰੀ ਵਾਰੀ"

ਸ਼ੇਰ ਨਿਕਲ ਕੇ ਬਘਿਆੜ ਨੂੰ ਖਾ ਜਾਂਦਾ ਹੈ। ਫਿਰ ਇਸੇ ਤਰ੍ਹਾਂ ਉਹ ਦਿਓ ਹਨੇਰੀ ਨੂੰ ਭੇਜਦਾ ਹੈ ਤੇ ਲੜਕਾ ਜ਼ੋਰਦਾਰ ਝੱਖੜ ਕੱਢ ਕੇ ਦਿਓ ਦੀ ਹਨੇਰੀ ਨੂੰ ਬੇਅਸਰ ਕਰ ਦੇਂਦਾ ਹੈ ਕਿ ਆਖ਼ਰ ਦਰਿਆ ਨੂੰ ਬੁਲਾ ਕੇ ਰਾਖਸ਼ ਨੂੰ ਉਸ ਦੇ ਘਰ ਸਮੇਤ ਰੋੜ੍ਹ ਕੇ ਉਸਦੀ ਅਲਖ ਹੀ ਮੁਕਾ ਦੇਂਦਾ ਹੈ। ਫਿਰ ਜੇਤੂ ਹੋ ਕੇ ਘਰ ਵਾਪਸ ਮੁੜਦਿਆਂ ਚੂਹੇ, ਸ਼ੇਰ, ਝੱਖੜ ਤੇ ਦਰਿਆ ਦਾ ਧੰਨਵਾਦ ਕਰਦਾ ਸਭ ਨੂੰ ਉਨ੍ਹਾਂ ਦੀਆਂ ਥਾਵਾਂ 'ਤੇ ਛੱਡਦਾ ਜਾਂਦਾ ਹੈ।

ਇਹ ਕਹਾਣੀ ਸੁਣਾਉਣ ਵਾਲਾ ਜਦੋਂ ਹਰ ਵਾਰ ਕਹਿੰਦਾ ਹੈ—

"ਅੱਗੇ ਛੱਜ ਪਿੱਛੇ ਬੁਹਾਰੀ ਨਿਕਲ ਫਲਾਨਿਆਂ ਤੇਰੀ ਵਾਰੀ" ਤਾਂ ਬਾਤ ਸੁਣਨ ਵਾਲੇ ਬੱਚਿਆਂ ਨੂੰ ਪਤਾ ਲੱਗ ਜਾਂਦਾ ਹੈ ਕਿ ਹੁਣ ਸ਼ੇਰ ਨੇ ਨਿਕਲਣਾ ਹੈ, ਹੁਣ ਦਰਿਆ ਦੀ ਵਾਰੀ ਹੈ...ਆਦਿ ਤੇ ਇਸ ਤਰ੍ਹਾਂ ਉਤਸੁਕਤਾ ਭਰੀ ਦਿਲਚਸਪੀ ਬਣੀ ਰਹਿੰਦੀ ਹੈ। ਮਨੋਂ ਉਹ ਦਿਓ ਦਾ ਹਾਰਨਾ ਚਿਤਵਦੇ ਰਹਿੰਦੇ ਹਨ। ਇਸ ਤਰ੍ਹਾਂ ਇਕ ਕਹਾਣੀ ਨੂੰ ਸੁਣਦਿਆਂ ਬਾਲਾਂ ਦੀ ਕਲਪਨਾ ਸ਼ਕਤੀ ਕਈ ਕੁਝ ਤਸੱਵਰ ਕਰਦੀ ਰਹਿੰਦੀ ਹੈ ਤੇ ਕਿਸੇ ਨਾ ਕਿਸੇ ਸਾਰਥਕ ਸੁਨੇਹੇ ਜਾਂ ਸੱਚਾਈ ਦਾ ਸਬਕ ਉਨ੍ਹਾਂ ਤਕ ਸਹਿਜ ਸੁਭਾਅ ਅੱਪੜ ਜਾਂਦਾ ਹੈ। ਇਹ ਸਾਡੇ ਹੀ ਨਹੀਂ, ਹਰੇਕ ਖਿੱਤੇ ਦੇ ਲੋਕ ਮਨ ਦਾ ਸਬਕ ਹੈ ਕਿ ਅੰਤ ਬੁਰੀ ਸ਼ਕਤੀ ਨੇ ਚੰਗੀ ਸ਼ਕਤੀ ਕੋਲੋਂ ਹਾਰਨਾ ਹੀ ਹੁੰਦਾ ਹੈ।

ਇਸ ਕਹਾਣੀ ਵਿਚ ਦਰਿਆ, ਸ਼ੇਰ, ਝੱਖੜ ਤੇ ਚੂਹੇ ਆਦਿ ਵੱਲੋਂ ਇਨਸਾਨ ਦੀ ਉਦਾਸੀ ਨੂੰ ਭਾਂਪ ਲੈਣਾ ਤੇ ਉਸਦੀ ਮਦਦ ਕਰਨ ਵਾਸਤੇ ਤਿਆਰ ਹੋ ਜਾਣਾ ਕੁਦਰਤੀ ਸ਼ਕਤੀਆਂ ਤੇ ਜੀਵ ਜੰਤੂਆਂ ਦੇ ਇਨਸਾਨ ਦੇ ਦੋਸਤ ਤੇ ਹਮਦਰਦ ਹੋਣ ਦਾ ਸੁਨੇਹਾ ਹੈ। ਇਨਸਾਨ ਨੂੰ ਉਨ੍ਹਾਂ ਦੇ ਦੋਸਤ ਤੇ ਰਹਿਮਦਿਲ ਬਣਨ ਦਾ ਮਸ਼ਵਰਾ ਹੈ।

ਹੁਣ ਕੰਨ ਦੀ ਕਨੂਲੀ ਬਾਰੇ ਸੋਚਦਿਆਂ ਦੇਖੀਏ ਤਾਂ ਇਹ ਸ਼ਕਤੀਆਂ ਜਾਂ ਜੀਵ ਕਿਸੇ ਦੇ ਵੀ ਕੰਨ ਦੀ ਕਨੂਲੀ ਵਿਚ ਭਲਾ ਕਿਸ ਤਰ੍ਹਾਂ ਵੜ ਸਕਦੇ ਹਨ।

ਇਹ ਕੁਦਰਤ ਦੀਆਂ ਸ਼ਕਤੀਆਂ ਦਾ, ਉਨ੍ਹਾਂ ਦੀ ਧੁਨੀ ਸ਼ਕਤੀ ਰਾਹੀਂ ਉਸ ਦੇ ਨਾਲ ਹੋਣ ਦਾ ਯਕੀਨ ਹੈ ਜੋ ਉਸ ਕਹਾਣੀ ਦੇ ਨਾਇਕ ਦੇ ਸਵੈ-ਵਿਸ਼ਵਾਸ ਵਿਚ ਅਥਾਹ ਸ਼ਕਤੀ ਭਰ ਦੇਂਦਾ ਹੈ। ਇਸ ਵਿਸ਼ਵਾਸ ਨੂੰ ਆਪਣੀ ਜਾਂਬਾਜ਼ੀ ਵਿਚ ਗੁੰਨ੍ਹ ਕੇ ਉਹ ਰਾਖਸ਼ ਦੇ ਰੂਪ ਵਿਚ ਬੁਰੀ ਸ਼ਕਤੀ ਦਾ ਹੌਂਸਲਾ ਤੋੜਦਾ ਹੈ ਤੇ 'ਅੱਗੇ ਛੱਜ ਪਿੱਛੇ ਬੁਹਾਰੀ ਨਿਕਲ ਫਲਾਨਿਆਂ ਤੇਰੀ ਵਾਰੀ' ਸਵੈ ਤੇ ਯਕੀਨ ਦਾ ਇਕ ਮੰਤਰ ਬਣ ਜਾਂਦਾ ਹੈ।

ਉਸ ਨੂੰ ਜਾਪਦਾ ਹੈ ਕਿ ਕੁਦਰਤ ਦੀਆਂ ਸ਼ਕਤੀਆਂ ਮੇਰੀ ਮਦਦ 'ਤੇ ਹਨ ਕਿਉਂਕਿ ਮੈਂ ਭਲੇ ਮੰਤਵ ਵਾਸਤੇ ਜਾ ਰਿਹਾ ਹਾਂ। ਛੱਜ ਕਿਸੇ ਜਿਣਸ ਵਿਚੋਂ ਕੂੜ ਕਬਾੜ ਨੂੰ ਛੱਟਣ ਦੇ ਕੰਮ ਆਉਂਦਾ ਹੈ ਤੇ ਬੁਹਾਰੀ ਜਾਂ ਬਹੁਕਰ ਉਸ ਕੂੜੇ ਨੂੰ ਹੂੰਝ ਕੇ ਸੁੱਟ ਦੇਂਦੀ ਹੈ। ਇਥੇ ਨਾਂਹ ਪੱਖੀ ਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸ਼ਕਤੀਆਂ

ਸਮਾਜ ਦਾ ਕੂੜਾ ਹੋਣ ਦਾ ਸੁਨੇਹਾ ਹੈ ਜਿਸ ਨੂੰ ਸਾਫ਼ ਮਨ, ਬਹਾਦਰੀ ਤੇ ਕੁਦਰਤ ਦੀ ਮਦਦ ਨਾਲ ਹਾਰਾਇਆ ਜਾ ਸਕਦਾ ਹੈ।

ਕਹਾਣੀਆਂ ਵਿਚ ਮੁੱਖ ਤੌਰ 'ਤੇ ਭੇੜ ਚੰਗੇ ਤੇ ਮਾੜੇ (ਚੰਗੀ ਤੇ ਬੁਰੀ ਸੋਚ ਵਾਲੇ) ਦਾ ਹੀ ਹੁੰਦਾ ਹੈ ਕਿਉਂਕਿ ਸਾਰੇ ਚੰਗਿਆਂ ਪਾਤਰਾਂ ਨਾਲ ਵੀ ਕਹਾਣੀ ਨਹੀਂ ਬਣਦੀ। ਚੰਗਾ ਸੁਨੇਹਾ ਪਹੁੰਚਾਉਣ ਵਾਸਤੇ ਮੁਕਾਬਲੇ ਵਿਚ ਬੁਰਾਈ ਨੂੰ ਹਾਰਦਿਆਂ ਦਿਖਾਉਣਾ ਲਾਜ਼ਮੀ ਹੁੰਦਾ ਹੈ। ਪਰ ਸਾਡੀਆਂ ਪੰਜਾਬੀ ਰਹਿਤਲ ਦੀਆਂ ਕਹਾਣੀਆਂ ਵਿਚ ਕਈ ਵਾਰ ਬੁਰੇ ਜਾਂ ਦੂਜੇ ਪਾਤਰਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਾਤਰ ਵੀ ਨਾਇਕ ਹੁੰਦੇ ਹਨ। ਅਕਸਰ ਇਸ ਤਰ੍ਹਾਂ ਦੇ ਪਾਤਰ ਉਹ ਹੁੰਦੇ ਹਨ ਜੋ ਅਮੀਰ ਤੇ ਸ਼ਕਤੀਸ਼ਾਲੀ ਲੋਕਾਂ ਨੂੰ ਲੁੱਟਦੇ ਹਨ ਪਰ ਕਮਜ਼ੋਰ ਤੇ ਨਿਮਾਣੇ ਲੋਕਾਂ ਦੀ ਮਦਦ ਕਰਦੇ ਹਨ। ਇਸ ਤਰ੍ਹਾਂ ਦੇ ਅਸਲੀ ਪਾਤਰਾਂ ਦੀਆਂ ਕਹਾਣੀਆਂ ਬਚਪਨ ਵਿਚ ਆਪਣੇ ਵਡੇਰਿਆਂ ਦੇ ਮੂੰਹੋਂ ਸੁਣੀਆਂ ਸਨ। ਮੇਰੀ ਨਾਨੀ ਕਿਸੇ ਡਾਕੂ ਸੁੰਦਰ ਸਿੰਘ ਦੀ ਕਹਾਣੀ ਸੁਣਾਇਆ ਕਰਦੀ ਸੀ। ਉਹ ਬੜਾ ਜਵ੍ਹੇ ਵਾਲਾ ਤੇ ਬਹਾਦਰ ਸੀ। ਉਹ ਤਕੜੇ ਜ਼ਿਮੀਂਦਾਰਾਂ ਤੇ ਅਮੀਰ ਸ਼ਾਹੂਕਾਰਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਸੀ ਤੇ ਉਸ ਲੁੱਟ ਦੇ ਪੈਸੇ ਨਾਲ ਗ਼ਰੀਬ ਪਰਿਵਾਰਾਂ ਦੀਆਂ ਕੁੜੀਆਂ ਦੇ ਵਿਆਹ ਆਦਿ ਦੇ ਕਾਰਜ ਕਰਵਾ ਦੇਂਦਾ ਸੀ। ਫਿਰ ਉਨ੍ਹਾਂ ਕੁੜੀਆਂ ਨਾਲ ਜੀਂਦੇ ਜੀ ਸਦਾ ਭਰਾ ਬਣ ਕੇ ਨਿਭਦਾ ਵੀ ਸੀ। ਲੋਕਾਂ ਦੀ ਅਜਿਹੇ ਪਾਤਰਾਂ ਨਾਲ ਹਮਦਰਦੀ ਰਹਿੰਦੀ ਸੀ ਤੇ ਉਹ ਪੁਲਿਸ ਨੂੰ ਉਨ੍ਹਾਂ ਦੀ ਸੂਚਨਾ ਨਹੀਂ ਸਨ ਦੇਂਦੇ। ਅਸਲ ਵਿਚ ਅਜੇਹੇ ਲੋਕਾਂ ਨਾਲ ਪਹਿਲਾਂ ਕੋਈ ਬੇਇਨਸਾਫ਼ੀ ਜਾਂ ਜ਼ਿਆਦਤੀ ਹੋਈ ਹੁੰਦੀ ਸੀ ਜਿਸ ਕਰਕੇ ਉਹ ਇਸ ਰਸਤੇ ਤੁਰੇ ਹੁੰਦੇ ਸਨ। ਲੋਕ ਮਨ ਉਨ੍ਹਾਂ ਨਾਲ ਹੋਈ ਬੇਇਨਸਾਫ਼ੀ ਕਰਕੇ ਉਨ੍ਹਾਂ ਦੇ ਬੁਰੇ ਬਣ ਜਾਣ ਨੂੰ ਉਦੋਂ ਤਕ ਗ਼ਲਤ ਨਹੀਂ ਸੀ ਮੰਨਦਾ ਜਦੋਂ ਤਕ ਉਹ ਕੋਈ ਕਿਰਦਾਰੋਂ ਡਿੱਗਿਆ ਕੰਮ ਕਰ ਕੇ ਆਪਣਾ ਅਕਸ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਡੇਗ ਨਹੀਂ ਸਨ ਲੈਂਦੇ।

ਇਸ ਤਰ੍ਹਾਂ ਦੀ ਇਕ ਕਹਾਣੀ ਬਚਪਨ ਵਿਚ ਅਸੀਂ ਸਾਰੇ ਭੈਣ ਭਰਾ ਆਪਣੇ ਬੀਜੀ ਕੋਲੋਂ ਸੁਣਨ ਦੀ ਜ਼ਿਦ ਬਾਰ-ਬਾਰ ਕਰਿਆ ਕਰਦੇ ਸਾਂ। ਉਸ ਦਾ ਨਾਇਕ ਇਕ ਜੜ੍ਹਪੁੱਟ ਨਾਮ ਦਾ ਲੜਕਾ ਹੁੰਦਾ ਸੀ, ਜਿਸ ਦੇ ਮਾਂ-ਬਾਪ ਦੀ ਮੌਤ ਪਿੱਛੋਂ ਉਸ ਦੇ ਤਿੰਨ ਵੱਡੇ ਭਰਾ-ਭਰਜਾਈਆਂ ਨੇ ਉਸ ਨੂੰ ਘਰ ਤੇ ਜ਼ਮੀਨ ਜਾਇਦਾਦ ਵਿਚੋਂ ਕੋਈ ਹਿੱਸਾ ਦਿੱਤੇ ਬਗ਼ੈਰ ਕੱਢ ਦਿੱਤਾ ਸੀ। ਉਹ ਕਈ ਢੰਗ ਵਰਤ ਕੇ ਆਖ਼ਰ ਵਿਚ ਆਪਣੇ ਭਰਾਵਾਂ ਨੂੰ ਪਰਿਵਾਰਾਂ ਸਮੇਤ ਬਰਬਾਦ ਕਰ ਦੇਂਦਾ ਹੈ। ਸਾਨੂੰ ਉਹ ਕਹਾਣੀ ਸੁਣ ਕੇ ਜੜ੍ਹਪੁੱਟ ਦਾ ਚਲਾਕੀ ਨਾਲ ਬਦਲਾ ਲੈਣਾ ਚੰਗਾ ਲੱਗਦਾ ਸੀ। ਮਨ ਵਿਚ ਕਿਤੇ ਨਾ ਕਿਤੇ ਇਸ ਤਰ੍ਹਾਂ ਦੇ ਪਾਤਰ ਨਾਲ ਹੋਈ ਬੇਇਨਸਾਫ਼ੀ ਲੋਕਾਂ ਨੂੰ ਚੁਭਦੀ ਰਹਿੰਦੀ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਕਥਾਵਾਂ ਲੋਕ ਮਨ ਵਿਚ ਪ੍ਰਚਲਿਤ ਸਨ ਜਿਹੜੀਆਂ ਦੱਸਦੀਆਂ ਹਨ ਕਿ ਕਿਸੇ ਨਾਲ ਜ਼ਿਆਦਤੀ ਕੀਤੀ ਜਾਵੇ ਤਾਂ ਉਹ ਬਦਲਾਖੋਰੀ ਦੀ ਭਾਵਨਾ ਅਧੀਨ ਕਿੰਨਾ ਖ਼ਤਰਨਾਕ ਮਨੁੱਖ ਬਣ ਸਕਦਾ ਹੈ। ਇਹ ਕਹਾਣੀਆਂ ਦਿਲਚਸਪ

ਤਰੀਕੇ ਨਾਲ ਸਿੱਖਿਆ ਦੇਂਦੀਆਂ ਹਨ ਕਿ ਰਿਸ਼ਤਿਆਂ ਵਿਚ ਬੇਈਮਾਨੀ ਕਰਨ ਵਾਲੇ ਨੂੰ ਭਿਆਨਕ ਸਜ਼ਾ ਵੀ ਭੁਗਤਣੀ ਪੈ ਸਕਦੀ ਹੈ।

ਇਕ ਨਿੱਕੀ ਜਿਹੀ ਬਾਤ ਵਿਚ ਮਿਹਨਤ ਕਰ ਕੇ ਸਫਲਤਾ ਹਾਸਲ ਕਰਨ ਦੀ ਸਿੱਖਿਆ ਹੈ। ਜਿਵੇਂ ਇਕ ਆਦਮੀ ਦੇ ਚਾਰ ਪੁੱਤਰ ਹਨ ਤੇ ਉਹ ਬਹੁਤ ਨਿਕੰਮੇ ਤੇ ਆਲਸੀ ਸਨ। ਉਹ ਮਰਨ ਲੱਗਿਆਂ ਆਪਣੇ ਪੁੱਤਰਾਂ ਨੂੰ ਕਹਿੰਦਾ ਹੈ ਕਿ ਮੈਂ ਖੇਤ ਵਿਚ ਖ਼ਜ਼ਾਨਾ ਦੱਬਿਆ ਹੋਇਆ ਹੈ। ਮੇਰੇ ਮਰਨ ਪਿੱਛੋਂ ਪੁੱਟ ਕੇ ਕੱਢ ਲੈਣਾ। ਲੜਕੇ ਖ਼ਜ਼ਾਨਾ ਲੱਭਣ ਵਾਸਤੇ ਸਾਰਾ ਖੇਤ ਪੁੱਟ ਦੇਂਦੇ ਹਨ। ਕੁਝ ਲੱਭਦਾ ਤਾਂ ਨਹੀਂ ਪਰ ਕਿਸੇ ਦੇ ਕਹਿਣ 'ਤੇ ਡੂੰਘੇ ਪੁੱਟੇ ਹੋਏ ਖੇਤ ਵਿਚ ਫ਼ਸਲ ਬੀਜ ਦੇਂਦੇ ਹਨ। ਭਰਵੀਂ ਫ਼ਸਲ ਹੁੰਦੀ ਹੈ ਤੇ ਖੇਤ ਵਿਚਲੇ ਖ਼ਜ਼ਾਨੇ ਦਾ ਮੰਤਰ ਵਰਗਾ ਭੇਦ ਮੁੰਡਿਆਂ ਦੀ ਸਮਝ ਵਿਚ ਆ ਜਾਂਦਾ ਹੈ। ਇਵੇਂ ਹੀ ਇਕ ਪਰਿਵਾਰ ਵਿਚਲੇ ਆਪਸ ਵਿਚ ਲੜਦੇ ਭਿੜਦੇ ਰਹਿਣ ਵਾਲੇ ਮੁੰਡਿਆਂ ਦੇ ਪਿਤਾ ਵੱਲੋਂ ਉਨ੍ਹਾਂ ਨੂੰ ਕੁਝ ਇਕੱਠੀਆਂ ਬੰਨ੍ਹੀਆਂ ਹੋਈਆਂ ਲੱਕੜੀਆਂ ਪਕੜਾ ਕੇ ਤੋੜਨ ਵਾਸਤੇ ਕਹਿਣਾ। ਉਨ੍ਹਾਂ ਵੱਲੋਂ ਇਨ੍ਹਾਂ ਨੂੰ ਨਾ ਤੋੜ ਸਕਣ ਤੇ ਇਕੱਲੀ ਲੱਕੜੀ ਫੜਾ ਕੇ ਤੋੜਨ ਵਾਸਤੇ ਦੇਣੀ ਤੇ ਫਿਰ ਇਸ ਕਿਰਿਆ ਰਾਹੀਂ ਏਕੇ ਦੀ ਬਰਕਤ ਨੂੰ ਸਮਝਾਉਣ ਦੀ ਉਦਾਹਰਣ ਵਾਲੀ ਕਹਾਣੀ ਤਾਂ ਸਭ ਨੇ ਪੜ੍ਹੀ ਸੁਣੀ ਹੋਵੇਗੀ। ਇਸ ਤਰ੍ਹਾਂ ਦੀਆਂ ਕਹਾਣੀਆਂ ਜਾਂ ਬਾਤਾਂ ਦੇ ਅੰਬਾਰ ਹਨ ਸਾਡੇ ਲੋਕਧਾਰਾਈ ਵਿਰਾਸਤ ਵਿਚ। ਇਹ ਕਹਾਣੀਆਂ ਸਦੀਆਂ ਤਕ ਸਾਦ-ਮੁਰਾਦੀ ਜ਼ਿੰਦਗੀ ਜੀਂਦੇ ਆਮ ਲੋਕਾਂ ਦੇ ਤਜਰਬੇ ਵਿਚੋਂ ਕਸ਼ੀਦ ਹੋ ਕੇ ਨਿਕਲੀਆਂ ਸਿਆਣਪਾਂ ਦੇ ਨਿਚੋੜ-ਨੁਮਾ ਸੂਤਰ ਹੁੰਦੇ ਸਨ। ਉਹ ਜਾਣਦੇ ਸਨ ਕਿ ਕਿਸੇ ਨੂੰ ਸਿੱਧਾ ਕਿਹਾ ਜਾਵੇ ਕਿ ਇਹ ਕਰਨਾ ਚਾਹੀਦਾ ਹੈ, ਇਹ ਨਹੀਂ ਤਾਂ ਉਹ ਨਹੀਂ ਮੰਨੇਗਾ। ਪਰ ਜੇ ਇਸ ਤਰ੍ਹਾਂ ਦੀ ਕਹਾਣੀ ਵਰਗੀ ਗੱਲ ਸੁਣਾ ਕੇ ਸਹਿਜ ਸੁਭਾਅ ਕਿਸੇ ਉੱਤੇ ਉਸ ਦਾ ਅਸਰ ਸਿੱਧ ਕਰਨ ਵਰਗਾ ਕਾਰਨਾਮਾ ਉਨ੍ਹਾਂ ਦੀ ਕਲਪਨਾ ਸ਼ਕਤੀ ਰਾਹੀਂ ਉਸ ਦੇ ਜ਼ਿਹਨ ਵਿਚ ਉਤਾਰ ਦਿੱਤਾ ਜਾਏ ਤਾਂ ਅਸਰ ਕਿਤੇ ਵਧੇਰੇ ਹੋਵੇਗਾ।

ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਸੁਣ ਕੇ ਜਾਪਦਾ ਹੈ ਕਿ ਉਹ ਔਰਤਾਂ ਨੇ ਸਿਰਜੀਆਂ ਹੋਣਗੀਆਂ ਜਿਨ੍ਹਾਂ ਵਿਚ ਔਰਤਾਂ ਦੀ ਸੂਝ ਸਿਆਣਪ ਤੇ ਦੂਰਦਰਸ਼ਿਤਾ ਨਜ਼ਰ ਆਉਂਦੀ ਹੈ। ਉਹ ਔਖੇ ਵੇਲੇ ਸਬਰ ਤੇ ਸਹਿਜ ਨਾਲ ਸਮਾਂ ਬਿਤਾ ਲੈਂਦੀਆਂ ਹਨ ਤੇ ਆਪਣੇ ਪਰਿਵਾਰਾਂ ਨੂੰ ਵੀ ਮੁਸ਼ਕਲਾਂ ਵਿਚੋਂ ਕੱਢ ਲੈਂਦੀਆਂ ਹਨ। ਬਹੁਤ ਕਹਾਣੀਆਂ ਇਸ ਤਰ੍ਹਾਂ ਦੀਆਂ ਹਨ ਜਿਥੇ ਕੋਈ ਆਦਮੀ ਕਿਸੇ ਮੁਸ਼ਕਲ ਵਿਚ ਫਸ ਜਾਂਦਾ ਹੈ ਤੇ ਉਸ ਦੀ ਲੜਕੀ ਉਸ ਨੂੰ ਸਲਾਹ ਦੇ ਕੇ ਉਸ ਦੇ ਮਸਲੇ ਹੱਲ ਕਰਦੀ ਹੈ। ਕਈਆਂ ਕਹਾਣੀਆਂ ਵਿਚ ਔਰਤ ਸਰਵੇ ਸਰਵਾ ਹੁੰਦੀ ਹੈ ਤੇ ਸਾਰੇ ਜੀਅ ਉਸਦੀ ਗੱਲ ਮੰਨਦੇ ਹਨ। ਇਕ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਇਕ ਪਰਿਵਾਰ ਬੜਾ ਗ਼ਰੀਬ ਸੀ। ਉਹ ਦੁਖੀ ਹੋ ਕੇ ਕਿਸੇ ਜੰਗਲ ਵਿਚ ਚਲਾ ਜਾਂਦਾ ਹੈ। ਮਾਂ ਨੂੰ ਪਤਾ ਹੈ ਕਿ ਸਭ ਨੂੰ ਭੁੱਖ ਲੱਗੀ ਹੋਵੇਗੀ। ਉਹ ਇਕ ਲੜਕੇ ਨੂੰ ਕਹਿੰਦੀ ਹੈ ਕਿ ਜਾਹ ਬਾਲਣ ਇਕੱਠਾ ਕਰ ਕੇ

ਲਿਆ। ਦੂਜੇ ਨੂੰ ਭਾਂਡਾ ਫੜਾ ਕੇ ਪਾਣੀ ਲੱਭ ਕੇ ਲਿਆਉਣ ਵਾਸਤੇ ਕਹਿੰਦੀ ਹੈ। ਦੋਵੇਂ ਚੁੱਪ-ਚਾਪ ਉਸਦਾ ਦੱਸਿਆ ਕੰਮ ਕਰਨ ਤੁਰ ਪੈਂਦੇ ਹਨ। ਆਪ ਇੱਟਾਂ ਰੋੜੇ ਇਕੱਠੇ ਕਰ ਕੇ ਚੁੱਲ੍ਹਾ ਬਣਾ ਲੈਂਦੀ ਹੈ। ਮੁੰਡਿਆਂ ਵੱਲੋਂ ਬਾਲਣ ਤੇ ਪਾਣੀ ਲੈ ਆਉਣ ਪਿੱਛੋਂ ਆਪਣੀ ਕੁੜੀ ਨੂੰ ਕਹਿੰਦੀ ਹੈ ਕਿ ਅੱਗ ਬਾਲ ਕੇ ਪਤੀਲੇ ਵਿਚ ਪਾਣੀ ਧਰ ਦੇਵੇ। ਉਹ ਵੀ ਬਿਨਾਂ ਕੋਈ ਸਵਾਲ ਕੀਤੇ ਪਾਣੀ ਧਰ ਦੇਂਦੀ ਹੈ। ਸਾਹਮਣੇ ਬਿਰਖ 'ਤੇ ਇਕ ਜਾਨਵਰ ਬੈਠਾ ਇਹ ਸਭ ਕੁਝ ਵੇਖ ਰਿਹਾ ਹੈ। ਉਹ ਔਰਤ ਨੂੰ ਪੁੱਛਦਾ ਹੈ ਕਿ ਤੁਹਾਡੇ ਕੋਲ ਖਾਣ ਵਾਸਤੇ ਤਾਂ ਕੁਝ ਹੈ ਨਹੀਂ, ਇਹ ਜਿਹੜਾ ਪਾਣੀ ਅੱਗ 'ਤੇ ਧਰ ਬੈਠੇ ਹੋ, ਇਸ ਵਿਚ ਪਾਉਣਾ ਕੀ ਹੈ ? ਔਰਤ ਕਹਿੰਦੀ ਹੈ ਤੈਨੂੰ ਹੀ ਰਿੰਨ੍ਹਣਾ ਹੈ ਇਸ ਵਿਚ, ਹੋਰ ਕੀ ਪਾਉਣਾ ਹੈ। ਉਹ ਸੋਚਦਾ ਹੈ ਕਿ ਇਸ ਪਰਿਵਾਰ ਵਿਚ ਤਾਂ ਇਤਫ਼ਾਕ ਹੀ ਬਹੁਤ ਹੈ, ਇਹ ਸੱਚਮੁੱਚ ਮੈਨੂੰ ਮਾਰ ਦੇਣਗੇ। ਉਹ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੈਨੂੰ ਨਾ ਮਾਰੋ, ਮੈਂ ਤੁਹਾਨੂੰ ਇਥੇ ਦੱਬੇ ਪਏ ਖ਼ਜ਼ਾਨੇ ਦੀ ਥਾਂ ਦੱਸਦਾ ਹਾਂ, ਉਹ ਪੁੱਟ ਲਓ ਤੇ ਲੈ ਕੇ ਚਲੇ ਜਾਓ।

ਉਹ ਪਰਿਵਾਰ ਖ਼ਜ਼ਾਨਾ ਲੈ ਕੇ ਘਰ ਆ ਜਾਂਦਾ ਹੈ। ਗੁਆਂਢ ਦਾ ਇਕ ਹੋਰ ਪਰਿਵਾਰ ਉਨ੍ਹਾਂ ਦੀ ਸੁਧਰੀ ਹੋਈ ਹਾਲਤ ਦਾ ਰਾਜ਼ ਪੁੱਛਦਾ ਹੈ ਤੇ ਸੱਚਾਈ ਜਾਨਣ ਪਿੱਛੋਂ ਉਨ੍ਹਾਂ ਦੀ ਹੀ ਰੀਸ ਕਰਦਿਆਂ ਹੋਇਆਂ ਉਸੇ ਜੰਗਲ ਵਿਚ ਉਸ ਥਾਂ ਜਾ ਪਹੁੰਚਦਾ ਹੈ। ਔਰਤ ਇਕ ਮੁੰਡੇ ਨੂੰ ਕਹਿੰਦੀ ਹੈ ਕਿ ਜਾ ਕੇ ਪਾਣੀ ਲੱਭ ਕੇ ਲਿਆ। ਉਹ ਅੱਗਿਓਂ ਮੋੜਵਾਂ ਜੁਆਬ ਦੇਂਦਾ ਹੈ ਕਿ ਡੁੱਬਣਾ ਈ ? ਦੂਜੇ ਜਿਸ ਨੂੰ ਬਾਲਣ ਇਕੱਠਾ ਕਰ ਕੇ ਲਿਆਉਣ ਨੂੰ ਕਹਿੰਦੀ ਹੈ ਉਹ ਕਹਿੰਦਾ ਹੈ ਕਿ ਕੋਲ ਤਾਂ ਕੁਝ ਹੈ ਨਹੀਂ, ਆਪ ਸੜਨਾ ਈਂ ? ਉਨ੍ਹਾਂ ਨੂੰ ਵੇਖ ਕੇ ਉਹ ਜਾਨਵਰ ਆਪ ਹੀ ਕਹਿੰਦਾ ਹੈ ਕਿ ਭਾਈ ਜਾਓ ਏਥੋਂ, ਤੁਹਾਨੂੰ ਕੁਝ ਨਹੀਂ ਲੱਭਣਾ, ਤੁਹਾਡਾ ਤਾਂ ਆਪਸ ਵਿਚ ਹੀ ਇਤਫ਼ਾਕ ਨਹੀਂ, ਉਹ ਹੋਰ ਸਨ ਜੋ ਇਥੋਂ ਖ਼ਜ਼ਾਨਾ ਲੈ ਗਏ।

ਰਾਜਿਆਂ ਰਾਣੀਆਂ ਦੀਆਂ ਅਨੇਕਾਂ ਕਹਾਣੀਆਂ ਦੇ ਹਵਾਲੇ ਨਾਲ ਸਿਆਣਪ ਦੇ ਸੂਤਰ ਇਕ ਤੋਂ ਦੂਜੇ ਤਕ ਅੱਗੇ ਤੋਂ ਅੱਗੇ ਤੋ ਪੀੜ੍ਹੀ ਦਰ ਪੀੜ੍ਹੀ ਤੁਰਦੇ ਰਹਿੰਦੇ ਸਨ। ਅਕਬਰ ਤੇ ਬੀਰਬਲ ਦੇ ਹਵਾਲੇ ਨਾਲ ਤਾਂ ਬੇਹਿਸਾਬ ਕਹਾਣੀਆਂ ਬਣਾਈਆਂ ਗਈਆਂ ਤੇ ਹੁਣ ਵੀ ਘੜੀਆਂ ਜਾਂਦੀਆਂ ਰਹਿੰਦੀਆਂ ਹਨ। ਲੋਕ ਮਨ ਦੀਆਂ ਅਨੇਕ ਕਲਾਵਾਂ ਵਿਚੋਂ ਇਹ ਵੀ ਇਕ ਵਿਲੱਖਣ ਕਲਾ ਹੈ ਤੇ ਇਨ੍ਹਾਂ ਦੇ ਬੀਜਾਂ ਵਿਚੋਂ ਹੀ ਆਧੁਨਿਕ ਕਹਾਣੀ ਕਲਾ ਦੇ ਵਿਕਸਿਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਤਿਹਾਸਕ ਕਹਾਣੀਆਂ ਵੀ ਵਿਚ ਵਿਚਾਲੇ ਇਸ ਹੁਨਰ ਦਾ ਹਿੱਸਾ ਬਣਦੀਆਂ ਰਹੀਆਂ ਹਨ।

ਮਨੁੱਖ ਦੀ ਕਲਪਨਾ ਸ਼ਕਤੀ ਦੀ ਕੋਈ ਹੱਦ ਨਹੀਂ। ਇਸ ਵਾਸਤੇ ਉਸ ਨੇ ਪਰੀ ਸੰਸਾਰ ਸਿਰਜੇ ਜਿਥੇ ਚੰਗੇ ਤੇ ਮਾੜੇ ਦਿਓ ਵੀ ਹੁੰਦੇ ਹਨ। ਪਰੀਆਂ ਆਪਣੇ ਸੋਹਣੇ ਪਰਾਂ ਨਾਲ ਉੱਡਦੀਆਂ ਹਨ। ਇਹੀ ਨਹੀਂ, ਮਨੁੱਖ ਨੇ ਸਮੁੰਦਰ ਵਿਚ ਰਹਿੰਦੀਆਂ ਤੇ ਤਰਦੀਆਂ ਮਨੁੱਖੀ ਚਿਹਰੇ ਵਾਲੀਆਂ ਜਲ ਪਰੀਆਂ ਦੀ ਕਲਪਿਤ ਸਿਰਜਣਾ ਵੀ ਕੀਤੀ।

ਕਹਾਣੀ ਇਕ ਨਿੱਕਾ ਜਾਂ ਵੱਡਾ ਸੰਸਾਰ ਸਿਰਜਦੀ ਤੇ ਉਸ ਦੀਆਂ ਪਰਤਾਂ ਵਿਚ

ਲੁਕਾ ਕੇ ਆਪਣਾ ਸੁਨੇਹਾ ਦੇ ਜਾਂਦੀ ਹੈ। ਭਾਵੇਂ ਇਹ ਕਹਾਣੀਆਂ ਕਦੇ ਵੀ ਪੁਰਾਣੀਆਂ ਨਹੀਂ ਹੋਣ ਵਾਲੀਆਂ ਪਰ ਸਮਾਂ ਬਦਲਣ ਨਾਲ, ਸੋਚ ਦੇ ਵਿਕਾਸ ਦੀਆਂ ਦਿਸ਼ਾਵਾਂ ਬਦਲ ਜਾਣ ਨਾਲ ਤੇ ਨਵੀਆਂ ਖੋਜਾਂ ਕਾਰਨ ਦੁਨੀਆਂ ਦਾ ਰਹਿਣ ਸਹਿਣ ਹੀ ਬਦਲ ਜਾਣ ਕਾਰਨ ਹੁਣ ਨਵੀਆਂ ਕਹਾਣੀਆਂ ਵੀ ਲਿਖੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚੋਂ ਕਈ ਤਾਂ ਪੁਰਾਣੀਆਂ ਬਾਤਾਂ ਦੇ ਦਰਜੇ ਨੂੰ ਵੀ ਪਹੁੰਚ ਰਹੀਆਂ ਹਨ।

ਸਦੀਆਂ ਤੋਂ ਤੁਰੀਆਂ ਆ ਰਹੀਆਂ ਕਹਾਣੀਆਂ ਦਾ ਦਿਲਚਸਪ ਬਿਰਤਾਂਤ ਅਜੇ ਵੀ ਬੱਚਿਆਂ ਦੇ ਨਾਲ-ਨਾਲ ਵੱਡਿਆਂ ਦੇ ਮਨ ਨੂੰ ਵੀ ਆਪਣੇ ਕਲਾਵੇ ਵਿਚ ਲੈਣ ਦੇ ਸਮਰੱਥ ਹੈ। ਇਸ ਤੋਂ ਬਿਨਾਂ ਇਹ ਕਹਾਣੀਆਂ ਆਪਣੇ ਸਮੇਂ, ਹਾਲਾਤ ਤੇ ਲੋਕਾਂ ਦੇ ਰਹਿਣ-ਸਹਿਣ ਬਾਰੇ ਵੀ ਦੱਸ ਪਾਉਂਦੀਆਂ ਰਹਿੰਦੀਆਂ ਹਨ।

ਮੇਰੇ ਪਿੰਡ ਹਰਸ਼ਾ ਛੀਨਾ ਵਿਚ ਇਕ ਥੇਹ ਅਜੇ ਵੀ ਹੈ। ਭਾਵੇਂ ਸਮੇਂ ਨਾਲ ਹੁਣ ਤਕ ਇਸ ਦੀ ਕਾਫ਼ੀ ਭੰਨ ਤੋੜ ਹੋ ਚੁੱਕੀ ਹੈ। ਇਕ ਵਾਰ ਬਚਪਨ ਵਿਚ ਉਸਦੇ ਉੱਪਰ ਜਾ ਕੇ ਵੇਖਿਆ ਸੀ ਕਿ ਮਿੱਟੀ ਦੇ ਟੁੱਟੇ ਹੋਏ ਭਾਂਡਿਆਂ ਦੀਆਂ ਠੀਕਰਾਂ ਖਿੱਲਰੀਆਂ ਪਈਆਂ ਸਨ। ਉਸ ਥੇਹ ਦੇ ਬਣਨ ਬਾਰੇ ਮੇਰੀ ਮਾਂ ਆਪਣੀਆਂ ਵੱਡੀਆਂ ਵਡੇਰੀਆਂ ਤੋਂ ਸੁਣੀ ਸੀਨਾ-ਬ-ਸੀਨਾ ਚੱਲਦੀ ਆ ਰਹੀ ਕਹਾਣੀ ਸੁਣਾਇਆ ਕਰਦੀ ਸੀ। ਕਹਾਣੀ ਸੀ ਕਿ ਇਹ ਪਹਿਲਾਂ ਕਦੇ ਇਕ ਵਸਦਾ-ਰਸਦਾ ਸ਼ਹਿਰ ਹੁੰਦਾ ਸੀ। ਇਕ ਔਰਤ ਦੇ ਪਤੀ ਦੀ ਮੌਤ ਹੋ ਗਈ। ਉਸਦੇ ਛੋਟੇ ਬੱਚੇ ਸਨ। ਉਸਨੇ ਸੋਚਿਆ ਕਿ ਮੈਂ ਕਿਸੇ ਓਪਰੇ ਘਰ ਨੌਕਰੀ ਕਿਉਂ ਕਰਾਂ ਆਪਣੇ ਭਰਾ ਭਰਜਾਈ ਕੋਲ ਹੀ ਕੰਮ ਕਰ ਲੈਂਦੀ ਹਾਂ। ਭਰਾ ਦਾ ਕੰਮ ਚੰਗਾ ਚੱਲਦਾ ਸੀ। ਉਹ ਔਰਤ ਹਰ ਰੋਜ਼ ਸਾਰਾ ਦਿਨ ਭਰਜਾਈ ਕੋਲ ਜਾ ਕੇ ਚੱਕੀ ਵਿਚ ਆਟਾ ਪੀਂਹਦੀ ਰਹਿੰਦੀ ਸੀ। ਸ਼ਾਮ ਨੂੰ ਉਸਦੀ ਭਰਜਾਈ ਉਸ ਆਟੇ ਨੂੰ ਛਾਣ ਕੇ ਉਸ ਵਿਚੋਂ ਨਿਕਲਿਆ ਛਾਣ ਬੂਰਾ ਜਾਂ ਸੂੜ੍ਹਾ, ਆਪਣੀ ਨਣਾਨ ਨੂੰ ਦੇਂਦੀ ਸੀ। ਉਹ ਘਰ ਜਾ ਕੇ ਉਸ ਸੂੜ੍ਹੇ ਨੂੰ ਪਾਣੀ ਵਿਚ ਰਿੰਨ੍ਹ ਕੇ ਆਪਣੇ ਬੱਚਿਆਂ ਨੂੰ ਪਿਆ ਦੇਂਦੀ। ਬੱਚੇ ਵੀ ਸਬਰ ਵਾਲੇ ਸਨ। ਉਸੇ ਨਾਲ ਸੰਤੁਸ਼ਟ ਹੋ ਜਾਂਦੇ ਤੇ ਸਿਹਤਮੰਦ ਵੀ ਨਜ਼ਰ ਆਉਂਦੇ ਸਨ। ਉਸਦੀ ਭਰਜਾਈ ਸੋਚਦੀ ਸੀ ਕਿ ਇਹ ਖੁਆਉਂਦੀ ਕੀ ਹੈ ਆਪਣੇ ਬਾਲਾਂ ਨੂੰ ਆਖ਼ਰ। ਉਸਦੇ ਪੁੱਛਣ 'ਤੇ ਉਸਦੀ ਨਣਾਨ ਨੇ ਸੂੜ੍ਹਾ ਰਿੰਨ੍ਹ ਕੇ ਪਿਆਉਣ ਵਾਲੀ ਗੱਲ ਦੱਸੀ।

ਉਸ ਤੋਂ ਅਗਲੇ ਦਿਨ ਤੋਂ ਉਹ ਜਦੋਂ ਆਟਾ ਪੀਹ ਕੇ ਵਾਪਸ ਜਾਣ ਲੱਗੀ ਤਾਂ ਉਸਦੇ ਭਰਜਾਈ ਨੇ ਛਾਣ ਬੂਰਾ ਵੀ ਦੇਣਾ ਬੰਦ ਕਰ ਦਿੱਤਾ। ਸਾਰਾ ਦਿਨ ਆਟਾ ਪੀਸਦੀ ਦੀਆਂ ਉਸ ਦੀਆਂ ਬਾਹਵਾਂ ਤੇ ਹੱਥ ਆਏ ਨਾਲ ਲਿੱਪੇ ਪਏ ਹੁੰਦੇ ਸਨ। ਉਹ ਆਪਣੇ ਹੱਥ ਤੇ ਬਾਹਵਾਂ ਧੋ ਕੇ ਹੀ ਉਸ ਪਾਣੀ ਨੂੰ ਰਿੰਨ੍ਹ ਕੇ ਉਸਦੇ ਪਤਲੇ ਜਿਹੇ ਘੋਲ ਨੂੰ ਹੀ ਬਾਲਾਂ ਨੂੰ ਪਿਆਉਣ ਲੱਗ ਪਈ। ਜਦੋਂ ਉਸਦੀ ਭਰਜਾਈ ਨੂੰ ਇਸ ਤਰਕੀਬ ਦਾ ਪਤਾ ਲੱਗਾ ਤਾਂ ਅਗਲੇ ਦਿਨ ਆਪਣੀ ਨਣਾਨ ਨੂੰ ਕਹਿਣ ਲੱਗੀ, "ਬੀਬੀ ਰਾਣੀ, ਆਪਣੇ ਹੱਥ ਧੋ ਕੇ ਹੀ ਜਾਹ।"

ਉਹ ਔਰਤ ਬਹੁਤ ਦੁਖੀ ਹੋਈ ਤੇ ਮਜਬੂਰੀ ਵਿਚ ਉਸਦੇ ਮੂੰਹੋਂ ਨਿਕਲਿਆ, "ਥੇਹ ਹੋ ਜਾਏ ਇਹ ਸ਼ਹਿਰ ਜਿਥੇ ਮਾਂ ਦੇ ਸਾਰਾ ਦਿਨ ਮਿਹਨਤ ਕਰਨ ਪਿੱਛੋਂ ਵੀ ਉਸਦੇ ਬੱਚੇ ਭੁੱਖੇ ਰਹਿਣ।" ਤੇ ਸ਼ਹਿਰ ਥੇਹ ਬਣ ਗਿਆ।

ਇਸ ਤਰੀਕੇ ਨਾਲ ਵੀ ਲੋਕਾਂ ਨੂੰ ਕਮਜ਼ੋਰ ਲੋਕਾਂ ਨਾਲ ਮਾੜਾ ਵਿਹਾਰ ਤੇ ਬੇਇਨਸਾਫ਼ੀ ਕਰਨ ਤੋਂ ਰੋਕਣ ਦੀ ਸਿੱਖਿਆ ਇਹ ਕਹਾਣੀਆਂ ਦੇਂਦੀਆਂ ਹਨ।

ਕਹਾਣੀਆਂ ਦੇ ਸੰਸਾਰ ਦੀ ਬਹੁਰੰਗਤਾ, ਮਨੁੱਖੀ ਜ਼ਿੰਦਗੀ ਦੀਆਂ ਭਾਵਨਾਵਾਂ, ਗੁਣਾਂ-ਔਗੁਣਾਂ ਤੇ ਸੁਭਾਵਾਂ ਦੇ ਵਖਰੇਵੇਂ ਚਿਤਰ ਕੇ ਜ਼ਿੰਦਗੀ ਨੂੰ ਸਾਜ਼ਗਾਰ ਬਣਾਉਣ ਦੀ ਸਿੱਖਿਆ ਦੇਣ ਵੱਲ ਰੁਚਿਤ ਹੈ ਤੇ ਰਹੇਗੀ।

# ਇਕ ਪਿੰਡ ਦਾ ਵੱਸਣਾ ਤੇ ਉਜੜਣਾ

ਮੇਰਾ ਬਚਪਨ ਤਰਨ ਤਾਰਨ ਵਿਚ ਅੰਮ੍ਰਿਤਸਰ ਵੱਲ ਜਾਂਦੀ ਸੜਕ ’ਤੇ ਇਕ ਕਿਰਾਏ ਦੇ ਘਰ ਵਿਚ ਗੁਜ਼ਰਿਆ ਸੀ। ਉਸ ਘਰ ਵਿਚ ਮੇਰੀ ਵੱਡੀ ਮਾਸੀ ਦੀਆਂ ਦੋ ਲੜਕੀਆਂ ਤਰਨ ਤਾਰਨ ਦੇ ਜੰਡਿਆਲਾ ਰੋਡ ’ਤੇ ਸਥਿਤ ਸਕੂਲ (ਜੋ ਉਸ ਵੇਲੇ ਹਾਈ ਸਕੂਲ ਸੀ) ਵਿਚ ਪੜ੍ਹਦੀਆਂ ਸਨ। ਉਨ੍ਹਾਂ ਦੇ ਮਾਂ-ਬਾਪ ਯਾਨੀ ਮੇਰੀ ਮਾਸੀ ਤੇ ਮਾਸੜ ਜਾਮ੍ਹਾਰਾਏ ਪਿੰਡ ਵਿਚ ਸਨ। ਉਨ੍ਹਾਂ ਨੇ ਹੀ ਇਹ ਮਕਾਨ ਆਪਣੇ ਬੱਚਿਆਂ ਦੀ ਪੜ੍ਹਾਈ ਵਾਸਤੇ ਕਿਰਾਏ ’ਤੇ ਲਿਆ ਸੀ ਤੇ ਆਪਣੇ ਬੱਚਿਆਂ ਕੋਲ ਰਹਿਣ ਵਾਸਤੇ ਮੇਰੀ ਨਾਨੀ ਨੂੰ ਪਿੰਡ ਤੋਂ ਤਰਨ ਤਾਰਨ ਆਉਣ ਵਾਸਤੇ ਮਨਾ ਲਿਆ ਹੋਇਆ ਸੀ। ਨਾਨੀ ਨੇ ਮੇਰੇ ਬਚਪਨ ਤੋਂ ਹੀ ਮੈਨੂੰ ਆਪਣੇ ਨਾਲ ਰੱਖਿਆ ਸੀ, ਸੋ ਮੈਂ ਵੀ ਹੋਸ਼ ਸੰਭਾਲਣ ਦੇ ਵੇਲੇ ਤੋਂ ਹੀ ਇਸੇ ਘਰ ਵਿਚ ਰਹੀ। ਵਿਚ-ਵਿਚਾਲੇ ਆਪਣੀ ਨਾਨੀ ਨਾਲ ਮੇਰਾ ਆਉਣਾ ਜਾਣਾ ਵੀ ਮਾਸੀ ਦੇ ਪਿੰਡ ਬਣਿਆ ਰਹਿੰਦਾ ਰਿਹਾ ਸੀ। ਉਹ ਪਿੰਡ ਕੁਝ ਪਰਿਵਾਰਾਂ ਨੇ ਹੀ ਵਸਾਇਆ ਸੀ ਤੇ ਉਸਦਾ ਨਾਂ ਆਪਣੇ ਜੱਦੀ ਪਿੰਡ ਜਾਮ੍ਹਰਾਏ ਦੇ ਨਾਂ ’ਤੇ ‘ਜਾਮ੍ਹਾਰਾਏ ਖੁਰਦ’ ਰੱਖ ਲਿਆ ਸੀ।

ਇਹ ਪਿੰਡ ਜਾਮ੍ਹਾਰਾਏ ਖੁਰਦ, ਜਿਸ ਨੂੰ ਅਸੀਂ ਸਾਰੇ ਤੇ ਬਾਕੀ ਸਾਰੇ ਲੋਕ ਵੀ ਹਾਤਾ ਹੀ ਕਹਿੰਦੇ ਸਨ ਇਹ ਤਰਨ ਤਾਰਨ ਤੋਂ ਸੱਤ ਮੀਲ ਦੂਰ ਗੋਇੰਦਵਾਲ ਵਾਲੀ ਸੜਕ ਉੱਤੇ ਸੀ। ‘ਜਾਮ੍ਹਾਰਾਏ ਖੁਰਦ’ ਨਾਮ ਤਾਂ ਸੜਕ ਉਤਲੀ ਇਕ ਟਾਹਲੀ ’ਤੇ ਟੰਗੇ ਨਿੱਕੇ ਜਿਹੇ ਬੋਰਡ ਤਕ ਹੀ ਸੀਮਤ ਸੀ, ਆਮ ਤੌਰ ’ਤੇ ਬੋਲਣ ਨੂੰ ਉਹ ਹਾਤਾ ਹੀ ਸੀ। ਬੱਸ ਤੋਂ ਉਤਰਨ ਵਾਸਤੇ ਵੀ ਟਿਕਟ ਹਾਤੇ ਜਾਣਾ ਕਹਿ ਕੇ ਹੀ ਮਿਲ ਜਾਂਦੀ ਸੀ। ਇਹ ਸ਼ਬਦ ‘ਅਹਾਤਾ’ ਦੀ ਸਾਡੇ ਆਮ ਪੰਜਾਬੀ ਉਚਾਰਣ ਦੀ (ਕਿਸੇ ਸ਼ਬਦ ਦੇ ਸ਼ੁਰੂ ਵਿਚ ਆਉਂਦੇ ‘ਅ’ ਜਾਂ ‘ਹ’ ਨੂੰ ਬੋਲਣ ਲੱਗਿਆਂ ਗ਼ਾਇਬ ਕਰ ਦੇਣ ਵਾਲੀ) ਆਦਤ ਦੇ ਕਾਰਨ ਹੀ ਸੀ। ਸੜਕ ’ਤੇ ਸੱਜੇ ਪਾਸੇ ਠੀਕ ਸਾਹਮਣੇ ਪਿੰਡ ਵੇਈਂ ਪੂੰਈਂ ਹੈ ਤੇ ਖੱਬੇ ਪਾਸੇ ਇਹ ਮਿੰਨੀ ਪਿੰਡ ਵਸਾਇਆ ਗਿਆ ਸੀ। ਇਸ ਨੂੰ ਵਸਾਉਣ ਵਾਲੇ ਜਾਮ੍ਹਾਰਾਏ ਪਿੰਡ ਦੇ ਹੀ ਕੁਝ ਪੜ੍ਹੇ-ਲਿਖੇ ਤੇ ਰੀਟਾਇਰ ਹੋਏ ਅਫ਼ਸਰ ਸਨ।

ਇਹ ਪਿੰਡ ਹਾਤਾ ਜਾਂ ਅਹਾਤਾ ਦੇਸ਼ ਦੀ ਵੰਡ ਦੇ ਬਾਅਦ ਹੀ ਜੋੜਿਆ ਗਿਆ ਸੀ। ਮੇਰੀ ਉਮਰ ਤਾਂ ਇਸ ਵੇਲੇ ਬਹੁਤ ਛੋਟੀ ਸੀ। ਮਾਸੀ ਦੀ ਵੱਡੀ ਲੜਕੀ ਜੋ ਹੁਣ ਸਤਾਸੀ ਕੁ ਸਾਲ ਦੀ ਹੈ, ਦੀਆਂ ਯਾਦਾਂ ਨੂੰ ਕੁਰੇਦ ਕੇ ਇਹ ਵੇਰਵੇ ਇਕੱਠੇ ਹੋ ਸਕੇ ਹਨ।

ਮੇਰੇ ਮਾਸੜ ਜੀ ਫ਼ੌਜ ਵਿਚੋਂ ਰੀਟਾਇਰ ਹੋ ਕੇ ਆਏ ਕਪਤਾਨ ਸਨ। ਉਹ ਆਪਣੇ ਬਾਪ ਦੇ ਇਕੱਲੇ ਲੜਕੇ ਸਨ। ਉਨ੍ਹਾਂ ਦੇ ਚਾਚਿਆਂ/ਤਾਇਆਂ ਦੇ ਛੇ ਲੜਕੇ ਤੇ ਸੱਤਵੇਂ ਮਾਸੜ ਜੀ ਨਰੈਣ ਸਿੰਘ ਦਾ ਸਾਂਝਾ ਸੁਪਨਾ ਸੀ ਇਹ 'ਹਾਤਾ'। ਮਾਸੜ ਜੀ/ਕਪਤਾਨ ਨਰੈਣ ਸਿੰਘ ਦਾ ਇਕ ਵਿਆਹ ਪਹਿਲਾਂ ਵੀ ਹੋਇਆ ਸੀ ਤੇ ਉਨ੍ਹਾਂ ਦੀ ਪਤਨੀ ਤਿੰਨ ਲੜਕੀਆਂ ਤੇ ਇਕ ਲੜਕੇ ਨੂੰ ਜਨਮ ਦੇ ਕੇ ਗੁਜ਼ਰ ਚੁੱਕੀ ਸੀ। ਫਿਰ ਉਨ੍ਹਾਂ ਦਾ ਵਿਆਹ ਮੇਰੀ ਮਾਸੀ ਨਾਲ ਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ, ਪਹਿਲੇ ਵਿਆਹ ਵਿਚਲੇ ਉਨ੍ਹਾਂ ਦੇ ਸਾਲੇ ਨੂੰ ਸਹਾਰਨਪੁਰ ਵਾਲੀ ਕਿਸੇ ਰਾਣੀ ਨੇ ਆਪਣਾ ਮੁਤਵੰਨਾ ਬਣਾਇਆ ਹੋਇਆ ਸੀ। ਰਾਣੀ ਦੀਆਂ ਆਪਣੀਆਂ ਦੋ ਧੀਆਂ ਹੀ ਸਨ। ਉਦੋਂ ਕੁੜੀਆਂ ਦੇ ਨਾਮ ਜ਼ਮੀਨ ਨਹੀਂ ਸੀ ਲੱਗਦੀ। ਸੋ ਉਸ ਮੁਤਵੰਨੇ ਦੇ ਨਾਮ ਹੀ ਛੇ ਸੌ ਏਕੜ ਜ਼ਮੀਨ ਸੀ। ਉਹ ਖਾਣ-ਪੀਣ ਵਾਲਾ ਐਸ਼ਪ੍ਰਸਤ ਬੰਦਾ ਸੀ। ਕੈਪਟਨ ਨਰੈਣ ਸਿੰਘ ਦੇ ਚਾਚੇ ਤਾਏ ਦੇ ਪੁੱਤਰਾਂ ਨੇ ਉਨ੍ਹਾਂ ਨੂੰ ਮਨਾਇਆ ਕਿ ਇਹ ਜ਼ਮੀਨ ਤਾਂ ਮੁਤਵੰਨੇ ਅਰਥਾਤ ਉਨ੍ਹਾਂ ਦੇ ਸਾਲੇ ਨੇ ਖਾ ਪੀ ਹੀ ਛੱਡਣੀ ਹੈ, ਕਿਉਂ ਨਾ ਆਪਾਂ ਸਾਰੇ ਰਲ ਮਿਲ ਕੇ ਸੌਦਾ ਕਰ ਲਈਏ। ਗੱਲ ਤੁਰੀ ਤੇ ਸਿਰੇ ਵੀ ਚੜ੍ਹ ਗਈ ਤੇ ਜਾਮ੍ਹਾਰਾਈਏ ਇਸ ਜ਼ਮੀਨ ਦੇ ਮਾਲਕ ਬਣ ਗਏ।

ਭਾਈਵਾਲਾਂ ਵਿਚ ਕੈਪਟਨ ਨਰੈਣ ਸਿੰਘ ਦੇ ਨਾਲ ਇਕ ਰੀਟਾਇਰਡ ਸੈਸ਼ਨ ਜੱਜ ਕਰਤਾਰ ਸਿੰਘ, ਰੀਟਾਇਰਡ ਐੱਸ.ਐੱਸ.ਪੀ. ਕਰਮ ਸਿੰਘ, ਹਜ਼ਾਰਾ ਸਿੰਘ, ਚੈਂਚਲ ਸਿੰਘ ਤੇ ਰਛਪਾਲ ਸਿੰਘ ਸਨ। ਇਨ੍ਹਾਂ ਦਾ ਇਕ ਭਰਾ, ਹਰਬੰਸ ਸਿੰਘ ਜਾਮ੍ਹਾਰਾਏ ਪਿੰਡ ਹੀ ਰਹਿੰਦਾ ਸੀ ਤੇ ਸਾਰੇ ਭਰਾਵਾਂ ਦੀ ਉਥੋਂ ਦੀ ਜ਼ਮੀਨ ਸੰਭਾਲਦਾ ਤੇ ਨਾਲ ਹੀ ਸਾਰੇ ਭਰਾਵਾਂ ਦੇ ਆਏ-ਗਏ ਪਰਿਵਾਰਾਂ ਦੇ ਜੀਆਂ ਦੀ ਵੀ ਪਿੰਡ ਗਿਆਂ ਤੋਂ ਸਾਂਭ-ਸੰਭਾਲ ਕਰਦਾ ਸੀ। ਉਹ ਸ਼੍ਰੋਮਣੀ ਕਮੇਟੀ ਵਿਚ ਵੀ ਕਿਸੇ ਚੰਗੇ ਅਹੁਦੇ 'ਤੇ ਰਹਿ ਚੁੱਕਾ ਸੀ। ਉਸਦਾ ਪੁੱਤਰ ਲਖਵੀਰ ਸਿੰਘ ਆਪਣੇ ਪਰਿਵਾਰ ਸਮੇਤ ਹਾਤੇ ਹੀ ਰਹਿੰਦਾ ਸੀ।

ਹਾਤੇ ਦੀ ਇਹ ਆਬਾਦੀ ਗੋਇੰਦਵਾਲ ਜਾਂਦੀ ਸੜਕ ਤੋਂ ਥੋੜ੍ਹੇ ਹੀ ਫ਼ਾਸਲੇ 'ਤੇ ਸਥਿਤ ਸੀ। ਇਸ ਦੇ ਅੰਦਰ ਦਾਖ਼ਲ ਹੋਣ ਵਾਸਤੇ ਕਾਫ਼ੀ ਵੱਡੀ ਪੱਕੀ ਡਿਓੜੀ ਸੀ ਤੇ ਚਾਰ ਚੁਫ਼ੇਰੇ ਕੱਚੀ ਮਿੱਟੀ ਦੀ ਉੱਚੀ ਤੇ ਚੌੜੀ ਕੰਧ ਸੀ। ਅੰਦਾਜ਼ਨ ਅੱਠ ਤੋਂ ਦਸ ਏਕੜ ਦਾ ਚੌਰਸ ਏਰੀਆ ਹੋਵੇਗਾ ਜੋ ਵਲਿਆ ਹੋਇਆ ਸੀ। ਐਨ ਵਿਚਕਾਰ ਕੈਪਟਨ ਨਰੈਣ ਸਿੰਘ ਦਾ ਘਰ ਤੇ ਪਾਸਿਆਂ ਵੱਲ ਕਾਫ਼ੀ ਫ਼ਾਸਲਾ ਛੱਡ ਛੱਡ ਕੇ ਹੋਰ ਸਾਰੇ ਪਰਿਵਾਰਾਂ ਦੇ ਘਰ ਸਨ। ਚਾਰ ਦੀਵਾਰੀ ਦੇ ਨਾਲ-ਨਾਲ ਵੱਖ-ਵੱਖ ਕੰਮ ਕਰਨ ਕਰਾਉਣ ਵਾਲੇ ਪਰਿਵਾਰ ਵਸਾਏ ਹੋਏ ਸਨ। ਮੇਰੇ ਬਚਪਨ ਦੇ ਚੇਤਿਆਂ ਮੁਤਾਬਕ ਇਸ ਪਿੰਡ ਦਾ ਇਕ ਮਿਸਤਰੀ ਸੀ, ਮੋਹਣ ਸਿੰਘ। ਉਸਦਾ ਪਰਿਵਾਰ ਵੀ ਨਾਲ ਸੀ। ਬਾਅਦ ਵਿਚ ਸ਼ਾਇਰ ਪ੍ਰਮਿੰਦਰਜੀਤ ਨੇ ਇਕ ਵਾਰ ਦੱਸਿਆ ਸੀ ਕਿ ਉਹ ਉਸਦਾ ਮਾਸੜ ਸੀ। ਇਸੇ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ ਕੰਮ ਕਰਨ ਵਾਲੇ ਹੋਰ ਕਾਮੇ ਵੀ ਪਰਿਵਾਰਾਂ ਸਮੇਤ ਰਹਿੰਦੇ ਸਨ। ਚਾਰ-ਚੁਫ਼ੇਰੇ ਸਾਰਿਆਂ ਦੀਆਂ ਪੈਲੀਆਂ ਸਨ ਤੇ ਵਿਚਕਾਰ ਸਭ ਦੇ ਘਰ। ਸੈਸ਼ਨ ਜੱਜ

ਕਰਤਾਰ ਸਿੰਘ ਦਾ ਦੋ-ਮੰਜ਼ਲਾ ਘਰ ਪੱਕਾ ਸੀ। ਹਾਤੇ ਅੰਦਰ ਜਾਣ ਵਾਲੀ ਡਿਓਢੀ ਦੇ ਦੋਵੇਂ ਪਾਸੇ ਪੱਕੇ ਕਮਰਿਆਂ ਵਾਲੇ ਘਰ ਸਨ। ਮੇਰੀ ਮਾਸੀ ਦੇ ਘਰ ਦੇ ਕੁਝ ਹਿੱਸੇ ਪੱਕੇ ਤੇ ਕੁਝ ਕਮਰੇ ਕੱਚੇ ਵੀ ਸਨ। ਬਹੁਤਾ ਬਹਿਣ ਖਲੋਣ ਵਾਲੇ ਹਿੱਸੇ ਵਿਚ ਚੌੜੀਆਂ ਕੰਧਾਂ ਵਾਲੇ ਦੋ ਵੱਡੇ-ਵੱਡੇ ਕਮਰੇ ਪੱਕੇ ਸਨ ਪਰ ਬਾਹਰੋਂ ਮਿੱਟੀ ਨਾਲ ਚੰਗੀ ਤਰ੍ਹਾਂ ਲਿੰਬੇ ਹੋਏ ਸਨ। ਉਨ੍ਹਾਂ ਵਿਚ ਛੱਤ ਨਾਲ ਇਕ ਰੱਸੀ ਨਾਲ ਖਿੱਚਣ ਵਾਲਾ ਵੱਡਾ ਸਾਰਾ ਪੱਖਾ ਟੰਗਿਆ ਹੋਇਆ ਹੁੰਦਾ ਸੀ। ਗਰਮੀਆਂ ਵਿਚ ਕਿਸੇ ਨਾ ਕਿਸੇ ਕਾਮੇ ਨੂੰ ਉਸ ਪੱਖੇ ਦੀ ਰੱਸੀ ਖਿੱਚਣ ਵਾਸਤੇ ਸੱਦ ਲਿਆ ਜਾਂਦਾ ਸੀ। ਬਿਜਲੀ ਆਉਣ ਤੋਂ ਪਹਿਲਾਂ ਲੈਂਪ ਤੇ ਲਾਲਟੈਣਾਂ ਹੀ ਰਾਤਾਂ ਨੂੰ ਚਾਨਣ ਦਾ ਸਾਧਨ ਸਨ। ਪਰ ਜਲਦੀ ਹੀ ਇਥੇ ਬਿਜਲੀ ਦੇ ਬਲਬ ਜਗਣ ਲੱਗ ਪਏ ਸਨ। ਮਾਸੀ ਦੇ ਘਰ ਦੇ ਅੰਦਰ ਪੈਲੀਆਂ ਦੇ ਨਾਲ ਲੱਗਦੇ ਪਾਸੇ ਪਾਣੀ ਵਾਲੀ ਮੋਟਰ ਲੱਗੀ ਹੋਈ ਸੀ ਤੇ ਨਾਲ ਹੀ ਗੁਸਲਖਾਨਾ ਸੀ। ਹਾਤੇ ਦੀ ਵੱਡੀ ਡਿਓਢੀ ਦੇ ਸਾਹਮਣੇ ਸਾਂਝੇ ਵਿਹੜੇ ਵਿਚ ਇਕ ਵਿਸ਼ਾਲ ਬੋਹੜ ਸੀ ਜਿਸ ਦੀਆਂ ਲੰਮੀਆਂ ਹਵਾਈ ਜੜ੍ਹਾਂ ਚਾਰ-ਚੁਫ਼ੇਰੇ ਲਮਕਦੀਆਂ ਸਨ। ਇਸ ਦੇ ਥੱਲੇ ਗਰਮੀਆਂ ਦੀ ਦੁਪਹਿਰ ਨੂੰ ਸਾਰੇ ਪਰਿਵਾਰਾਂ ਦੇ ਪਸ਼ੂ ਬੱਝੇ ਰਹਿੰਦੇ ਤੇ ਕਿਸੇ ਕਾਮੇ ਦਾ ਬਜ਼ੁਰਗ ਪਿਓ ਵੀ ਮੰਜਾ ਡਾਹ ਕੇ ਛਾਵੇਂ ਪਿਆ ਰਹਿੰਦਾ ਸੀ। ਲੋੜ ਦਾ ਨਿੱਕਾ ਮੋਟਾ ਸਾਮਾਨ ਸੜਕ ਦੇ ਦੂਜੇ ਪਾਸੇ ਵੱਸਦੇ ਪਿੰਡ ਵੇਈਂ ਪੂੰਈਂ ਤੋਂ ਮੰਗਵਾਇਆ ਜਾਂਦਾ ਤੇ ਜੋ ਪਿੰਡੋਂ ਨਾ ਮਿਲ ਸਕਦਾ ਹੋਵੇ, ਉਸ ਵਾਸਤੇ ਤਰਨ ਤਾਰਨ ਜਾਣਾ ਪੈਂਦਾ ਸੀ। ਭਾਵੇਂ ਛੋਟਾ ਹੀ ਸੀ, ਪਰ ਕਿਸੇ ਵੀ ਹੋਰ ਪਿੰਡ ਵਾਂਗ ਸਾਈਕਲਾਂ 'ਤੇ ਪਿੰਡੋਂ ਪਿੰਡ ਘੁੰਮਦੇ ਚੂੜੀਆਂ ਵਾਲੇ ਜਾਂ ਹੋਰ ਘਰੇਲੂ ਲੋੜਾਂ ਦਾ ਸਾਮਾਨ ਵੇਚਦੇ ਫੇਰੀ ਵਾਲੇ ਵੀ ਅਕਸਰ ਆ ਜਾਂਦੇ ਸਨ। ਚਿੱਠੀ ਪੱਤਰੀ ਵੀ ਹਾਤੇ ਵਿਚ ਆਉਣ ਲੱਗ ਪਈ ਸੀ।

ਇਕ ਪੰਡਤ ਵੀ ਗਾਹੇ-ਬਗਾਹੇ ਆ ਕੇ ਸਾਰੇ ਘਰੀਂ ਚੱਕਰ ਲਾ ਕੇ ਪੇਸ਼ੀਨਗੋਈਆਂ ਕਰ ਜਾਂਦਾ ਸੀ। ਇਸੇ ਸੰਬੰਧ ਵਿਚ ਯਾਦ ਆਇਆ ਕਿ ਉਦੋਂ ਮੈਂ ਸ਼ਾਇਦ ਪੰਜਵੀਂ ਜਮਾਤ ਵਿਚ ਸਾਂ, ਜਦੋਂ ਇਕ ਵਾਰ ਉਹ ਆਇਆਂ ਤਾਂ ਸਾਰਿਆਂ ਦੇ ਨਾਲ ਮੈਂ ਵੀ ਆਪਣਾ ਹੱਥ ਦਿਖਾ ਕੇ ਉਸ ਨੂੰ ਪੁੱਛਿਆ ਕਿ ਮੇਰੀ ਕਿਸਮਤ ਵਿਚ ਪੜ੍ਹਾਈ ਕਿੰਨੀ ਕੁ ਹੈ ?

ਉਸਨੇ ਮੇਰੇ ਵੱਲ ਚੰਗੀ ਤਰ੍ਹਾਂ ਵੇਖ ਕੇ ਕਿਹਾ ਕਿ ਦਸ ਕੁ ਜਮਾਤਾਂ ਪੜ੍ਹ ਲਏਂਗੀ। ਮੈਂ ਕਿਹਾ—ਨਹੀਂ, ਮੈਂ ਤਾਂ ਜ਼ਿਆਦਾ ਪੜ੍ਹਾਂਗੀ। ਅਸਲ ਵਿਚ ਆਉਂਦੇ ਰਹਿਣ ਕਰਕੇ ਉਸ ਨੂੰ ਪਰਿਵਾਰਕ ਰਿਸ਼ਤਿਆਂ ਬਾਰੇ ਪਤਾ ਸੀ ਤੇ ਮੇਰੇ ਪਿਤਾ ਜੀ ਦੇ ਨੌਕਰੀ ਪੇਸ਼ਾ ਹੋਣ ਕਰਕੇ, ਅਮੀਰ ਸਰਦਾਰ ਨਾ ਹੋਣ ਕਰਕੇ ਉਸਨੇ ਅੰਦਾਜ਼ਾ ਲਾ ਲਿਆ ਸੀ ਕਿ ਮੇਰੇ ਕੋਲੋਂ ਏਨਾ ਕੁ ਹੀ ਪੜ੍ਹਿਆ ਜਾ ਸਕਣਾ ਹੈ। ਉਂਜ ਇਹ ਲੋਕ ਵੀ ਤਾਂ ਇਕ ਤਰ੍ਹਾਂ ਦੇ ਮਨੋਵਿਗਿਆਨੀ ਹੀ ਹੁੰਦੇ ਹਨ, ਕਿਸੇ ਦਾ ਹਾਲ ਜਾਂ ਉਸਦੀ ਮਰਜ਼ੀ ਵੇਖ ਕੇ ਓਹੋ ਜਿਹਾ ਜੁਆਬ ਦੇਣ ਵਾਲੇ।

ਪਾਕਿਸਤਾਨ ਬਣਨ ਤੋਂ ਪਿੱਛੋਂ ਪਾਕਿਸਤਾਨ ਤੋਂ ਆਏ ਕੁਝ ਬਾਜ਼ੀਗਰ ਪਰਿਵਾਰ

ਵੀ ਉਨ੍ਹੀਂ ਦਿਨੀਂ ਉਥੇ ਹੀ ਰਹਿੰਦੇ ਸਨ। ਮਾਸੜ ਜੀ ਯਾਨਿ ਕੈਪਟਨ ਨਰੈਣ ਸਿੰਘ (ਉਨ੍ਹਾਂ ਨੂੰ ਸਾਰੇ ਬਾਊ ਜੀ ਹੀ ਕਹਿੰਦੇ ਸਨ) ਨੇ ਬਾਜ਼ੀਗਰਾਂ ਨੂੰ ਦੋ ਕਿੱਲੇ ਜ਼ਮੀਨ ਰਹਿਣ ਵਾਸਤੇ ਦਿੱਤੀ ਹੁੰਦੀ ਸੀ। ਉਸ ਵਿਚ ਉਹ ਰੱਸੀਆਂ ਦੀ ਮਦਦ ਨਾਲ ਕਾਨੇ ਬੀੜ-ਬੀੜ ਕੇ ਬਣਾਈਆਂ ਹੋਈਆਂ ਆਪਣੀਆਂ ਟੱਪਰੀਆਂ ਲਾ ਕੇ ਰਹਿੰਦੇ ਸਨ। ਉਹ ਕਈ ਪਰਿਵਾਰਾਂ ਦਾ ਇਕੱਠ ਹੁੰਦਾ ਸੀ ਜਿਸ ਵਿਚ ਘੱਗਰੀਆਂ ਵਾਲੀਆਂ ਔਰਤਾਂ ਤੇ ਧੋਤੀਆਂ ਵਾਲੇ ਮਰਦ ਹੁੰਦੇ ਸਨ। ਖੱਚਰਾਂ ਤੇ ਖੋਤੇ ਵੀ ਟੱਪਰੀਆਂ ਦੇ ਵਿਚ-ਵਿਚਾਲੇ ਹੀ ਬੱਝੇ ਹੋਏ ਹੁੰਦੇ ਸਨ। ਉਨ੍ਹਾਂ ਦੀ ਇਕ ਵਡੇਰੀ ਔਰਤ ਦਾ ਨਾਂ ਸੀ ਨਾਮ੍ਹੋ। ਉਹ ਬਹੁਤ ਸੋਹਣੀ, ਸਿਆਣੀ ਤੇ ਸੁਚੱਜੀ ਸੀ। ਅਕਸਰ ਹਾਤੇ ਦੇ ਘਰਾਂ ਵਿਚ ਕਿਸੇ ਕੰਮ ਕਾਰ ਵਾਸਤੇ ਸੱਦਣ 'ਤੇ ਨਾਮ੍ਹੋ ਹੀ ਆਉਂਦੀ ਰਹਿੰਦੀ ਸੀ। ਉਸਦੀ ਘੱਗਰੀ ਅੱਜ-ਕੱਲ੍ਹ ਦੀਆਂ ਟੱਪਰੀਵਾਸ ਔਰਤਾਂ ਵਰਗੀ ਨਹੀਂ ਸੀ ਹੁੰਦੀ। ਉਸ ਉੱਤੇ ਰਜਾਈਆਂ ਤਲਾਈਆਂ ਵਾਂਗ ਨਗੰਦਿਆਂ ਵਰਗੇ ਨਿੱਕੇ-ਨਿੱਕੇ ਤੋਪੇ ਲਾਏ ਹੁੰਦੇ ਸਨ। ਸ਼ਾਇਦ ਉਹ ਦੋ ਕੱਪੜਿਆਂ ਨੂੰ ਜੋੜ ਕੇ ਬਣਾਈ ਹੁੰਦੀ ਸੀ। ਇਸ ਤਰ੍ਹਾਂ ਬਣੀ ਹੋਣ ਕਰਕੇ ਉਸ ਨੂੰ ਵੱਟ ਨਹੀਂ ਸਨ ਪੈਂਦੇ ਤੇ ਮਜਬੂਤੀ ਵੀ ਰਹਿੰਦੀ ਹੋਵੇਗੀ। ਟੱਪਰੀਆਂ ਵਾਲੇ ਕੁਝ ਬੰਦੇ ਤਾਂ ਇਥੋਂ ਦੇ ਪਰਿਵਾਰਾਂ ਨਾਲ ਖੇਤੀ ਦਾ ਕੰਮ ਕਰਦੇ ਸਨ ਤੇ ਕੁਝ ਬਾਹਰ ਜਾ ਕੇ ਆਪਣੇ ਪੁਸ਼ਤੈਨੀ ਕੰਮ ਵੀ ਕਰਦੇ ਹੋਣਗੇ। ਮੈਂ ਦੂਸਰੀ ਜਾਂ ਤੀਸਰੀ ਜਮਾਤ ਵਿਚ ਪੜ੍ਹਦਿਆਂ ਕਈ ਵਾਰ ਉਨ੍ਹਾਂ ਦੀਆਂ ਟੱਪਰੀਆਂ ਵੱਲ ਚਲੀ ਜਾਂਦੀ ਸਾਂ। ਦਿਨੇ ਆਪਣੇ ਚੌਂਕੇ ਚੁੱਲ੍ਹੇ ਦੇ ਕੰਮਾਂ ਤੋਂ ਵਿਹਲੀਆਂ ਹੋ ਕੇ ਔਰਤਾਂ ਨੂੰ ਪੰਜ-ਪੰਜ ਛੇ-ਛੇ ਦੀ ਲਾਈਨ ਵਿਚ ਇਕ-ਦੂਜੀ ਦੇ ਪਿੱਛੇ ਬੈਠੀਆਂ ਜੂੰਆਂ ਕੱਢਦਿਆਂ ਵੀ ਕਈ ਵਾਰ ਵੇਖਿਆ ਸੀ। ਹਰ ਦੋ ਸਾਲ ਪਿੱਛੋਂ ਉਨ੍ਹਾਂ ਦੀਆਂ ਰਹਿਣ ਵਾਲੀਆਂ ਪੈਲੀਆਂ ਬਦਲ ਦਿੱਤੀਆਂ ਜਾਂਦੀਆਂ ਸਨ।

ਇਥੇ ਇਕ ਬਹੁਤ ਹੀ ਸੁਹਿਰਦ ਮੁਸਲਮਾਨ ਕਾਮਾ ਵੀ ਸੀ। ਉਸਦਾ ਅਸਲੀ ਨਾਮ ਤਾਂ ਪਤਾ ਨਹੀਂ ਕੀ ਸੀ ਪਰ ਬੰਦੇ ਉਸ ਨੂੰ ਧੰਨਾ ਕਹਿੰਦੇ ਸਨ। ਧੰਨਾ ਕੰਨਾਂ ਤੋਂ ਬਿਲਕੁਲ ਬੋਲਾ ਸੀ। ਇਸ ਕਰਕੇ ਉਹਦਾ ਨਾਮ ਆਮ ਤੌਰ 'ਤੇ ਬੋਲਾ ਹੀ ਚੱਲਦਾ ਸੀ ਤੇ ਹਾਤੇ ਦੇ ਪਰਿਵਾਰਾਂ ਕੋਲ ਹੀ ਵਾਰੀ ਵਾਰੀ ਰਹਿੰਦਾ ਸੀ। ਉਹ ਮਨਮਰਜ਼ੀ ਦਾ ਮਾਲਕ ਸੀ ਪਰ ਜ਼ੁੰਮੇਵਾਰ ਏਨਾ ਸੀ ਕਿ ਜਿਸ ਨਾਲ ਜਿਹੜੇ ਸਾਲ ਵਾਸਤੇ ਕੰਮ ਕਰਨ ਲਈ ਗੱਲ ਕਰ ਲੈਂਦਾ, ਉਸ ਨੂੰ ਫਿਰ ਸਾਲ ਭਰ ਵਾਸਤੇ ਆਪਣੀ ਫ਼ਸਲ ਦੀ ਬਿਜਾਈ ਕਟਾਈ ਤੇ ਸਾਂਭ ਸੰਭਾਲ ਆਦਿ ਦਾ ਕਿਸੇ ਤਰ੍ਹਾਂ ਦਾ ਕੋਈ ਵੀ ਫ਼ਿਕਰ ਨਾ ਰਹਿੰਦਾ।

ਇਸ ਤਰ੍ਹਾਂ ਹਾਤਾ ਇਕ ਐਸਾ ਪਰਿਵਾਰਕ ਪਿੰਡ ਸੀ ਜਿਥੇ ਹਰ ਕੋਈ ਆਪਣੀ ਮਰਜ਼ੀ ਦਾ ਮਾਲਕ ਵੀ ਸੀ ਤੇ ਆਪਸੀ ਮਿਲਵਰਤਨ ਵੀ ਪੂਰੀ ਸੀ। ਭਾਵੇਂ ਚਾਰ-ਚੁਫ਼ੇਰੇ ਸਹਿਯੋਗੀ ਸੱਜਣ ਸਨ, ਪਰ ਫਿਰ ਵੀ ਸਾਰਿਆਂ ਨੂੰ ਆਪਣੀ ਸੁਰੱਖਿਆ ਦਾ ਫ਼ਿਕਰ ਵੀ ਰਹਿੰਦਾ ਸੀ। ਮੈਨੂੰ ਯਾਦ ਹੈ ਕਿ ਮੇਰੀ ਮਾਸੀ ਤੇ ਮਾਸੜ ਜਦੋਂ ਰਾਤ ਨੂੰ ਸੌਣ ਲੱਗਦੇ ਤਾਂ ਦੋਹਾਂ ਦੇ ਮੰਜਿਆਂ 'ਤੇ ਇਕ ਪਾਸੇ ਬਿਸਤਰੇ ਹੇਠ ਬੰਦੂਕ ਰੱਖੀ ਹੁੰਦੀ ਸੀ। ਸ਼ਾਇਦ ਦੂਜੇ ਪਰਿਵਾਰ ਵੀ ਇਸੇ ਤਰ੍ਹਾਂ ਕਰਦੇ ਹੋਣਗੇ।

ਸਾਰੇ ਸਰਦੇ-ਪੁੱਜਦੇ ਸਰਦਾਰ ਸਨ ਤੇ ਚੰਗੀਆਂ ਨੌਕਰੀਆਂ ਤੋਂ ਰੀਟਾਇਰ ਹੋ ਕੇ ਆਏ ਸਨ। ਕੁਝ ਅਜੇ ਵੀ ਵੱਡੀਆਂ ਪੋਸਟਾਂ 'ਤੇ ਸਨ। ਸਾਰਿਆਂ ਦੇ ਬੱਚੇ ਵੀ ਪੜ੍ਹੇ-ਲਿਖੇ ਸਨ ਤੇ ਮਨਮਰਜ਼ੀ ਨਾਲ ਜਿਊਣ ਵਾਲੇ ਵੀ ਸਨ। ਕਿਸੇ ਨੇ ਘੋੜੀ ਰੱਖੀ ਹੁੰਦੀ ਸੀ ਤੇ ਕਿਸੇ ਨੇ ਮੋਟਰ ਸਾਈਕਲ। ਇਸ ਘੁੱਗ ਵੱਸਦੇ ਨਿੱਕੇ ਜਿਹੇ ਪਿੰਡ ਵਿਚ ਮੇਰਾ ਆਖ਼ਰੀ ਚੱਕਰ ਉੱਨੀ ਸੌ ਸਤੱਤਰ ਵਿਚ ਲੱਗਾ ਸੀ। ਫਿਰ ਕੁਝ ਪਰਿਵਾਰਕ ਕਾਰਨ ਅਜਿਹੇ ਹੋ ਗਏ ਕਿ ਕਈ ਸਾਲ ਉਧਰ ਚੱਕਰ ਹੀ ਨਾ ਲੱਗਾ। ਕਦੇ ਕਦੇ ਕਿਸੇ ਰਾਹੀਂ ਹਾਲਾਤ ਦਾ ਪਤਾ ਲੱਗ ਜਾਂਦਾ ਰਿਹਾ। ਮਾਸੜ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਇਕੋ ਇਕ ਲੜਕਾ, ਇਥੋਂ ਦੀ ਜ਼ਮੀਨ ਵੇਚ ਕੇ ਮਾਲਵੇ ਵਿਚ ਆਪਣੇ ਸਹੁਰਿਆਂ ਦੇ ਪਿੰਡ ਰਹਿਣ ਚਲਾ ਗਿਆ ਸੀ ਕਿਉਂਕਿ ਉਸਦੀ ਘਰਵਾਲੀ ਮਾਪਿਆਂ ਦੀ ਇਕੱਲੀ ਧੀ ਸੀ ਤੇ ਕਾਫ਼ੀ ਜ਼ਮੀਨ ਦੀ ਵਾਰਸ ਵੀ ਸੀ। ਲੜਕੀਆਂ ਪਹਿਲਾਂ ਹੀ ਵਿਆਹੀਆਂ ਹੋਈਆਂ ਸਨ। ਮਾਸੀ ਦਾ ਆਪਣੇ ਕਿਸੇ ਧੀ ਪੁੱਤਰ ਨਾਲ ਕੋਈ ਖ਼ਾਸ ਤਾਲਮੇਲ ਨਹੀਂ ਸੀ ਰਿਹਾ। ਪਹਿਲਾਂ ਉਹ ਕੁਝ ਦੇਰ ਜਾਮ੍ਹਾਰਾਏ ਪਿੰਡ ਜਾ ਕੇ ਰਹਿੰਦੀ ਰਹੀ ਤੇ ਫਿਰ ਤਰਨ ਤਾਰਨ ਬਿਰਧ ਘਰ ਵਿਚ ਹੀ ਪੂਰੀ ਹੋ ਗਈ। ਸੁਣਿਆ ਸੀ ਕਿ ਉਸ ਨੂੰ ਬਿਰਧ ਘਰ ਵਾਲਿਆਂ ਨੇ ਆਖ਼ਰੀ ਦਿਨਾਂ ਵਿਚ ਪੁੱਛਿਆ ਸੀ ਕਿ ਕਿਸੇ ਰਿਸ਼ਤੇਦਾਰ ਨੂੰ ਮਿਲਣਾ ਹੋਵੇ ਤਾਂ ਦੱਸੋ, ਬੁਲਾ ਦੇਈਏ। ਉਸਨੇ ਕਿਹਾ ਸੀ ਕਿ ਮੇਰਾ ਕੋਈ ਨਹੀਂ।

ਕਈ ਸਾਲ ਪਿੱਛੋਂ ਗੋਇੰਦਵਾਲ ਜਾਂਦਿਆਂ ਰਸਤੇ ਵਿਚ ਹਾਤੇ ਨੂੰ ਵੇਖਣ ਦੀ ਇੱਛਾ ਹੋਈ ਤਾਂ ਉਥੇ ਕਿਸੇ ਕੰਧ ਕੰਧੋਲੀ ਤਕ ਦੀ ਨਿਸ਼ਾਨੀ ਨਾ ਲੱਭੀ। ਪੈਲੀਆਂ ਹੀ ਪੈਲੀਆਂ ਸਨ। ਮਾਸੀ ਦੀ ਵੱਡੀ ਲੜਕੀ ਜੋ ਅੱਜ ਕੱਲ੍ਹ ਆਪਣੀ ਬੇਟੀ ਕੋਲ ਗੁੜਗਾਓਂ ਰਹਿੰਦੀ ਹੈ, ਨੂੰ ਫ਼ੋਨ ਕਰਕੇ ਹਾਤੇ ਦੇ ਖ਼ਤਮ ਹੋ ਜਾਣ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਕੁਝ ਪਰਿਵਾਰਾਂ ਦੇ ਮੁੰਡੇ ਤਾਂ ਜਿਥੇ ਨੌਕਰੀਆਂ ਸਨ, ਉਥੇ ਚਲੇ ਗਏ। ਇਕ ਟੱਬਰ ਦੇ ਲੜਕੇ ਵਿਦੇਸ਼ ਚਲੇ ਗਏ। ਬਾਕੀਆਂ ਨੇ ਇਧਰ ਉਧਰ ਦੋਸਤੀਆਂ ਕਰ ਲਈਆਂ, ਫਿਰ ਸ਼ਰਾਬ ਆਦਿ ਦੇ ਚੱਕਰ ਵਿਚ ਜ਼ਮੀਨਾਂ ਵੇਚ ਦਿੱਤੀਆਂ ਤੇ ਹਾਤੇ ਦਾ ਨਾਮ ਨਿਸ਼ਾਨ ਹੀ ਮਿਟ ਗਿਆ। ਇਸ ਤਰ੍ਹਾਂ ਇਹ ਪਿੰਡ ਜਿਵੇਂ ਇਕ ਪੀੜ੍ਹੀ ਦੇ ਹੱਥੀਂ (ਯਾਨਿ ਸ਼ਰਾਬੀ ਬੰਦੇ ਵੱਲੋਂ ਸ਼ਰਾਬਖੋਰੀ ਖ਼ਾਤਰ ਜ਼ਮੀਨ ਵੇਚਣ ਕਰਕੇ) ਵੱਸਿਆ ਸੀ, ਉਸੇ ਹੀ ਤਰ੍ਹਾਂ ਅਗਲੀ ਪੀੜ੍ਹੀ ਦੇ ਹੱਥੋਂ ਧਰਤੀ ਤੋਂ ਮਿਟ ਵੀ ਗਿਆ।

# ਪੰਜਾਬੀ ਮੁਹਾਵਰਿਆਂ/ਅਖਾਣਾਂ ਵਿਚਲੇ ਆਪਣੇ ਅਕਸ 'ਚੋਂ ਉੱਭਰ ਰਹੀ ਔਰਤ

ਕਿਸੇ ਵੀ ਸਮਾਜ ਦੇ ਸਭਿਆਚਾਰ ਵਿਚਲੇ ਲੋਕਾਂ ਦੇ ਮੂੰਹ ਚੜ੍ਹੇ, ਮੂੰਹੋਂ ਮੂੰਹ ਤੁਰਦੇ ਤੇ ਪੀੜ੍ਹੀ-ਦਰ-ਪੀੜ੍ਹੀ ਸਮੇਂ ਦੀਆਂ ਮੰਜ਼ਲਾਂ ਪਾਰ ਕਰਦੇ ਮੁਹਾਵਰੇ, ਉਸ ਦੀ ਭਾਸ਼ਾ ਦੀ ਚੁਸਤੀ, ਸਟੀਕਤਾ, ਚਟਕੀਲਾਪਨ ਤੇ ਸੰਪਨਤਾ ਤਾਂ ਬਿਆਨ ਕਰਦੇ ਹੀ ਹਨ, ਨਾਲ ਹੀ ਇਹ ਆਪਣੇ ਰਚੇ ਜਾਣ ਦੇ ਸਮੇਂ, ਸਮਾਜ ਦੀ ਸੋਚ ਤੇ ਵਿਚਾਰਧਾਰਾ ਨੂੰ ਵੀ ਪ੍ਰਤੀਬਿੰਬਤ ਕਰਦੇ ਹਨ। ਥੋੜ੍ਹੇ ਜਿਹੇ ਸ਼ਬਦਾਂ ਦਾ ਇਹ ਜੁੱਟ ਜਿੰਨੀ ਸਮਰੱਥਾ ਨਾਲ ਕਿਸੇ ਅਟੁੱਟ ਸਮਝੀ ਜਾਂਦੀ ਸੱਚਾਈ ਦੀ ਦੱਸ ਪਾਉਂਦਾ ਹੈ, ਉਹ ਉਸ ਵਕਤ ਦੇ ਮੁਹਾਵਰਾ ਸਿਰਜਕਾਂ ਦੀ ਭਾਸ਼ਾ ਤੇ ਸਿਰਜਣ ਸਮਰੱਥਾ ਦਾ ਵਿਖਾਲਾ ਵੀ ਕਰ ਜਾਂਦਾ ਹੈ। ਪੰਜਾਬੀ ਕਹਾਵਤਾਂ ਤੇ ਮੁਹਾਵਰਿਆਂ ਵੱਲ ਝਾਤੀ ਮਾਰੀਏ ਤਾਂ ਸਾਫ਼ ਦਿਸ ਪੈਂਦਾ ਹੈ ਕਿ ਪੰਜਾਬੀ ਸਮਾਜ ਵਿਚ ਜਿਥੇ ਬਹੁਤੀਆਂ ਗਾਲ੍ਹਾਂ ਔਰਤਮੁਖੀ ਹਨ, ਉਥੇ ਅਜਿਹੇ ਮੁਹਾਵਰਿਆਂ ਦੀ ਵੀ ਬਹੁਤਾਤ ਹੈ। ਉਂਜ ਜਿਸ ਵਕਤ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ—'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ'...ਉਸ ਵਕਤ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਔਰਤ ਦੀ ਸਥਿਤੀ ਕੋਈ ਬਿਹਤਰ ਨਹੀਂ ਸੀ। ਫਰਾਂਸ ਵਿਚ ਜੋਨ ਆਫ਼ ਆਰਕ, ਜਿਸ ਨੂੰ ਕਈ ਸੌ ਸਾਲ ਬਾਅਦ ਸੰਤ ਦਾ ਦਰਜਾ ਦਿੱਤਾ ਗਿਆ, ਨੂੰ ਜਿਊਂਦੇ ਜੀ ਮੌਤ ਦੀ ਸਜ਼ਾ ਦਿੱਤੀ ਗਈ ਸੀ। ਜੋ ਇਲਜ਼ਾਮ ਉਸ 'ਤੇ ਲਾਏ ਗਏ, ਉਨ੍ਹਾਂ ਵਿਚ ਇਕ ਇਹ ਸੀ ਕਿ ਉਹ ਮਰਦਾਵੇਂ ਕੱਪੜੇ ਪਾਉਂਦੀ ਰਹੀ ਹੈ। ਸਾਹਿਤ ਦੀ ਦੁਨੀਆ ਵਿਚ ਕਲਾਸਿਕ ਮੰਨੇ ਜਾਂਦੇ ਨਾਵਲ 'ਮਿੱਲ ਔਨ ਦਾ ਫਲੌਸ' ਦੀ ਲੇਖਕਾ ਮੈਰੀ ਐਨ ਈਵਾਨਜ਼ ਨੂੰ ਮਰਦਾਵੇਂ ਨਾਮ ਜਾਰਜ ਈਲੀਅਟ ਨਾਲ ਲਿਖਣਾ ਪਿਆ ਸੀ ਕਿਉਂਕਿ ਲਿਖਣ ਵਾਲੀਆਂ ਔਰਤਾਂ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਉਦਾਹਰਣਾਂ ਤਾਂ ਹੋਰ ਵੀ ਹਨ, ਪਰ ਪਹਿਲਾਂ ਅਸੀਂ ਆਪਣੇ 'ਤੇ ਹੀ ਝਾਤ ਮਾਰਦੇ ਹਾਂ। ਅਸੀਂ ਪੰਜਾਬੀ ਇਸ ਗੱਲ ਨੂੰ ਤਾਂ ਹੁੱਬ ਹੁੱਬ ਕੇ ਕਹਿੰਦੇ ਹਾਂ ਕਿ ਸਾਡੇ ਗੁਰੂ ਨੇ ਏਨੇ ਸੌ ਸਾਲ ਪਹਿਲਾਂ ਔਰਤਾਂ ਬਾਰੇ ਬੜੇ ਸਨਮਾਨਜਨਕ ਸ਼ਬਦ ਕਹੇ ਸਨ। ਪਰ ਜੇ ਆਪਣੇ ਵਿਹਾਰ, ਵਤੀਰੇ ਤੇ ਸੋਚ ਵੱਲ ਝਾਤੀ ਮਾਰੀ ਜਾਏ ਤਾਂ ਪ੍ਰਚਲਤ ਮੁਹਾਵਰੇ ਬਹੁਤ ਕੁਝ ਸਪੱਸ਼ਟ ਕਰ ਦੇਂਦੇ ਹਨ ਕਿ ਅਸੀਂ ਆਪਣੇ ਗੁਰੂ ਦੇ ਕਥਨ ਨੂੰ ਕਿੰਨਾ ਕੁ ਮੰਨਿਆ।

ਆਮ ਤੌਰ 'ਤੇ ਇਹ ਕਥਨ ਬੋਲਿਆ ਵੀ ਜਾਂਦਾ ਰਿਹਾ ਤੇ ਅਮਲ ਦੀ ਲੀਹ ਵੀ

ਬਣਦਾ ਰਿਹਾ ਹੈ ਕਿ ਔਰਤਾਂ ਦੀ ਮੱਤ ਤਾਂ ਗੁੱਤ ਪਿੱਛੇ ਹੁੰਦੀ ਹੈ। ਯਾਨਿ ਸਿਰ ਉਨ੍ਹਾਂ ਦਾ ਖ਼ਾਲੀ ਹੈ ਤੇ ਜੇ ਕੋਈ ਮੱਤ ਦੀ ਗੱਲ ਕਰਨੀ ਹੈ ਤਾਂ ਗੁੱਤ ਪੁੱਟ ਕੇ ਕਰੋ ਤਾਂ ਹੀ ਇਸ ਦੀ ਅਕਲ ਤਕ ਸੁਨੇਹਾ ਪਹੁੰਚਣਾ ਹੈ ਤੇ ਇਸ ਤਰੀਕੇ ਨਾਲ ਔਰਤ ਦੀ ਮਾਰ ਕੁਟਾਈ ਵੀ ਜਾਇਜ਼ ਹੋ ਗਈ। ਤੁਲਸੀ ਦਾਸ ਦੀਆਂ ਕਹੀਆਂ ਸਤਰਾਂ ਵੀ ਮੁਹਾਵਰੇ ਦਾ ਰੂਪ ਧਾਰਨ ਕਰ ਗਈਆਂ ਸਨ ਕਿ—ਢੋਲ ਗਵਾਰ, ਸ਼ੂਦਰ ਪਸ਼ੂ ਨਾਰੀ, ਚਾਰੋਂ ਤਾੜਨ ਕੇ ਅਧਿਕਾਰੀ।

ਪੰਡਤਾਂ ਪਾਂਡਿਆਂ ਰਾਹੀਂ ਇਹ ਕਥਨ ਪੰਜਾਬ ਵੀ ਪਹੁੰਚ ਗਿਆ ਸੀ। ਪਰ ਪੰਜਾਬੀ ਤਾਂ ਪਹਿਲਾਂ ਹੀ ਮਾਣ ਨਹੀਂ ਸਨ। ਇਥੋਂ ਤਕ ਲੜਕੀ ਪੈਦਾ ਹੋਣ ਦੀ ਸੂਰਤ ਵਿਚ ਤਾਂ ਔਰਤ ਕਸੂਰਵਾਰ ਹੁੰਦੀ ਹੀ ਸੀ ਜੇ ਕੋਈ ਧੀ ਪੁੱਤ ਘੱਟ ਸਮਝਦਾਰ ਪੈਦਾ ਹੋ ਜਾਂਦਾ ਤਾਂ ਉਸ ਦੀ ਸਜ਼ਾ ਵੀ ਔਰਤ ਵਾਸਤੇ ਤਜਵੀਜ਼ ਹੁੰਦੀ।

ਕਮਲਾ ਨਾ ਮਰੇ, ਕਮਲੇ ਦੀ ਮਾਂ ਮਰੇ
ਕੋਈ ਹੋਰ ਨਾ ਕਮਲਾ ਜੰਮ ਧਰੇ।

ਜਿਵੇਂ ਔਰਤ ਇਕੱਲੀ ਹੀ, ਆਪਣੀ ਮਰਜ਼ੀ ਨਾਲ ਬੇ-ਅਕਲ ਧੀਆਂ ਪੁੱਤ ਪੈਦਾ ਕਰੀ ਜਾ ਰਹੀ ਹੋਵੇ। ਖ਼ਾਸ ਕਰਕੇ ਲੜਕੀ ਦੀ ਕਿਸੇ ਕਥਿਤ ਗ਼ਲਤੀ ਵਾਸਤੇ ਤਾਂ ਸਿੱਧਾ-ਸਿੱਧਾ ਮਾਂ ਜ਼ੁੰਮੇਵਾਰ ਹੁੰਦੀ।

ਮਾਂ ਪੁਰ ਧੀ ਪਿਤਾ ਪੁਰ ਘੋੜਾ
ਬਹੁਤਾ ਨਹੀਂ ਤੇ ਥੋੜ੍ਹਾ ਥੋੜ੍ਹਾ

ਤੇ ਮਰਦਾਂ ਵਾਸਤੇ ਤਾਂ ਪੱਕਾ ਸੂਤਰ ਸੀ ਕਿ ਮਰਦ ਤੇ ਘੋੜੇ ਸਦਾ ਨ੍ਹਾਤੇ ਧੋਤੇ ਹੁੰਦੇ ਹਨ। ਸੋ ਹਰ ਬੁਰਿਆਈ, ਮੁਹਾਵਰਿਆਂ ਦੀ ਅਟੱਲ ਸੱਚਾਈ ਨੂੰ ਮੰਨਦਿਆਂ ਹੋਇਆਂ, ਸਹਿਜ ਸੁਭਾ ਔਰਤ ਦੇ ਖਾਤੇ ਜਾ ਪੈਂਦੀ ਰਹੀ, ਜਦੋਂ ਤਕ ਵਿਗਿਆਨ ਨੇ ਇਹ ਸਿੱਧ ਨਹੀਂ ਕਰ ਦਿੱਤਾ ਕਿ ਬੱਚੇ ਦੇ ਲੜਕਾ ਜਾਂ ਲੜਕੀ, ਅਕਲਮੰਦ ਜਾਂ ਮੂਰਖ ਹੋਣ ਦੇ ਸੰਬੰਧ ਵਿਚ ਮਰਦ ਵੀ ਬਰਾਬਰ ਜ਼ਿੰਮੇਵਾਰ ਹੈ।

ਪਹਿਲਾਂ ਤਾਂ ਕੁੜੀਆਂ ਜੰਮਦੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਫਿਰ ਲੜਕੀ ਜੇ ਮਰਨੋਂ ਬਚ ਕੇ ਵੱਡੀ ਹੋਣ ਲੱਗੇ ਤਾਂ ਉਸ ਵਾਸਤੇ ਖ਼ਾਸ ਨਿਯਮ ਤੇ ਕਾਇਦੇ ਨਿਸ਼ਚਿਤ ਸਨ, ਕਿ ਉਹ ਘਰ ਦੇ ਕੰਮ ਕਰੇ, ਕੱਤੇ ਤੁੰਬੇ ਤੇ ਸਚਿਆਰੀ ਬਣੇ। ਕੱਤਣ ਦਾ ਕਾਇਦਾ ਇਹ ਕਿ :

ਲੰਬੀ ਤਾਰ (ਸੂਈ ਵਿਚ ਧਾਗਾ) ਪਾਵੇ ਕੁਚੱਜੀ
ਲੰਬੀ ਤੰਦ (ਚਰਖੇ ਤੇ ਸੂਤ ਕੱਤਦੀ) ਕੱਢੇ ਸੁਚੱਜੀ

ਚਲੋ ਸੁਚੱਜੇ ਹੋਣਾ ਤਾਂ ਫਿਰ ਵੀ ਠੀਕ ਸੀ ਪਰ ਜੇ ਕੁੜੀ ਕੋਲੋਂ ਕੋਈ ਕੰਮ ਕਰਨ ਵਿਚ ਦੇਰ ਸਵੇਰ ਹੋ ਜਾਏ ਤਾਂ ਸਿੱਧਾ—

ਉੱਤੋਂ ਪਈਆਂ ਤ੍ਰਿਕਾਲਾਂ ਤੇ ਖੜਦੰਬੋ ਮਾਰੇ ਛਾਲਾਂ।

ਮਰਦਾਂ ਵਾਸਤੇ ਕਿਸੇ ਵੀ ਸਮੇਂ ਬਾਰੇ ਇਸ ਤਰ੍ਹਾਂ ਦਾ ਕੋਈ ਮੁਹਾਵਰਾ ਨਹੀਂ ਸੁਣਿਆ ਕਦੇ। ਮਰਦਾਂ ਨਾਲ ਬੋਲਣ ਚਾਲਣ ਵਾਲੀ ਔਰਤ ਤਾਂ ਉਂਜ ਹੀ ਫਿਟਕਾਰ ਦੇ ਕਾਬਲ ਹੁੰਦੀ। ਮੁਹਾਵਰੇ ਵਰਗੀ ਇਕ ਬੁਝਾਰਤ ਹੈ, ਜੋ ਔਰਤ ਦੀ ਸਥਿਤੀ ਵੀ ਦਰਸਾ ਜਾਂਦੀ ਹੈ।

ਇਤਨੀ ਕੁ ਜਿਤਨੀ ਕੁ ਜੀਰੇ ਜਿੰਨੇ ਕੰਨ
ਆਦਮੀਆਂ ਨਾਲ ਖਾਂਦੀ ਪੀਂਦੀ, ਫ਼ੋਟ ਕੁੱਤੀ ਰੰਨ

ਇਸ ਦਾ ਉੱਤਰ ਮੱਖੀ ਹੈ ਤੇ ਔਰਤ ਨੂੰ ਇਸ ਹਿਮਾਕਤ ਨਾਲ ਇਸ ਵਿਚ ਉਤਾਰਿਆ ਗਿਆ ਹੈ ਕਿ ਔਰਤ ਦਾ ਚੱਜ ਆਚਾਰ ਵੀ ਨਿਸ਼ਚਿਤ ਕਰ ਜਾਵੇ।

ਫਿਰ ਲੜਕੀ ਦੇ ਵਿਆਹ ਪਿੱਛੋਂ ਤਾਂ ਸਾਮਰਾਜ ਹੀ ਬਦਲ ਜਾਂਦਾ ਸੀ। ਅਸਲ ਵਿਚ ਸਮਾਜ ਦੀ ਮਰਦ ਪੱਖੀ, ਇਕਵਾਸੀ ਸੋਚ ਨੇ ਔਰਤਾਂ ਨੂੰ ਵੀ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਘਰ ਇਕ ਇਕਾਈ ਸੀ ਤੇ ਸਮਾਜ ਇਨ੍ਹਾਂ ਇਕਾਈਆਂ ਦਾ ਸਮੁੱਚ ਸੀ ਜੋ ਸਭਿਆਚਾਰ ਸਿਰਜਦਾ ਸੀ। ਇਥੇ ਮਰਦ ਸ਼ਕਤੀਸ਼ਾਲੀ ਧਿਰ ਸੀ। ਇਥੇ ਔਰਤਾਂ ਵੀ ਉਸ ਵਿਵਸਥਾ ਦੀ ਹਾਮੀ ਭਰਦੀਆਂ ਸਨ। ਜਿਵੇਂ ਸੱਸਾਂ ਆਪਣੇ ਤੋਂ ਕਮਜ਼ੋਰ ਧਿਰ, ਨੂੰਹਾਂ ਨੂੰ ਆਪਣੇ ਅਧੀਨ ਸਮਝ ਕੇ ਖ਼ੁਦ ਵੀ ਸੱਤਾ ਦੀਆਂ ਹਿੱਸੇਦਾਰ ਬਣ ਜਾਂਦੀਆਂ ਸਨ। ਸ਼ਕਤੀਸ਼ਾਲੀ ਧਿਰ ਦੂਜੀ ਦਾ ਆਨੇ ਬਹਾਨੇ ਸ਼ੋਸ਼ਣ ਵੀ ਕਰਦੀ ਤੇ ਦੂਜਿਆਂ ਦੀਆਂ ਨਜ਼ਰਾਂ ਵਿਚ ਵੀ ਹੀਣਾ ਦਰਸਾਉਣ ਲੱਗਦੀ। ਉਸਨੇ ਆਨੇ-ਬਹਾਨੇ ਨੂੰਹ ਨੂੰ ਸੁਣਾਉਤਾਂ ਸੁੱਟਣੀਆਂ ਹੁੰਦੀਆਂ ਸਨ। 'ਆਖਾਂ ਧੀ ਨੂੰ, ਸੁਣਾਵਾਂ ਨੂੰਹ ਨੂੰ', ਤੇ ਜਾਂ ਸਿੱਧਾ ਹੀ

ਚੱਲ ਨੀ ਨੂੰਹੇਂ ਨਿੱਸਲ ਹੋ, ਚਰਖਾ ਛੱਡ ਕੇ ਚੱਕੀ ਝੋਅ

ਉਸ ਕੋਲੋਂ ਕੋਈ ਮਾੜੀ ਮਾਟੀ ਗ਼ਲਤੀ ਹੋ ਜਾਏ ਸਹੀ ਫਿਰ

ਇਕ ਕਮਲੀ ਦੂਜੀ ਪੈ ਗਈ ਮੜ੍ਹੀਆਂ ਦੇ ਰਾਹ

ਉਹਦੇ ਹਰੇਕ ਕੰਮ ਵਿਚ ਨੁਕਤਾਚੀਨੀ ਦਾ ਆਲਮ ਇਹ ਕਿ ਜੇ ਉਹ ਆਏ-ਗਏ ਦੀ ਆਓ-ਭਗਤ ਵੀ ਕਰੇ ਤਾਂ ਕਹਿ ਦੇਣਾ—

ਵਿਹਲੀ ਰੰਨ ਪ੍ਰਾਹੁਣਿਆਂ ਜੋਗੀ

ਉਂਜ ਦੇਖਿਆ ਜਾਵੇ ਤਾਂ ਮਰਦ ਬਾਹਰ ਵਾਹੀ-ਖੇਤੀ ਦਾ ਕੰਮ ਕਰਦੇ ਸਨ ਤੇ ਜੋ ਵੀ ਜਿਣਸ ਘਰ ਆਉਂਦੀ, ਉਸ ਨੂੰ ਹਰੇਕ ਤਰ੍ਹਾਂ ਸੰਭਾਲਣ ਦਾ ਜ਼ਿੰਮਾ ਔਰਤਾਂ ਦਾ ਹੀ ਹੁੰਦਾ ਸੀ। ਅਨਾਜ ਆਵੇ ਤਾਂ ਛੱਟਣਾ, ਪੀਸਣਾ ਪਕਾਉਣਾ। ਮਾਲ ਡੰਗਰ ਸਾਂਭਣਾ ਤੇ ਦੁੱਧ ਦਹੀਂ, ਲੱਸੀ ਮੱਖਣ ਘਿਓ ਟੱਬਰ ਨੂੰ ਦੇਣਾ। ਕਪਾਹ ਚੁਗਣੀ, ਸੂਤ ਕੱਤਣਾ,

ਕੱਪੜਾ ਉਣਵਾ ਦੇ ਟੱਬਰ ਦੇ ਤਨ ਢੱਕਣੇ। ਦਰੀਆਂ ਆਦਿ ਬੁਣਨੀਆਂ ਯਾਨਿ ਆਦਮੀਆਂ ਦੀ ਖੇਤੀ ਵਿਚ ਮਦਦ ਕਰਨ ਤੋਂ ਲੈ ਕੇ ਹੋਰ ਹਰੇਕ ਜ਼ਰੂਰਤ ਦੀ ਜ਼ਿੰਮੇਵਾਰੀ ਔਰਤਾਂ ਦੇ ਸਿਰ 'ਤੇ ਹੀ ਸੀ। ਇਥੋਂ ਤਕ ਕੇ ਖੂਹਾਂ, ਟੋਭਿਆਂ ਤੋਂ ਪਾਣੀ ਵੀ ਔਰਤਾਂ ਹੀ ਲਿਆਉਂਦੀਆਂ ਤੇ ਜੇ ਜ਼ਰਾ ਵੀ ਢਿੱਲ ਹੋ ਜਾਵੇ ਤਾਂ ਘੜੇ ਘੜਾਏ ਮੁਹਾਵਰੇ ਵਿਚ ਮਾਂ ਵੀ ਧੀ ਨਾਲ ਕਸੂਰਵਾਰ ਹੁੰਦੀ ਤੇ ਪੁਣੀ ਜਾਂਦੀ।

ਮਾਂ ਵੀ ਗਗ੍ਹਨੀ, ਧੀ ਵੀ ਗਗ੍ਹਨੀ
ਕੌਣ ਲਿਆਵੇ ਪਾਣੀ ਦੀ ਮਘ੍ਹਨੀ

ਤੇ ਉਸ ਦੇ ਜ਼ਰਾ ਕੁ ਧੀਮਾ ਹੁੰਦਿਆਂ ਜ਼ਬਰਦਸਤ ਵਿਅੰਗ ਹੁੰਦਾ

ਏਧਰ ਗਈ ਉਧਰ ਗਈ
ਚੁਲ੍ਹੇ ਦੀ ਸਵਾਹ ਲਈ
ਕਿਉਂ ਭੈਣਾਂ ਮੈਂ ਵਿਹਲੀ ਰਹੀ ?

ਫਿਰ ਤਿਲ ਤਿਲ ਕਰਕੇ ਘਰ ਉਸਾਰਨ ਵਾਲੀ ਔਰਤ ਦਾ ਪਤੀ ਨਾ ਰਹੇ ਤਾਂ ਉਸ ਦਾ ਘਰ ਨਾਲੋਂ ਰਿਸ਼ਤਾ ਹੀ ਖ਼ਤਮ ਕਰ ਦਿੱਤਾ ਜਾਂਦਾ ਸੀ। ਖ਼ਾਸ ਕਰਕੇ ਹਿੰਦੂ ਪਰਿਵਾਰਾਂ ਵਿਚ ਮਨੂਵਾਦੀ ਸੋਚ ਮੁਤਾਬਕ ਵਿਧਵਾ ਔਰਤਾਂ ਨੂੰ ਘਰ ਵਾਲੇ ਕਿਤੇ ਮਥੁਰਾ, ਕਾਂਸ਼ੀ, ਹਰਿਦੁਆਰ ਆਦਿ ਵਿਧਵਾ ਆਸ਼ਰਮਾਂ ਵਿਚ ਛੱਡ ਆਉਂਦੇ ਸਨ। ਉਥੇ ਛੱਡਣ ਵੇਲੇ ਔਰਤ ਦਾ ਸਿਰ ਮੁੰਨ ਦਿੱਤਾ ਜਾਂਦਾ ਸੀ। ਅਜਿਹੇ ਵੇਲੇ ਦਾ ਅੱਤ ਦਾ ਘਟੀਆ ਤੇ ਵਿਅੰਗਾਤਮਕ ਮੁਹਾਵਰਾ ਹੈ—

ਧੇਲੇ ਦੀ ਬੁੱਢੀ ਤੇ ਟਕਾ ਸਿਰ ਮੁਨਾਈ

ਟਕਾ ਦੋ ਪੈਸੇ ਦਾ ਹੁੰਦਾ ਸੀ ਤੇ ਧੇਲਾ, ਟਕੇ ਦਾ ਚੌਥਾ ਹਿੱਸਾ ਯਾਨਿ ਅੱਧਾ ਪੈਸਾ। ਇਹ ਸੀ ਔਰਤ ਦਾ ਸਨਮਾਨ ਤੇ ਔਰਤਾਂ ਸੱਚਮੁੱਚ ਹੀ ਵਿਕਦੀਆਂ ਰਹੀਆਂ ਹਨ। ਅੱਜ ਵੀ ਕਿਤੇ ਨਾ ਕਿਤੇ ਵਿਕਦੀਆਂ ਰਹਿੰਦੀਆਂ ਹਨ, ਘਰ ਗ੍ਰਹਿਸਥੀ ਵਾਸਤੇ ਤੇ ਜਾਂ ਵੇਸਵਾਗਮਨੀ ਵਾਸਤੇ ਵੀ। ਇਸ ਪ੍ਰਬੰਧਨ ਨੇ ਔਰਤ ਦੇ ਮਨ ਵਿਚ ਇਹ ਭਰਨ ਦਾ ਜ਼ਿੰਮਾ ਲਿਆ ਹੋਇਆ ਸੀ ਕਿ ਔਰਤ ਮਰਦਾਵੀਂ ਜਮਾਤ ਦੇ ਕਿਸੇ ਵੀ ਫ਼ਰਦ ਤੋਂ ਖ਼ੁਦ ਨੂੰ ਹੀਣਾ ਹੀ ਸਮਝੇ ਭਾਵੇਂ ਮਰਦ ਉਸ ਤੋਂ ਊਣਾ ਹੀ ਹੋਵੇ।

ਅਜਿਹੀ ਸਥਿਤੀ ਅਨੁਸਾਰ ਲੜਕੀ ਨੂੰ ਤਿਆਰ ਕਰਦੀ ਆਪਣੀ ਇਕ ਨਿੱਕੀ ਜਿਹੀ ਕਵਿਤਾ ਯਾਦ ਆਈ ਹੈ।

*ਵੇਲ ਦਾ ਅਭਿਨੈ*

ਬਚਪਨ ਵਿਚ ਉਸ ਨੂੰ

ਕਿਸੇ ਕੰਮ ਭੇਜਦੀ ਮਾਂ
ਤੋਰ ਦੇਂਦੀ ਨਾਲ
ਛੋਟੇ ਵੀਰ ਨੂੰ

ਉਹ ਡਿੱਗਣੋਂ ਬਚਾਉਂਦੀ
ਕਰਦੀ ਪਾਸੇ
ਕਿਸੇ ਲੰਘਦੇ ਵਾਹਨ ਤੋਂ
ਨਿੱਕੀਆਂ ਨਿੱਕੀਆਂ ਗੱਲਾਂ ਕਰ
ਲਾ ਰੱਖਦੀ ਖੇਡੇ ਉਸ ਨੂੰ

ਬੇਫ਼ਿਕਰ ਮਾਂ ਸੋਚਦੀ ਘਰੇ
'ਕੱਲੀ ਨਹੀਂ ਕੁੜੀ
ਨਾਲ ਹੈ...ਵੀਰਾ...!

ਤੇ ਸਿਖਾਉਂਦੀ ਗਈ ਉਹ
ਧੀ ਨੂੰ ਇੰਜ
ਵੇਲਾਂ ਵਿਚ
ਬਿਰਖ਼ ਹੋਣ ਦਾ ਗੁਮਾਨ ਭਰਨਾ
ਤੇ ਬਿਰਖ਼ ਹੁੰਦਿਆਂ
ਵੇਲ ਦਾ ਅਭਿਨੈ ਕਰਨਾ

ਇਸੇ ਸਥਿਤੀ ਨੂੰ ਮਹਿਸੂਸ ਕਰਦਿਆਂ ਅੱਸੀ ਸਾਲ ਪਹਿਲਾਂ ਮੁਨਸ਼ੀ ਪ੍ਰੇਮ ਚੰਦ ਨੇ ਕਿਹਾ ਸੀ ਕਿ ਔਰਤਾਂ ਨੂੰ ਇਸ ਤਰ੍ਹਾਂ ਹੀ ਕਿਉਂ ਪਾਲਿਆ ਜਾਂਦਾ ਹੈ ਕਿ ਉਹ ਸਿਰਫ਼ ਘਰ ਸੰਭਾਲਣ ਤੇ ਬੱਚੇ ਪਾਲਣ ਵਾਸਤੇ ਹੀ ਤਿਆਰ ਹੋਣ। ਉਨ੍ਹਾਂ ਦਾ ਵੀ ਜੀ ਕਰ ਸਕਦਾ ਹੈ ਉਹ ਡਾਕਟਰ ਬਣਨ, ਇੰਜੀਨੀਅਰ ਬਣਨ ਜਾਂ ਵਿੱਤ ਦੇ ਖੇਤਰ ਵਿਚ ਕੁਝ ਕਰਨ।

ਤੇ ਹੁਣ ਤਕ ਜਦੋਂ ਕਿ ਔਰਤ ਨੂੰ ਕੁਝ ਮੌਕੇ ਮਿਲਣੇ ਸ਼ੁਰੂ ਹੋਏ ਹਨ ਤਾਂ ਉਹ ਆਪਣੇ ਤੇ ਲਿਪਟੀ ਹੋਈ ਮੁਹਾਵਰਿਆਂ ਦੀ ਕਥਿਤ ਸਿਆਣਪ ਦੀ ਇਕਵਾਸੀ ਕਾਲਖ ਨੂੰ ਧੋ ਰਹੀ ਹੈ ਤੇ ਆਪਣੇ ਅਸਲ ਰੂਪ ਦੀ ਖ਼ੂਬਸੂਰਤੀ ਨੂੰ ਨਿਖਾਰ ਰਹੀ ਹੈ।

ਇਕ ਨਿੱਕੀ ਜਹੀ ਉਦਾਹਰਣ ਹੈ : ਜਦੋਂ ਇਤਿਹਾਸ ਲਿਖੇ ਜਾਂਦੇ ਹਨ ਤਾਂ ਸਭ ਕੁਝ ਹਮੇਸ਼ਾ ਜੇਤੂ ਧਿਰ, ਜੋ ਤਾਕਤਵਰ ਹੁੰਦੀ ਹੈ, ਦੇ ਹੱਕ ਵਿਚ ਹੀ ਲਿਖਿਆ ਜਾਂਦਾ ਹੈ। ਸੋ ਇਥੇ ਵੀ ਜੋ ਧਾਰਨਾਵਾਂ, ਪਰਿਭਾਸ਼ਾਵਾਂ ਬਣਾਈਆਂ ਗਈਆਂ ਉਹ ਔਰਤ ਦੇ ਪਰਿਵਾਰ ਤੇ ਸਮਾਜ ਵਿਚ ਪਾਏ ਗਏ ਯੋਗਦਾਨ ਨੂੰ ਉਹਲੇ ਵਿਚ ਰੱਖ ਕੇ ਉਸ ਨੂੰ ਮਾਨਸਿਕ ਤੌਰ 'ਤੇ ਖ਼ੁਦ ਨੂੰ ਹੀਣਾ ਸਮਝ ਕੇ ਪਾਈਆਂ ਗਈਆਂ ਲੀਹਾਂ ਅਨੁਸਾਰ ਕੰਮ

ਕਰਦੇ ਰਹਿਣ ਵਾਸਤੇ ਹੀ ਸਨ। ਇਸ ਤੋਂ ਵੱਧ ਕੀ ਹੋਵੇਗਾ ਕਿ ਜਿਹੜੀ ਮਾਂ ਪੁੱਤਾਂ ਨੂੰ ਜਨਮ ਦੇਂਦੀ, ਪਾਲਦੀ ਪਰਵਾਨ ਚੜ੍ਹਾਉਂਦੀ ਹੈ, ਪੁੱਤਾਂ ਦੇ ਜਵਾਨ ਹੋਣ 'ਤੇ ਉਸ ਨੂੰ ਨਿਕੰਮੀ ਗਰਦਾਨ ਦਿੱਤਾ ਜਾਵੇ

ਮਾਂ ਕੁਚੱਜੀ ਪੁੱਤਾਂ ਕੱਜੀ

ਤੇ ਅੱਜ ਉਹ, ਹਰ ਉਮਰੇ ਹੀਣੀ ਸਮਝੀ ਜਾਂਦੀ ਔਰਤ, ਇਕੋ ਸਮੇਂ ਘਰ ਸੰਭਾਲ ਰਹੀ ਹੈ। ਬੱਚੇ ਪੈਦਾ ਕਰਕੇ ਪਾਲ ਵੀ ਰਹੀ ਹੈ ਤੇ ਪਰਵਾਨ ਵੀ ਚੜ੍ਹਾ ਰਹੀ ਹੈ, ਨੌਕਰੀ ਕਰ ਰਹੀ ਹੈ, ਪਰਿਵਾਰਕ ਰਿਸ਼ਤੇ ਨਿਭਾ ਰਹੀ ਹੈ। ਕਈ ਵੱਡੇ ਅਦਾਰਿਆਂ ਦੀਆਂ ਮੁਖੀ ਔਰਤਾਂ ਹਨ, ਉਹ ਡਾਕਟਰ, ਇੰਜੀਨੀਅਰ, ਪੁਲਾੜ ਇੰਜੀਨੀਅਰ, ਬੈਂਕਰ, ਅਦਾਕਾਰ ਤੇ ਹੋਰ ਹਰੇਕ ਖਿੱਤੇ ਵਿਚ ਆਪਣੀ ਸਮਰੱਥਾ ਸਿੱਧ ਕਰ ਰਹੀਆਂ ਹਨ। ਉਹ ਕਈ ਕੁਝ ਹੋਰ ਕਰਦੀਆਂ ਹੋਈਆਂ, ਸਵੈ-ਵਿਸ਼ਵਾਸ ਨਾਲ ਸਮਾਜ ਵਿਚ ਵਿਚਰ ਵੀ ਰਹੀਆਂ ਹਨ। ਇਹੀ ਨਹੀਂ ਉਹ ਉਚੇਚੇ ਤੌਰ 'ਤੇ ਉਨ੍ਹਾਂ ਨੂੰ ਸੇਧਿਤ ਕੀਤੇ ਗਏ ਮੁਹਾਵਰਿਆਂ ਦੀ ਵਲਗਣ 'ਚੋਂ ਬਾਹਰ ਨਿਕਲ ਕੇ ਆਪਣੇ ਵਾਸਤੇ ਲੋੜੀਂਦੇ ਮੁਹਾਵਰੇ ਵੀ ਖ਼ੁਦ ਸਿਰਜ ਰਹੀਆਂ ਹਨ।

# ਪੰਜਾਬੀ ਬੋਲ ਚਾਲ ਵਿਚ
# ਜਾਨਵਰਾਂ ਨਾਲ ਜੁੜੀਆਂ ਅਖੌਤਾਂ ਤੇ ਮੁਹਾਵਰੇ

ਹਰੇਕ ਖਿੱਤੇ ਵਿਚ ਵੱਸਣ ਵਾਲੇ ਲੋਕਾਂ ਦੇ ਬੋਲ ਚਾਲ ਵਿਚ ਉਸ ਥਾਂ ਦੇ ਮੌਸਮਾਂ, ਉਥੋਂ ਦੇ ਕੁਦਰਤੀ ਸਾਧਨਾਂ, ਜੀਵ-ਜੰਤੂਆਂ ਤੇ ਉਨ੍ਹਾਂ ਦੇ ਕਿੱਤਿਆਂ ਦੀ ਹੋਂਦ ਸ਼ਾਮਲ ਹੁੰਦੀ ਹੈ ਜੋ ਉਸ ਨੂੰ ਵਿਸ਼ੇਸ਼ ਆਂਚਲਿਕ ਰੰਗਤ ਦੇਂਦੀ ਹੈ। ਬੋਲੀ ਦੀ ਇਹ ਖ਼ਾਸ ਰੰਗਤ ਉਨ੍ਹਾਂ ਦੀ ਜੀਣ-ਸ਼ੈਲੀ ਤੇ ਸੋਚਣੀ ਵਿਚੋਂ ਹੀ ਉਭਰੀ ਹੁੰਦੀ ਹੈ ਤੇ ਉਸੇ ਸਿਆਣਪ ਦੇ ਆਧਾਰ ’ਤੇ ਹੀ ਉਥੋਂ ਦੇ ਲੋਕਾਂ ਵੱਲੋਂ ਨਵੇਂ-ਨਵੇਂ ਸੂਤਰ ਸਿਰਜੇ ਜਾਂਦੇ ਹਨ। ਇਨ੍ਹਾਂ ਸੂਤਰਾਂ ਦੇ ਕਈ ਰੂਪਾਂ ਵਿਚੋਂ ਇਕ, ਉਸ ਬੋਲੀ ਦੇ ਮੁਹਾਵਰੇ ਅਖੌਤਾਂ ਤੇ ਪ੍ਰਮਾਣਾਂ ਦਾ ਰੂਪ ਹੁੰਦਾ ਹੈ। ਪੰਜਾਬੀ ਸਭਿਆਚਾਰ ਵਿਚ ਵੀ ਬਹੁਤ ਸਾਰੇ ਮੁਹਾਵਰੇ ਅਖੌਤਾਂ ਇਸ ਤਰ੍ਹਾਂ ਮਿਲਦੇ ਹਨ ਜੋ ਥੋੜ੍ਹੇ ਜਿਹੇ ਸ਼ਬਦਾਂ ਵਿਚ ਕਿਸੇ ਦੀਆਂ ਆਦਤਾਂ ਜਾਂ ਖ਼ਾਸ ਸਥਿਤੀ ਬਾਰੇ ਸੂਚਨਾ ਦੇ ਦੇਂਦੇ ਹਨ। ਇਹ ਸਾਡੇ ਵਡੇਰਿਆਂ ਦੀ ਸਮਝ ਵਿਚੋਂ ਉੱਭਰੀਆਂ ਲੋਕ ਸਿਆਣਪਾਂ ਸਨ।

ਪੰਜਾਬ ਇਕ ਵਿਸ਼ਾਲ ਖਿੱਤੇ ਦਾ ਨਾਂ ਹੋਇਆ ਕਰਦਾ ਸੀ। ਦਰਿਆਵਾਂ ਤੇ ਨਦੀਆਂ ਦੀ ਧਰਤੀ ਸੀ ਇਹ, ਜਿਥੇ ਕੁਦਰਤ ਭਰਪੂਰਤਾ ਨਾਲ ਵੱਸੀ ਹੋਈ ਸੀ। ਪੰਜਾਬ ਵਿਚ ਉਦੋਂ ਭਰਪੂਰ ਮੀਂਹ ਵਰ੍ਹਦੇ ਸਨ। ਧਰਤੀ ਉੱਤੇ ਬਿਰਖ ਸਹਿਜ ਸੁਭਾਅ ਉੱਗਦੇ ਤੇ ਮੌਲਦੇ ਸਨ। ਆਪ ਵੀ ਬਿਰਖ ਬੀਜੇ ਤੇ ਪਾਲੇ ਜਾਂਦੇ ਸਨ। ਪਾਣੀ ਦੇ ਕੁਦਰਤੀ ਸੋਮੇ ਤੇ ਵਹਿਣ ਹੁੰਦੇ ਸਨ। ਕਈ ਜੰਗਲ ਵੀ ਆਸ-ਪਾਸ ਹੁੰਦੇ ਸਨ ਜਿਥੇ ਕਈ ਤਰ੍ਹਾਂ ਦੇ ਪੰਖੇਰੂ ਤੇ ਹੋਰ ਜੰਗਲੀ ਜਾਨਵਰ ਬੇਖ਼ੌਫ਼ ਰਹਿੰਦੇ ਸਨ ਕਿਉਂਕਿ ਉਨ੍ਹਾਂ ਦੇ ਰਹਿਣ, ਲੁਕਣ, ਬੱਚੇ ਪੈਦਾ ਕਰਨ ਤੇ ਪਾਲਣ ਵਾਸਤੇ ਮਾਹੌਲ ਸਾਜ਼ਗਾਰ ਸੀ।

ਖੇਤੀ ਪ੍ਰਧਾਨ ਪ੍ਰਦੇਸ਼ ਹੋਣ ਕਰਕੇ ਸਾਡੇ ਵਡੇਰਿਆਂ ਦੀ ਜ਼ਿੰਦਗੀ ਕੁਦਰਤ ਨਾਲ ਬਹੁਤ ਗਹਿਰੀ ਤਰ੍ਹਾਂ ਜੁੜੀ ਹੋਈ ਸੀ। ਕਿਸਾਨੀ ਵਾਲੇ ਘਰਾਂ ਵਿਚ ਲੋੜ ਅਨੁਸਾਰ ਗਾਵਾਂ, ਮੱਝਾਂ, ਬਲਦ, ਊਠ, ਘੋੜੀਆਂ ਆਦਿ ਹੁੰਦੇ ਸਨ। ਪਿੰਡਾਂ ਵਿਚਲੇ ਸ੍ਰਾਂਸੀ ਕਬੀਲਿਆਂ ਵੱਲੋਂ ਬੱਕਰੀਆਂ ਤੇ ਭੇਡਾਂ ਅਤੇ ਘੁਮਿਆਰਾਂ ਵੱਲੋਂ ਖੋਤੇ ਪਾਲੇ ਜਾਂਦੇ ਸਨ। ਸੋ ਘਰਾਂ ਦੇ ਜਾਨਵਰਾਂ ਤੋਂ ਬਿਨਾਂ ਆਸ-ਪਾਸ ਫਿਰਦੇ ਜਾਨਵਰਾਂ ਤੇ ਚਾਰ-ਚੁਫ਼ੇਰੇ ਵਿਚਰਦੇ ਜਾਨਵਰਾਂ ਦੀਆਂ ਆਦਤਾਂ ਦਾ ਅਧਿਐਨ ਵੀ ਲੋਕ-ਮਨ ਵੱਲੋਂ ਸਹਿਜ ਸੁਭਾਅ ਹੁੰਦਾ ਰਹਿੰਦਾ ਸੀ। ਇਸ ਕਰਕੇ ਲੋਕਾਂ ਦਾ ਧਰਤੀ ’ਤੇ ਤੁਰਦੀਆਂ ਕੀੜੀਆਂ ਤੋਂ ਲੈ ਕੇ ਕੁੱਤੇ ਖੋਤੇ, ਘੋੜੇ, ਸ਼ੇਰ ਤੇ ਹਾਥੀ ਤੱਕ ਨਾਲ ਵਾਹ ਪੈਂਦਾ ਸੀ। ਪਾਣੀ ਵਿਚਲੀਆਂ

ਬੱਤਖਾਂ ਮੁਰਗ਼ਾਬੀਆਂ ਤੇ ਹੰਸ, ਹਵਾ ਵਿਚ ਉੱਡਦੇ, ਬਿਰਖਾਂ ਦੀਆਂ ਖੋੜਾਂ, ਘਰਾਂ ਦੀਆਂ ਛੱਤਾਂ, ਬਨੇਰਿਆਂ ਤੇ ਧਰਤੀ ’ਤੇ ਵਿਚਰਦੇ ਪੰਖੇਰੂ ਹਰ ਪਲ ਮਨੁੱਖੀ ਜ਼ਿੰਦਗੀ ਦਾ ਹਿੱਸਾ ਸਨ ਤੇ ਲੋਕ ਉਨ੍ਹਾਂ ਦੇ ਰਹਿਣ ਸਹਿਣ, ਖ਼ੁਰਾਕ ਤੋਂ ਲੈ ਕੇ ਆਮ ਤੇ ਖ਼ਾਸ ਸਥਿਤੀਆਂ ਵਿਚ ਉਨ੍ਹਾਂ ਦਾ ਵਿਹਾਰ ਤਕ ਜਾਣਦੇ ਹੁੰਦੇ ਸਨ। ਫਿਰ ਰੋਜ਼ਾਨਾ ਰਹਿਣੀ ਬਹਿਣੀ ਦੌਰਾਨ ਜੀਵ-ਜੰਤੂਆਂ ਦੀਆਂ ਆਦਤਾਂ ਦੇ ਸਹਿਜ ਸੁਭਾ ਅਧਿਐਨ ’ਚੋਂ ਸਮਝੀਆਂ ਕਈ ਆਦਤਾਂ ਨੂੰ ਮਨੁੱਖਾਂ ’ਤੇ ਲਾਗੂ ਕਰਕੇ ਲੋਕ ਆਮ ਬੋਲ ਚਾਲ ਵਿਚ ਵਰਤਣ ਲੱਗ ਪਏ। ਹੌਲੀ-ਹੌਲੀ ਲੋਕ ਵਿਹਾਰ ਵਿਚ ਗੱਲਬਾਤ ਦੌਰਾਨ ਇਨ੍ਹਾਂ ਨੂੰ ਮਾਨਤਾ ਵੀ ਮਿਲਣ ਲੱਗ ਪਈ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਰੋਜ਼ਾਨਾ ਬੋਲ-ਚਾਲ ਵਿਚ ਹੁਣ ਵੀ ਅਕਸਰ ਵਰਤੀਆਂ ਜਾਂਦੀਆਂ ਹਨ ਭਾਵੇਂ ਇਹ ਬਹੁਤ ਹੱਦ ਤਕ ਵਿਸਰਦੀਆਂ ਜਾ ਰਹੀਆਂ ਹਨ।

ਕਾਵਾਂ ਤੇ ਚਿੜੀਆਂ ਦਾ ਰਿਸ਼ਤਾ ਤਾਂ ਘਰਾਂ ਨਾਲ ਬਹੁਤ ਨੇੜੇ ਦਾ ਸੀ। ਕਾਂ ਤਾਂ ਰੋਜ਼ ਆਉਂਦੇ ਜਾਂਦੇ ਰਹਿੰਦੇ ਸਨ ਤੇ ਚਿੜੀਆਂ ਘਰਾਂ ਵਿਚ ਹੀ ਉਡਾਰੀਆਂ ਲਾਉਂਦੀਆਂ ਰਹਿੰਦੀਆਂ ਸਨ। ਘਰਾਂ ਦੀਆਂ ਛੱਤਾਂ ਉਦੋਂ ਸ਼ਤੀਰੀਆਂ ਬਾਲਿਆਂ ਵਾਲੀਆਂ ਜਾਂ ਘਾਹ ਫੂਸ ਦੀਆਂ ਹੁੰਦੀਆਂ ਸਨ। ਚਿੜੀਆਂ ਉਨ੍ਹਾਂ ਛੱਤਾਂ ਜਾਂ ਕੰਧਾਂ ਦੀਆਂ ਮੋਰੀਆਂ ਆਦਿ ਵਿਚ ਆਲ੍ਹਣੇ ਬਣਾ ਕੇ ਰਹਿੰਦੀਆਂ ਸਨ। ਇਸੇ ਤਰ੍ਹਾਂ ਕਾਂ ਵੀ ਘਰਾਂ ਦੇ ਨੇੜੇ-ਤੇੜੇ ਬਿਰਖਾਂ ’ਤੇ ਰਹਿੰਦੇ ਤੇ ਘਰਾਂ ਦੇ ਬਨੇਰਿਆਂ ’ਤੇ ਫੇਰੇ ਮਾਰਦੇ ਹੀ ਰਹਿੰਦੇ ਸਨ। ਚਿੜੀਆਂ ਕਾਵਾਂ ਨਾਲ ਜੁੜੀਆਂ ਅਨੇਕਾਂ ਉਦਾਹਰਣਮਈ ਅਖੌਤਾਂ ਅਜੇ ਤਕ ਆਮ ਬੋਲਚਾਲ ਦਾ ਹਿੱਸਾ ਹਨ। ਚਿੜੀਆਂ ਦਾ ਚਹਿਕਣਾ ਦਿਨ ਦੇ ਚੜ੍ਹਾਅ ਨਾਲ ਸ਼ੁਰੂ ਹੋ ਜਾਂਦਾ ਹੈ...ਕਿਸ ਨੂੰ ਯਾਦ ਨਹੀਂ ਹੋਣੀ ਇਹ ਸਤਰ : *ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ* ਜਾਂ *ਚਿੜੀਆਂ ਦਾ ਮਰਨਾ ਗਵਾਰਾਂ ਦਾ ਹਾਸਾ*। ਚਿੜਚਿੜ ਕਰਨਾ, ਕੁੜੀਆਂ ਚਿੜੀਆਂ, ਚਿੜੀ ਜਿੰਨਾ ਦਿਲ, ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ, ਆਦਿ। ਬਹੁਤਾ ਬੋਲਣ ਵਾਲੇ ਨੂੰ ‘ਕਾਂ ਕਾਂ ਕਰਨ ਵਾਲਾ’ ਕਿਹਾ ਜਾਂਦਾ ਹੈ।

ਕਿਸੇ ਦੇ ਪੈਰ ਟਿਕਾ ਟਿਕਾ ਕੇ ਤੁਰਨ ਨੂੰ ਕਹਿੰਦੇ ਹਨ ਕਿ ਉਹ ਤਾਂ ਇਸ ਤਰ੍ਹਾਂ ਤੁਰਦਾ ਹੈ ਜਿਵੇਂ ਕਾਂ ਪਾਥੀਆਂ ’ਤੇ ਤੁਰਦਾ ਹੋਵੇ, ਨਾਲ ਹੀ ਕਾਂ ਦੇ ਬਨੇਰੇ ’ਤੇ ਬੋਲਣ ਨੂੰ ਕਿਸੇ ਪ੍ਰਾਹੁਣੇ ਦੀ ਆਮਦ ਦਾ ਸੁਨੇਹਾ ਵੀ ਮੰਨਿਆ ਜਾਂਦਾ ਹੈ। ਕਾਵਾਂ ਰੌਲੀ, ਕਾਂ ਪੈਣੇ, ਕਾਂ ਅੱਖ ਨਿਕਲਣਾ, ਭਰਾ ਭਰਾਵਾਂ ਦੇ ਚਿੱਚੜ ਕਾਵਾਂ ਦੇ, ਕਾਵਾਂ ਦੇ ਆਖਿਆਂ ਢੋਲ ਨਹੀਂ ਪਾਟਦੇ, ਆਦਿ ਕਾਵਾਂ ਨਾਲ ਜੁੜੀਆਂ ਕਈ ਅਖੌਤਾਂ ਸਨ।

ਕਾਂ ਨੂੰ ਤਾਂ ਸ਼ੇਖ਼ ਫ਼ਰੀਦ ਜੀ ਨੇ ਵੀ...ਕਾਗਾ ਸਰਬ ਢੰਡੋਲਿਆ...ਕਹਿ ਕੇ ਆਪਣੇ ਸਲੋਕਾਂ ਵਿਚ ਸ਼ਾਮਲ ਕੀਤਾ ਹੈ। ਪੰਖੇਰੂਆਂ ਬਾਰੇ ਕੁਝ ਗੀਤ ਵੀ ਬਹੁਤ ਹਰਮਨ ਪਿਆਰੇ ਹੋਏ ਹਨ।

ਉੱਡ ਉੱਡ ਕਾਲਿਆ ਕਾਵਾਂ ਤੇਰੇ ਮੂੰਹ ਵਿਚ ਚੂਰੀ ਪਾਵਾਂ, ਕਾਗ ਬਨੇਰੇ ’ਤੇ ਬੋਲਿਆ ਤੇ ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ ਆਦਿ।

ਪੰਛੀਆਂ ਬਾਰੇ ਗੀਤਾਂ ਵਿਚ ਕਬੂਤਰ ਬੜੇ ਮੋਹ ਨਾਲ ਸ਼ਾਮਲ ਹੈ।

ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ...ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ...।

(ਕਦੇ ਸਿਖਾਏ ਹੋਏ ਕਬੂਤਰਾਂ ਕੋਲੋਂ ਚਿੱਠੀਆਂ ਪਹੁੰਚਾਉਣ ਦਾ ਕੰਮ ਲਿਆ ਜਾਂਦਾ ਸੀ।)

ਇਥੋਂ ਉੱਡ ਜਾ ਭੋਲਿਆ ਪੰਛੀਆ ਵੇ ਤੂੰ ਆਪਣੀ ਜਾਨ ਬਚਾ
ਇਥੇ ਘਰ ਘਰ ਫਾਹੀਆਂ ਗੱਡੀਆਂ ਵੇ ਤੂੰ ਛੁਰੀਆਂ ਹੇਠ ਨਾ ਆ...
ਵੈਰੀਆ ਮੇਰਿਆ...

ਕਬੂਤਰ ਨੂੰ ਭੋਲਾ ਭਾਲਾ ਪੰਛੀ ਸਮਝਿਆ ਜਾਂਦਾ ਹੈ, ਤਦ ਹੀ ਮੁਹਾਵਰਾ ਹੈ—ਕਬੂਤਰ ਵਾਂਗ ਬਿੱਲੀ ਵੇਖ ਕੇ ਅੱਖਾਂ ਮੀਟ ਲੈਣਾ।

ਗੀਤਾਂ ਤੋਂ ਇਲਾਵਾ ਪੰਖੇਰੂਆਂ ਬਾਰੇ ਹੋਰ ਬਹੁਤ ਸਾਰੇ ਕਥਨ ਜੋ ਪ੍ਰਮਾਣ ਦੇ ਤੌਰ 'ਤੇ ਵਰਤੇ ਜਾਂਦੇ ਰਹੇ, ਲੋਕਾਂ ਦੇ ਮੂੰਹ ਚੜ੍ਹ ਗਏ—ਨੱਚ ਲੈ ਮੋਰਨੀਏ, ਮੁਰਗ਼ਾਈ ਵਾਂਗ ਤੁਰਨਾ, ਬਾਜ ਅੱਖ ਵਾਲਾ, ਬਗਲਾ ਭਗਤ, ਤੋਤਾ ਚਸ਼ਮ, ਹੱਥਾਂ ਦੇ ਤੋਤੇ ਉੱਡਣੇ, ਤੋਤੇ ਵਾਂਗ ਰਟ ਲੈਣਾ, ਤੋਤੇ ਵਰਗਾ ਨੱਕ।

ਉੱਲੂ ਬਾਰੇ—ਆਪਣਾ ਉੱਲੂ ਸਿੱਧਾ ਕਰਨਾ, ਕਿਸੇ ਨੂੰ ਉੱਲੂ ਬਣਾਉਣਾ, ਉੱਲੂ ਦਾ ਪੱਠਾ, ਅੰਨ੍ਹੀ ਕੁੱਕੜੀ ਖਸਖਸ ਦਾ ਚੋਗਾ, ਕੁਕੜੀ ਵਾਂਗ ਆਂਡਿਆਂ 'ਤੇ ਬੈਠੇ ਹੋਣਾ, ਕੁੱਕੜਾਂ ਵਰਗੀ ਲੜਾਈ, ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਵਿਚ ਪਾਈ, ਆਦਿ।

ਲੋਕਾਂ ਦੀ ਨੀਝ ਦੀ ਤੀਖਣਤਾ ਨੇ ਹਰੇਕ ਨਿੱਕੇ-ਵੱਡੇ ਜਾਨਵਰ ਦੀਆਂ ਆਦਤਾਂ ਦੇ ਅਧਿਅਨ ਪਿੱਛੋਂ ਹੀ ਸਿੱਟੇ ਕੱਢੇ ਹੁੰਦੇ ਹਨ। ਬਰਸਾਤ ਦਾ ਮੌਸਮ ਆਉਣ 'ਤੇ ਡੱਡੂ ਛੱਪੜਾਂ ਟੋਭਿਆਂ ਦੇ ਚਿੱਕੜ ਹੇਠੋਂ ਜਾਗ ਕੇ ਟਰੈਂ-ਟਰੈਂ ਦਾ ਰਾਗ ਅਲਾਪਣ ਲੱਗਦੇ ਹਨ। ਸੋ ਆਪਣੀ ਹੋਂਦ ਬਾਰੇ ਬਹੁਤਾ ਸ਼ੋਰ ਪਾਉਣ ਵਾਲੇ ਬਾਰੇ ਡੱਡੂ ਵਾਂਗ ਟਰੈਂ-ਟਰੈਂ ਕਰਨਾ ਮੁਹਾਵਰਾ ਬਣ ਗਿਆ ਸੀ। ਇਸੇ ਤਰ੍ਹਾਂ ਸੁਸਤ ਚਾਲ ਨੂੰ ਕੱਛੂਕੁੰਮੇ ਦੀ ਚਾਲ, ਤੇਜ਼ ਨੂੰ ਹਿਰਨਾਂ ਦੀ ਚਾਲ ਜਾਂ ਚੁੰਗੀਆਂ ਭਰਨਾ, ਕਿਸੇ ਨੂੰ ਤੇਜ਼ੀ ਨਾਲ ਭਜਾਉਣਾ ਹੋਵੇ ਤਾਂ ਹਿਰਨ ਹੋ ਜਾਹ ਵੀ ਚੱਲਦਾ ਹੈ।

ਹੋਰ ਜਾਨਵਰਾਂ ਬਾਰੇ ਇਸ ਤਰ੍ਹਾਂ ਦੇ ਮੁਹਾਵਰਿਆਂ ਵਰਗੇ ਕਥਨ ਵੀ ਹਨ : ਗਧੇ ਵਾਂਗ ਲਿਟਣਾ, ਖੋਤੇ ਵਾਂਗ ਦੁਲੱਤੀ ਮਾਰਨਾ, ਗਧੇ ਵਾਂਗ ਟੀਟਣੇ ਮਾਰਨਾ, ਖੋਤੇ ਵਾਂਗ ਬੋਝ ਢੋਣਾ, ਮੁੜ ਘਿੜ ਖੋਤੀ ਬੋਹੜ ਥੱਲੇ, ਡਿੱਗੀ ਖੋਤੇ ਤੋਂ ਗ਼ੁੱਸਾ ਘੁਮਿਆਰ 'ਤੇ ਆਦਿ।

ਘਰਾਂ ਵਿਚ ਕੁੱਤੇ ਰੱਖਣ ਕਰਕੇ ਤੇ ਇਨ੍ਹਾਂ ਬਾਰੇ ਜਾਣਕਾਰੀ ਹੋਣ ਕਰਕੇ ਕੁੱਤੇ ਬਾਰੇ ਵੀ ਕਈ ਪ੍ਰਮਾਣਤ ਮੁਹਾਵਰੇ ਬਣ ਗਏ। ਕੁੱਤੇ-ਖਾਣੀ, ਕੁੱਤੇ-ਝਾਕ, ਸੂਈ ਕੁੱਤੀ ਵਾਂਗ ਪੈਣਾ, ਹਲਕੇ ਕੁੱਤੇ ਵਾਂਗ ਕਰਨਾ, ਕੁੱਤੇ ਦਾ ਕੁੱਤੇ ਵੈਰੀ, ਇੱਟ ਕੁੱਤੇ ਦਾ ਵੈਰ, ਕੁੱਤੇ ਵਾਂਗ ਭੌਂਕਣਾ, ਅੱਗ ਲੱਗੀ ਤੇ ਡੱਬੂ ਕੰਧ 'ਤੇ, ਕੁੱਤਾ ਵੀ ਪੂਛ ਮਾਰ ਕੇ ਬਹਿੰਦਾ,

ਆਪਣੀ ਗਲੀ ਵਿਚ ਕੁੱਤਾ ਵੀ ਸ਼ੇਰ ਹੁੰਦਾ, ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ, ਕੁੱਤੇ ਵਾਂਗ ਲੱਤਾਂ ਵਿਚ ਪੂਛ ਦਬਾ ਕੇ ਤੁਰ ਜਾਣਾ...।

ਇਵੇਂ ਹੀ ਹੋਰ ਜਾਨਵਰਾਂ ਬਾਰੇ ਵੀ ਕਈ ਸਟੀਕ ਮੁਹਾਵਰੇ ਹਨ—ਝੋਟੇ ਵਾਂਗ ਖੌਰੂ ਪਾਉਣਾ, ਝੋਟਿਆਂ ਵਾਲੇ ਘਰੋਂ ਲੱਸੀ ਭਾਲਣੀ, ਕੱਟੇ ਵਾਂਗ ਅੜਿੰਗਣਾ, ਨੌਂ ਮਣ ਦੁੱਧ ਦਾ ਕੱਟੇ ਨੂੰ ਕੀ ਭਾਅ, ਗੱਡ ਨਾਲ ਕੱਟਾ ਬੰਨ੍ਹਿਆ ਹੋਣਾ, ਮੱਝ ਵਰਗੇ ਡੋਲੇ, ਜਿਵੇਂ ਸਰ੍ਹੋਂ ਦੇ ਖੇਤ ਵਿਚ ਮੱਝ, ਮੱਝ ਅੱਗੇ ਬੀਨ ਵਜਾਉਣਾ, ਕੁੰਡੀਆਂ ਦੇ ਸਿੰਗ ਫਸਣੇ ਆਦਿ। ਮੱਝਾਂ ਦੇ ਨਾਲ ਗਾਵਾਂ ਬਾਰੇ...ਝੋਟੇ ਵਾਂਗ ਫਿੱਟਿਆ, ਗੁਆਚੀ ਗਾਂ, ਮਾੜਾ ਢੱਗਾ ਛੱਤੀ ਰੋਗ, ਢੱਗਿਆ ਤੈਨੂੰ ਚੋਰ ਲੈਣ ਜਾਣ...ਯਾਰਾਂ ਪੱਠੇ ਹੀ ਖਾਣੇ ਨੇ, ਆਦਿ।

ਬਾਂਦਰ ਦਾ ਜ਼ਿਕਰ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ—ਬਾਂਦਰ ਵੰਡ, ਬਾਂਦਰ ਵਾਂਗ ਟਪੂਸੀਆਂ ਮਾਰਨਾ, ਬਾਂਦਰ ਕੀ ਜਾਣੇ ਅਦਰਕ ਦਾ ਸਵਾਦ, ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ, ਲੰਗੂਰ ਟਪੂਸੀਆਂ, ਆਦਿ।

ਊਠ ਦੇ ਆਕਾਰ ਤੇ ਸੂਰਤ ਨੇ ਵੀ ਕੁਝ ਉਦਾਹਰਣਾਂ ਬਣਨ ਵਿਚ ਹਿੱਸਾ ਪਾਇਆ, ਜਿਵੇਂ ਊਠ ਦੇ ਬੁੱਲ੍ਹ ਦੇ ਡਿੱਗਣ ਦੀ ਆਸ, ਊਠ ਦੇ ਮੂੰਹ ਜੀਰਾ, ਊਠ ਅੜਾਉਂਦੇ ਹੀ ਲੱਦੀਦੇ ਹਨ, ਬੋਤੇ ਜਿੱਡਾ ਹੋ ਗਿਆ ਅਕਲ ਨਾ ਆਈ, ਊਠਾ ਲਹਾਈ ਭਲੀ ਜਾਂ ਚੜ੍ਹਾਈ, ਆਖੇ ਹਰਦੂ ਲਾਅਨਤ, ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲਾ ਹੋ ਜਾਊ ? ਆਦਿ।

ਸੱਪ ਨੂੰ ਜਿੰਨਾ ਕੁ ਸਮਝਿਆ ਗਿਆ, ਉਸੇ ਅਨੁਸਾਰ ਉਸ ਬਾਰੇ ਕਥਨ ਬਣ ਗਏ : ਸੱਪ ਵਾਂਗ ਫੁੰਕਾਰੇ ਮਾਰਨਾ, ਸੱਪ ਵਾਂਗ ਵਿਹੁ ਸੁੱਟਣੀ, ਕਿਸੇ ਨੂੰ ਸੱਪ ਸੁੰਘ ਜਾਣਾ, ਸੱਪ ਵਾਂਗ ਮੇਲ੍ਹਣਾ, ਨਾਗ ਵਲੇਵਾਂ, ਸੱਪ ਨੂੰ ਸੱਪ ਲੜੇ ਤੇ ਵਿਹੁ ਕਿਹਨੂੰ ਚੜ੍ਹੇ, ਸੱਪ ਨੂੰ ਦੁੱਧ ਪਿਆਉਣਾ, ਸਰਾਲ ਵਾਂਗ ਲੰਮਾ ਪੈ ਜਾਣਾ, ਕਿਸੇ ਦੀ ਬੀਨ ਉੱਤੇ ਸੱਪ ਵਾਂਗ ਝੂਮਣਾ, ਸੱਪੈ ਦੁੱਧ ਪਿਆਈਐ, ਵਿਹੁ ਮੁੱਖ ਤੇ ਸੁੱਟੈ (ਗੁਰਬਾਣੀ), ਆਦਿ।

ਬਿੱਲੀਆਂ ਘਰਾਂ ਵਿਚ ਆਮ ਹੀ ਫਿਰਦੀਆਂ ਸਨ। ਸੋ ਬਿੱਲੀ ਬਾਰੇ—ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ, ਜਿਵੇਂ ਵਾੜ ਵਿਚ ਫਸਿਆ ਬਿੱਲਾ, ਬਿੱਲੀ ਦੇ ਭਾਗੀਂ ਛਿੱਕਾ ਟੁੱਟਣਾ, ਬਿੱਲੀ ਗੱਲ ਟੱਲੀ ਬੰਨ੍ਹਣਾ, ਭਿੱਜੀ ਬਿੱਲੀ ਆਦਿ ਕਥਨ ਆਮ ਵਰਤੀਂਦੇ ਹਨ।

ਬੱਕਰੀ ਦੇ ਖਾਨਦਾਨ ਬਾਰੇ—ਬੱਕਰੀ ਦੁੱਧ ਤਾਂ ਦੇਂਦੀ ਹੈ ਪਰ ਮੇਂਙਣਾਂ ਪਾ ਕੇ, ਬੱਕਰੀ ਵਾਂਗ ਪਾਨੀ ਤੋਂ ਡਰਨਾ, ਬੱਕਰੀ ਜਾਨੋਂ ਗਈ ਪਰ ਖਾਣ ਵਾਲਿਆਂ ਨੂੰ ਸਵਾਦ ਨਾ ਆਇਆ, ਬੱਕਰੇ ਦੀ ਮਾਂ ਕਦ ਤਕ ਖ਼ੈਰ ਮਨਾਏਗੀ, ਬੱਕਰੇ ਵਾਂਗ ਮੈਂ-ਮੈਂ ਕਰਨਾ, ਆਦਿ।

ਘੋੜੇ ਸੰਬੰਧੀ : ਮਰਦ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ, ਅਫ਼ਸਰ ਦੀ ਅਗਾੜੀ ਤੇ ਘੋੜੇ ਦੀ ਪਿਛਾੜੀ ਮਾੜੀ ਹੁੰਦੀ, ਹਰ ਵੇਲੇ ਘੋੜੇ ’ਤੇ ਸਵਾਰ ਰਹਿਣਾ, ਘੋੜੇ ਵਰਗੇ ਨਜ਼ਰ ਆਉਂਦੇ ਖੱਚਰ ਦੀ ਅੜੀ ਮਸ਼ਹੂਰ ਹੈ।

ਹਾਥੀ—ਜਿਊਂਦਾ ਹਾਥੀ ਲੱਖ ਦਾ ਤੇ ਮੋਇਆ ਸਵਾ ਲੱਖ ਦਾ, ਹਾਥੀ ਵਰਗੀ

ਮਸਤ ਚਾਲ, ਹਾਥੀ ਦੇ ਦੰਦ ਖਾਣ ਦੇ ਹੋਰ ਵਿਖਾਉਣ ਦੇ ਹੋਰ ਆਦਿ।

ਉੱਜੜੇ ਬਾਗ਼ਾਂ ਦੇ ਗਾਲ੍ਹੜ ਪਟਵਾਰੀ, ਫੁੱਲਾਂ ਉੱਤੇ ਕਾਟੋ ਖੇਡਦੀ ਹੋਣਾ ਤੇ ਕਾਟੋ ਕਲੇਸ਼ ਆਦਿ ਤਾਂ ਸਭ ਨੂੰ ਯਾਦ ਹਨ।

ਕੁਝ ਹੋਰ ਅਖੌਤਾਂ—ਗਿਰਗਟ ਵਾਂਗ ਰੰਗ ਬਦਲਣਾ, ਸੁਸਰੀ ਵਾਂਗ ਸੌਂ ਜਾਣਾ, ਜੁਗਨੂੰ ਵਾਂਗ ਚਮਕਣਾ, ਲੂੰਬੜ ਚਾਲਾਂ, ਸ਼ੇਰ ਵਾਂਗ ਗੱਜਣਾ, ਢਿੱਡ ਵਿਚ ਚੂਹੇ ਨੱਚਣਾ, ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ (ਮੂਸਾ ਚੂਹੇ ਨੂੰ ਵੀ ਕਿਹਾ ਜਾਂਦਾ ਹੈ), ਪਾਣੀ ਵਿਚ ਰਹਿ ਕੇ ਮਗਰਮੱਛ ਨਾਲ ਵੈਰ, ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ, ਕੀੜੀ ਨੂੰ ਠੂਠਾ ਹੀ ਦਰਿਆ, ਮੱਛੀ ਵਾਂਗ ਤੜਫ਼ਣਾ, ਗਿੱਦੜਾਂ ਦੇ ਗੂੰਹ ਦੀ ਲੋੜ ਪਈ ਤਾਂ ਉਹ ਪਹਾੜੀਂ ਚੜ੍ਹ ਗਏ।

ਇਸ ਤਰ੍ਹਾਂ ਦੀਆਂ ਹੋਰ ਵੀ ਅਖੌਤਾਂ ਵੱਖ-ਵੱਖ ਖਿੱਤਿਆਂ ਵਿਚ ਬਹੁਤ ਹੋਣਗੀਆਂ। ਇਹ ਪੰਜਾਬੀ ਬੋਲੀ ਨੂੰ ਉਸ ਦੀ ਖ਼ਾਸ ਰੰਗਤ ਦੇਣ ਦੇ ਨਾਲ ਇਸ ਇਲਾਕੇ ਦੀ, ਇਥੋਂ ਦੇ ਜੀਵਾਂ ਜੰਤੂਆਂ ਦੀ ਤੇ ਉਨ੍ਹਾਂ ਨਾਲ ਇਥੋਂ ਦੇ ਰਹਿਣ ਵਾਲਿਆਂ ਦੇ ਰਿਸ਼ਤਿਆਂ, ਵਰਤੋਂ ਵਿਹਾਰ ਤੇ ਆਦਤਾਂ ਦੀ ਸਮਝ ਦੀ ਸੂਚਨਾ ਦੇਂਦੇ ਹਨ। ਇਸ ਸਭ ਦੇ ਨਾਲ ਪੰਜਾਬੀ ਸਭਿਆਚਾਰ ਦੀ ਖ਼ਾਸ ਤੇ ਵਿਸ਼ੇਸ਼ ਪੁੱਠ ਵੀ ਇਨ੍ਹਾਂ ਲੋਕ ਸਿਆਣਪ ਵਿਚੋਂ ਨਿਕਲੇ ਤੇ ਵਿਸਰਦੇ ਜਾ ਰਹੇ ਗਹਿਣਿਆਂ ਵਰਗੇ ਮੁਹਾਵਰਿਆਂ ਵਿਚੋਂ ਝਲਕਦੀ ਹੈ।

# ਵਾਤਾਵਰਣ ਦੇ ਪ੍ਰਦੂਸ਼ਣ ਤੋਂ ਸਮਾਜਕ ਪ੍ਰਦੂਸ਼ਣ ਤੱਕ

ਕੁਝ ਹੀ ਦਹਾਕੇ ਪਹਿਲਾਂ ਕਿਸੇ ਨੂੰ ਇਹ ਤੱਕ ਵੀ ਨਹੀਂ ਸੀ ਪਤਾ ਕਿ ਪ੍ਰਦੂਸ਼ਣ ਹੁੰਦਾ ਕੀ ਹੈ। ਇਸ ਸ਼ਬਦ ਦੀ ਹੋਂਦ ਹੀ ਸਾਡੀ ਬੋਲਚਾਲ ਵਾਲੀ ਭਾਸ਼ਾ ਵਿਚ ਨਹੀਂ ਸੀ। ਪਰ ਜਦੋਂ ਇਹ ਉਭਰਿਆ ਤਾਂ ਇਸ ਨਾਮ ਦੇ ਪ੍ਰਭਾਵ ਵਾਂਗ ਹੀ ਸਾਰੀ ਧਰਤੀ ਉੱਤੇ ਤੇ ਹਰ ਖੇਤਰ ਵਿਚ ਇਸ ਦੇ ਹੱਦਾਂ ਬੰਨੇ ਟੁੱਟਦੇ ਤੁਰੇ ਗਏ। ਹੁਣ ਇਹ ਵਰਤਾਰਾ ਵਿਸ਼ਵ ਵਿਆਪੀ ਹੈ ਤੇ ਇਨਸਾਨੀ ਸੁਭਾਅ ਹੀ ਖ਼ੁਦ ਇਸ ਦਾ ਕਾਰਨ ਹੈ। ਬੰਦੇ ਵੱਲੋਂ ਬਿਨਾਂ ਅੱਗਾ ਪਿੱਛਾ ਸੋਚਿਆਂ ਆਪਣੀ ਅੱਗੇ ਵਧਣ ਦੀ ਧੁਨ 'ਤੇ ਚੱਲਦਿਆਂ, ਕਿਸੇ ਵੀ ਪਾਸੇ ਕੁੱਦ ਪੈਣ ਦੀ ਬੇਸਬਰ ਕਾਹਲੀ ਨੇ ਕੁਦਰਤ ਦੇ ਸਾਰੇ ਸੰਤੁਲਨ ਵਿਗਾੜ ਕੇ ਰੱਖ ਦਿੱਤੇ ਹਨ। ਇਹ ਵਰਤਾਰਾ ਇਸ ਹੱਦ ਤਕ ਵਧਿਆ ਕਿ ਵਿਕਾਸ ਦੇ ਜੋਸ਼ ਵਿਚ ਅਸੀਂ ਆਪਣੇ ਸਭਿਆਚਾਰ ਦੀਆਂ ਉਨ੍ਹਾਂ ਜੜ੍ਹਾਂ ਤੋਂ ਹੀ ਟੁੱਟ ਗਏ ਜਿਥੋਂ ਅਸੀਂ ਪੈਦਾ ਹੋਏ, ਪਲੇ ਤੇ ਪੱਲਰੇ ਸਾਂ। ਸਾਡੇ ਸਾਹ ਤਾਂ ਬਿਰਖ, ਪੌਣ, ਪਾਣੀ, ਧਰਤੀ ਯਾਨਿ ਪੂਰੀ ਕੁਦਰਤ ਨਾਲ ਬੱਝੇ ਹੋਏ ਸਨ।

ਬਾਬੇ ਨਾਨਕ ਦਾ ਜਪੁਜੀ ਸਾਹਿਬ ਵਿਚ ਕਥਨ ਹੈ—

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ।

ਪਰ ਅਸੀਂ ਤਾਂ ਦਿਨੋ-ਦਿਨ ਹੋਰ ਵਧੇਰੇ ਵਿਕਸਿਤ ਹੋਣ ਦੇ ਨਾਮ ਹੇਠ ਪਵਣ, ਪਾਣੀ ਤੇ ਮਾਤਾ ਧਰਤ ਨੂੰ ਹੀ ਰੋਗੀ ਕਰ ਬੈਠੇ। ਇਸ ਅੰਨ੍ਹੇਵਾਹ ਵਿਕਾਸ ਦੇ ਸੰਬੰਧ ਵਿਚ, ਸੰਨ ਉੱਨੀ ਸੌ ਬਹੱਤਰ ਵਿਚ ਸੰਯੁਕਤ ਰਾਸ਼ਟਰ ਵਿਗਿਆਨ ਪ੍ਰੀਸ਼ਦ ਦੇ ਰਸਾਲੇ ਵਿਚ ਇਕ ਕਾਰਟੂਨ ਛਪਿਆ ਸੀ। ਇਸ ਕਾਰਟੂਨ ਵਿਚ ਇਕ ਬੌਣਾ ਆਦਮੀ ਇਕ ਵੱਡੇ ਬਿਰਖ ਨੂੰ ਆਪਣੀ ਬਾਂਹ ਵਿਚ ਪਕੜ ਕੇ ਦੌੜਿਆ ਜਾ ਰਿਹਾ ਹੈ। ਕੋਈ ਉਸ ਨੂੰ ਪੁੱਛਦਾ ਹੈ—'ਕਿੱਥੇ ਜਾ ਰਿਹਾ ਹੈਂ ?" ਬੌਣਾ ਕਹਿੰਦਾ ਹੈ—"ਤੂੰ ਵੇਖ ਨਹੀਂ ਰਿਹਾ, ਸੀਮੈਂਟ ਦੀ ਸੜਕ ਮੇਰਾ ਪਿੱਛਾ ਕਰਦੀ ਆ ਰਹੀ ਹੈ।"

ਸਾਡੇ ਵੱਲੋਂ ਸੁਖਾਲੀ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਜਲਦੀ ਤੋਂ ਜਲਦੀ ਪ੍ਰਾਪਤ ਕਰ ਲੈਣ ਦੀ ਲਾਲਸਾ ਨੇ ਸਾਡੀ ਧਰਤੀ ਉੱਤੇ, ਸਾਡੇ ਹੀ ਜੀਣ ਵਾਸਤੇ ਖ਼ਤਰਾ ਪੈਦਾ ਕਰ ਦਿੱਤਾ ਹੈ। ਰੈੱਡ ਇੰਡੀਅਨ ਲੋਕਾਂ ਵਿਚ ਇਕ ਕਹਾਵਤ ਪ੍ਰਚਲਿਤ ਹੈ ਕਿ—ਧਰਤੀ ਅਸੀਂ ਆਪਣੇ ਵੱਡ-ਵਡੇਰਿਆਂ ਤੋਂ ਨਹੀਂ ਲੈਂਦੇ, ਉਸ ਨੂੰ ਅਸੀਂ ਆਪਣੇ ਬੱਚਿਆਂ ਤੋਂ ਉਧਾਰ ਲੈਂਦੇ ਹਾਂ।

ਸੋਚੀਏ ਭਲਾ—ਅਸੀਂ ਕਿਹੜੀ ਧਰਤੀ 'ਤੇ ਜ਼ਿੰਦਗੀ ਦੇ ਪਹਿਲੇ ਸਾਹ ਲਏ ਸਨ ਤੇ

ਆਪਣੇ ਬੱਚਿਆਂ ਤੇ ਉਨ੍ਹਾਂ ਦੇ ਬੱਚਿਆਂ ਵਾਸਤੇ ਕਿਸ ਤਰ੍ਹਾਂ ਦੀ ਧਰਤੀ ਛੱਡ ਕੇ ਜਾਣ ਵਾਲੇ ਹਾਂ।

ਕਲ-ਕਲ ਕਰਦੇ ਨਿਰਮਲ ਪਾਣੀਆਂ, ਹਰੇ-ਭਰੇ ਬਿਰਖਾਂ ਦੀਆਂ ਛਾਵਾਂ ਤੇ ਪਾਕ ਸਾਫ਼ ਹਵਾ ਦੀ ਥਾਂ ਜੋ ਅਸੀਂ ਧਰਤੀ 'ਤੇ ਛੱਡ ਕੇ ਜਾਣ ਵਾਲੇ ਹਾਂ, ਉਸਦੇ ਅੰਕੜੇ ਸੱਚਮੁੱਚ ਡਰਾਉਣ ਵਾਲੇ ਹਨ। ਪ੍ਰਾਪਤ ਸੂਚਨਾਵਾਂ ਅਨੁਸਾਰ ਸਾਡੀ ਧਰਤੀ 'ਤੇ ਹੁਣ ਸਿਰਫ਼ ਇਕ ਪ੍ਰਤੀਸ਼ਤ ਪਾਣੀ ਹੀ ਪੀਣ ਯੋਗ ਬਚਿਆ ਹੈ। ਉਸ ਵਿਚੋਂ ਵੀ ਸੱਤਰ ਫ਼ੀਸਦੀ ਹਿੱਸਾ ਖਾਣ ਪੀਣ ਦੇ ਪਦਾਰਥਾਂ ਨੂੰ ਪੈਦਾ ਕਰਨ ਲਈ ਵਰਤ ਲਿਆ ਜਾਵੇਗਾ। ਗੁਰਬਾਣੀ ਵਿਚ ਪਿਤਾ ਕਹੇ ਗਏ ਇਸ ਪਾਣੀ ਦੀ ਸਾਡੀ ਪੀੜ੍ਹੀ ਦੇ ਵਿਕਾਸਸ਼ੀਲ ਲੋਕਾਂ ਨੇ ਐਸੀ ਬੇਅਦਬੀ ਕੀਤੀ ਹੈ ਕਿ ਇਸ ਬਾਰੇ ਕੋਈ ਸ਼ਬਦ ਹੀ ਨਹੀਂ ਸੁੱਝਦੇ। ਇਸ ਬਾਰੇ ਭਾਵੇਂ ਅਖ਼ਬਾਰਾਂ, ਟੀ.ਵੀ. ਤੇ ਸੋਸ਼ਲ ਮੀਡੀਆ ਦੇ ਹੋਰ ਰੂਪਾਂ ਰਾਹੀਂ ਵੀ ਹਰ ਰੋਜ਼ ਬਹੁਤ ਕੁਝ ਲਿਖਿਆ ਤੇ ਪ੍ਰਚਾਰਿਆ ਜਾ ਰਿਹਾ ਹੈ, ਪਰ ਸਾਡੀਆਂ ਆਦਤਾਂ ਵਿਚ ਰਾਈ ਜਿੰਨਾ ਫ਼ਰਕ ਨਹੀਂ ਪੈ ਰਿਹਾ। ਇਸ ਦਾ ਇਕ ਕਾਰਨ ਤਾਂ ਜ਼ਿੰਦਗੀ ਵਿਚ ਵਧਦੇ ਸੁੱਖ ਆਰਾਮ ਤੇ ਸਹੂਲਤਾਂ ਦੇ ਆਦੀ ਹੁੰਦੇ ਜਾਂਦਿਆਂ ਸਾਡਾ ਪਾਣੀ ਦੀ ਬਰਬਾਦੀ ਦੇ ਮਸਲੇ ਵੱਲੋਂ ਹੀ ਬੇਮੁਖ ਹੋ ਜਾਣਾ ਹੈ। ਘਰਾਂ ਵਿਚ ਹਰ ਰੋਜ਼ ਪਾਈਪਾਂ ਰਾਹੀਂ ਖੁੱਲ੍ਹਾ ਪਾਣੀ ਡੋਲ੍ਹ-ਡੋਲ੍ਹ ਕੇ ਵਿਹੜੇ ਧੋਤੇ ਜਾਂਦੇ ਹਨ। ਕਾਰਾਂ ਧੋਤੀਆਂ ਜਾਂਦੀਆਂ ਹਨ ਤੇ ਹੋਰ ਵੀ ਜਿੰਨਾ ਕੁ ਹੋ ਸਕੇ ਪਾਣੀ ਬਰਬਾਦ ਕੀਤਾ ਜਾਂਦਾ ਹੈ। ਪਹਿਲਾਂ ਪਾਣੀ ਵਾਸਤੇ ਨਲਕੇ ਹੁੰਦੇ ਸਨ ਤੇ ਹੱਥੀਂ ਨਲਕਾ ਗੇੜ ਕੇ ਪਾਣੀ ਭਰਨਾ ਪੈਂਦਾ ਸੀ। ਇਸ ਕਰਕੇ ਪਾਣੀ ਦੀ ਵਰਤੋਂ ਵੀ ਹਿਸਾਬ ਵਿਚ ਰਹਿੰਦੀ ਸੀ। ਪਰ ਸੁੱਖ ਸੁਵਿਧਾਵਾਂ ਵਧਣ ਨਾਲ ਜਿਉਂ ਜਿਉਂ ਪਾਣੀ ਵਾਸਤੇ ਮੋਟਰਾਂ ਲੱਗੀਆਂ, ਘਰਾਂ ਵਿਚ ਟੂਟੀਆਂ ਰਾਹੀਂ ਖੁੱਲ੍ਹਾ-ਡੁੱਲ੍ਹਾ ਪਾਣੀ ਮਿਲਣ ਲੱਗਾ। ਸ਼ਹਿਰਾਂ ਵਿਚ ਪਾਣੀ ਦੀ ਵਰਤੋਂ ਵੀ ਬੇਫ਼ਿਕਰੀ ਤੇ ਬੇਕਿਰਕੀ ਨਾਲ ਕੀਤੀ ਜਾਣ ਲੱਗ ਪਈ। ਕਿਸੇ ਨੂੰ ਕਦੇ ਫ਼ਿਕਰ ਹੀ ਨਹੀਂ ਹੋਇਆ ਕਿ ਇਹ ਪਾਣੀ ਕਦੇ ਮੁੱਕ ਵੀ ਸਕਦਾ ਹੈ। ਇਸ ਆਸਾਨੀ ਨਾਲ ਮਿਲਦੇ ਪਾਣੀ ਦੀ ਤਬਾਹੀ ਦਾ ਤਾਂ ਇਹ ਹਾਲ ਹੈ ਕਿ ਹੁਣ ਗਲੀਆਂ ਤੇ ਸੜਕਾਂ 'ਤੇ ਪਾਈਪਾਂ 'ਚੋਂ ਰਿਸ ਕੇ ਜਮ੍ਹਾ ਹੋਏ ਪਾਣੀ ਦੇ ਛੱਪੜ ਅਕਸਰ ਨਜ਼ਰ ਆਉਂਦੇ ਹੀ ਰਹਿੰਦੇ ਹਨ, ਜੋ ਕਿਸੇ ਪਾਈਪ ਆਦਿ ਦੇ ਫਟਣ ਜਾਂ ਧਰਤੀ ਹੇਠ ਕਿਸੇ ਜੋੜ ਦੇ ਢਿੱਲੇ ਹੋਣ ਕਾਰਨ ਬਣੇ ਹੁੰਦੇ ਹਨ। ਲੋਕਾਂ ਦੇ ਨਾਲ ਕਾਰਪੋਰੇਸ਼ਨਾਂ ਤੇ ਮਿਊਂਸੀਪਲ ਕਮੇਟੀਆਂ ਵੀ ਇਸ ਸਾਰੇ ਹਾਲ ਤੋਂ ਅਵੇਸਲੀਆਂ ਰਹਿੰਦੀਆਂ ਹਨ। ਕੁਝ ਹੀ ਦਹਾਕੇ ਪਹਿਲਾਂ ਨਲਕਾ ਲਗਵਾਉਣ ਵੇਲੇ ਤਕਰੀਬਨ ਅੱਸੀ ਕੁ ਫੁੱਟ ਡੂੰਘਾਈ ਤੇ ਸਾਫ਼ ਪਾਣੀ ਮਿਲ ਜਾਂਦਾ ਸੀ, ਪਰ ਹੁਣ ਦੋ ਸੌ ਫੁੱਟ 'ਤੇ ਜਾ ਕੇ ਪਾਣੀ ਜੇ ਮਿਲੇ ਵੀ ਤਾਂ ਪਤਾ ਨਹੀਂ ਉਹ ਪੀਣ ਯੋਗ ਹੋਣਾ ਵੀ ਹੈ ਕਿ ਨਹੀਂ।

ਧਰਤੀ ਹੇਠਲੇ ਪਾਣੀ ਦੇ ਨੀਵਾਂ ਜਾਣ ਤੇ ਪ੍ਰਦੂਸ਼ਿਤ ਹੋਣ ਦਾ ਵੱਡਾ ਹਿੱਸਾ ਖੇਤੀ ਵਿਚ ਆਈ ਹਰੇ ਇਨਕਲਾਬ ਦੀ ਲਹਿਰ ਦਾ ਵੀ ਹੈ। ਇਕ ਵਾਰ ਤਾਂ ਫਸਲਾਂ ਦੇ ਵੱਧ

ਝਾੜ ਨੇ ਪੰਜਾਬ ਦੀ ਕਿਸਾਨੀ ਨੂੰ ਵੱਡਾ ਹੁਲਾਰਾ ਦੇ ਦਿੱਤਾ ਸੀ। ਫਿਰ ਇਸ ਰੁਝਾਨ ਦੇ ਚੱਲਦਿਆਂ ਖੇਤਾਂ ਵਿਚ ਬੇਤਹਾਸ਼ਾ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਨੇ ਧਰਤੀ ਹੇਠਲਾ ਪਾਣੀ ਤਾਂ ਦੂਸ਼ਿਤ ਕੀਤਾ ਹੀ, ਇਸ ਕਾਰਨ ਪੰਜਾਬ ਵਿਚ ਕੈਂਸਰ ਦਾ ਰੋਗ ਵੀ ਫੈਲਾਅ ਦਿੱਤਾ। ਧਾਨ ਦੀ ਖੇਤੀ ਕਾਰਨ ਹਜ਼ਾਰਾਂ ਲੱਖਾਂ ਟਿਊਬਵੈੱਲ ਲੱਗੇ ਤੇ ਬੇਹਿਸਾਬਾ ਪਾਣੀ ਧਰਤੀ ’ਚੋਂ ਕੱਢਿਆ ਜਾਣ ਲੱਗਾ। ਉਧਰ ਪੰਜਾਬ ਵਿਚ ਬਿਰਖਾਂ ਦੀ ਅੰਨ੍ਹੇਵਾਹ ਕਟਾਈ ਕਰਕੇ ਬਾਰਸ਼ਾਂ ਵੀ ਘੱਟ ਹੋਣੀਆਂ ਸ਼ੁਰੂ ਹੋ ਗਈਆਂ। ਸਾਡੇ ਘਰਾਂ ਵਿਚ ਫ਼ਰਸ਼ ਪੱਕੇ ਹੋਣ ਨਾਲ ਧਰਤੀ ਦੇ ਇਨ੍ਹਾਂ ਹਿੱਸਿਆਂ ਵਿਚ ਬਾਰਿਸ਼ ਦਾ ਪਾਣੀ ਵੀ ਧਰਤੀ ਦੇ ਅੰਦਰ ਨਹੀਂ ਜੀਰਦਾ। ਇਸ ਤਰ੍ਹਾਂ ਧਰਤੀ ਅੰਦਰ ਪਾਣੀ ਦੇ ਰੀਚਾਰਜ ਹੋਣ ਦੀ ਪ੍ਰਕਿਰਿਆ ਵੀ ਬੰਦ ਹੋ ਗਈ। ਪਰ ਪਾਣੀ ਦਾ ਵੱਖ-ਵੱਖ ਤਰੀਕਿਆਂ ਨਾਲ ਬਾਹਰ ਕੱਢੇ ਜਾਣਾ ਨਿਰੰਤਰ ਜਾਰੀ ਰਿਹਾ ਤੇ ਫਿਰ ਇਹ ਸੰਕਟ ਵਧਦਾ ਹੀ ਗਿਆ।

ਪੰਜਾਬ ਵਿਚ ਚੱਲਦੇ ਵੱਖ-ਵੱਖ ਤਰ੍ਹਾਂ ਦੇ ਕਾਰਖਾਨਿਆਂ ਰਾਹੀਂ ਵੀ ਬਹੁਤ ਸਾਰੇ ਪਾਣੀ ਨੂੰ ਨਾ-ਵਰਤਣਯੋਗ ਬਣਾ ਦਿੱਤਾ ਜਾਂਦਾ ਹੈ। ਪਰ ਇਸ ਵਾਸਤੇ ਜ਼ੁੰਮੇਵਾਰ ਵਿਅਕਤੀਆਂ ਵੱਲੋਂ ਉਸ ਪਾਣੀ ਦੀ ਸੁਧਾਈ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਜਾਂਦਾ। ਇਸ ਦੂਸ਼ਿਤ ਪਾਣੀ ਨੂੰ ਦਰਿਆਵਾਂ, ਨਦੀ ਨਾਲਿਆਂ ਤੇ ਰੋਹੀਆਂ (ਡ੍ਰੇਨਾਂ) ਵਿਚ ਜਾਂ ਕਿਤੇ ਧਰਤੀ ’ਤੇ ਹੀ ਸੁੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਫ਼ ਪਾਣੀ ਦੇ ਸਰੋਤਾਂ ਨੂੰ ਗੰਦੇ ਪਾਣੀ ਨਾਲ ਭਰ ਕੇ ਮਨੁੱਖੀ ਵਰਤੋਂ ਦੇ ਅਯੋਗ ਕਰ ਦਿੱਤਾ ਜਾਂਦਾ ਹੈ। ਇਸ ਦੀ ਵੱਡੀ ਉਦਾਹਰਣ ਲੁਧਿਆਣੇ ਸ਼ਹਿਰ ਦੇ ਵਿਚੋਂ ਲੰਘ ਕੇ ਜਾਂਦਾ ਬੁੱਢਾ ਦਰਿਆ ਹੈ। ਇਹ ਹੁਣ ਸ਼ਹਿਰ ਦੀ ਤੇ ਕਾਰਖਾਨਿਆਂ ਦੀ ਬੇਹਿਸਾਬੀ ਮੈਲ ਕਾਰਨ ਬੁੱਢਾ ਨਾਲਾ ਬਣਿਆ ਹੋਇਆ ਹੈ ਤੇ ਚਾਰ ਚੁਫ਼ੇਰੇ ਬਿਮਾਰੀਆਂ ਹੀ ਵੰਡ ਰਿਹਾ ਹੈ। ਪਰ ਇਨ੍ਹਾਂ ਗੱਲਾਂ ਦਾ ਸਾਡੇ ਪ੍ਰਸ਼ਾਸਨ ਨੂੰ ਕੋਈ ਫ਼ਿਕਰ ਹੀ ਨਹੀਂ। ਇਹੋ ਹਾਲ ਸਾਡੇ ਦਰਿਆਵਾਂ, ਬਿਆਸ ਤੇ ਸਤਲੁਜ ਦਾ ਹੈ। ਪਿੱਛੇ ਜਿਹੇ ਇਕ ਕਾਰਖਾਨੇ ਵੱਲੋਂ ਦੂਸ਼ਿਤ ਪਦਾਰਥ ਦਰਿਆ ਵਿਚ ਸੁੱਟਣ ਕਾਰਨ ਹਜ਼ਾਰਾਂ ਮੱਛੀਆਂ ਹਰੀਕੇ ਝੀਲ ਵਿਚ ਮਰ ਗਈਆਂ ਸਨ।

ਇਸੇ ਤਰ੍ਹਾਂ ਦਾ ਹਾਲ ਅਸਾਂ ਹਵਾ ਦਾ ਕੀਤਾ ਹੈ ਜਿਸ ਤੋਂ ਬਿਨਾਂ ਇਕ ਪਲ ਜੀਣਾ ਵੀ ਔਖਾ ਹੈ। ਗੁਰੂ ਨਾਨਕ ਦੇਵ ਜੀ ਨੇ ਪਵਣ ਨੂੰ ਗੁਰੂ ਕਿਹਾ ਹੈ। ਪਾਣੀ ਬਿਨਾਂ ਤਾਂ ਫਿਰ ਵੀ ਕੁਝ ਸਮਾਂ ਕੱਢਿਆ ਜਾ ਸਕਦਾ ਹੈ ਪਰ ਹਵਾ ਬਿਨਾਂ ਤਾਂ ਕੁਝ ਪਲ ਵੀ ਜੀਣਾ ਅਸੰਭਵ ਹੈ। ਹੁਣ ਹਵਾ ਦੀ ਬੇਬਸੀ ਵੀ ਕੌਣ ਸਮਝਦਾ ਹੈ ? ਅੱਜ-ਕੱਲ੍ਹ ਪੈਟਰੋਲ/ਡੀਜ਼ਲ ਨਾਲ ਚੱਲਣ ਵਾਲੇ ਵਾਹਨਾਂ ਦਾ ਬੇਤਹਾਸ਼ਾ ਵਾਧਾ, ਕਾਰਖਾਨਿਆਂ ਦਾ ਗਹਿਰਾ ਰਸਾਇਣ ਯੁਕਤ ਧੂੰਆਂ ਤੇ ਇਸੇ ਤਰ੍ਹਾਂ ਦੇ ਅਨੇਕ ਕਾਰਨਾਂ ਕਰਕੇ ਹਵਾ ਜ਼ਹਿਰੀਲੀਆਂ ਗੈਸਾਂ ਨਾਲ ਭਰੀ ਰਹਿੰਦੀ ਹੈ। ਧੂੰਏਂ ਦੀ ਇਹ ਏਨੀ ਵਧੇਰੀ ਮਾਤਰਾ ਹੁਣ ਹਵਾ ਦੀ ਧੂੰਆਂ ਚੁੱਕ ਸਕਣ ਦੀ ਸਮਰੱਥਾ ਤੋਂ ਕਿਤੇ ਜ਼ਿਆਦਾ ਹੋਣ ਲੱਗੀ ਹੈ। ਇਸ ਕਰਕੇ ਸਾਡੇ ਵਾਯੂਮੰਡਲ ਖ਼ਾਸ ਕਰਕੇ ਸ਼ਹਿਰਾਂ ਵਿਚ ਹਰ ਵੇਲੇ ਇਨ੍ਹਾਂ ਗੈਸਾਂ ਦੀ ਇਕ ਗਹਿਰ ਮੌਜੂਦ ਰਹਿੰਦੀ ਹੈ। ਇਹ ਗਹਿਰ ਲੋਕਾਂ ਵਾਸਤੇ ਸਾਹ ਦੀਆਂ ਬਿਮਾਰੀਆਂ ਤੇ ਹੋਰ ਅਨੇਕਾਂ

ਰੋਗਾਂ ਦਾ ਕਾਰਨ ਬਣਦੀ ਹੈ। ਹੁਣ ਤਾਂ ਇਸ ਬਾਰੇ ਸਾਡੀ ਲਾਪਰਵਾਹੀ ਸਾਡੇ ਨਾਲ, ਸਾਡੀਆਂ ਅਗਲੀਆਂ ਪੀੜ੍ਹੀਆਂ ਦੀ ਸਿਹਤ ਨੂੰ ਵੀ ਖ਼ਤਰੇ ਵਿਚ ਪਾ ਰਹੀ ਹੈ।

ਜਿਵੇਂ ਪਹਿਲਾਂ ਬਿਰਖਾਂ ਦੀ ਗੱਲ ਕੀਤੀ ਗਈ ਹੈ। ਇਸ ਬਾਰੇ ਸੋਚੀਏ ਤਾਂ ਸਥਿਤੀ ਹੋਰ ਵੀ ਭਿਆਨਕ ਹੈ। ਸਾਹ ਵਾਸਤੇ ਆਕਸੀਜਨ ਤਾਂ ਸਾਨੂੰ ਬਿਰਖਾਂ ਤੋਂ ਹੀ ਮਿਲਦੀ ਹੈ। ਸੋ ਧਰਤੀ ’ਤੇ ਜੀਵਨ ਤਾਂ ਬਿਰਖਾਂ ’ਤੇ ਹੀ ਆਧਾਰਿਤ ਹੈ। ਇਹ ਹਮੇਸ਼ਾ ਸਾਡੇ ਸਭਿਆਚਾਰ ਦਾ, ਸਾਡੇ ਜਨਜੀਵਨ ਦਾ ਹਿੱਸਾ ਰਹੇ ਹਨ। ਪਹਿਲਾਂ ਤਾਂ ਬਿਰਖ ਘਰੇਲੂ ਵਰਤੋਂ ਦਾ ਸਾਮਾਨ, ਜਿਵੇਂ ਮੰਜੇ, ਪੀੜ੍ਹੀਆਂ, ਬਾਲੇ, ਸ਼ਤੀਰੀਆਂ ਆਦਿ ਬਣਾਉਣ ਵਾਸਤੇ ਹੀ ਵਰਤੇ ਜਾਂਦੇ ਸਨ। ਪਰ ਵਰਤਮਾਨ ਸਮੇਂ ਵਿਚ ਪੜ੍ਹਾਈ-ਲਿਖਾਈ ਦਾ ਚਲਨ ਹੋਣ ਕਰਕੇ ਕਾਗ਼ਜ਼ ਦੀ ਵਰਤੋਂ ਬਹੁਤ ਵਧ ਗਈ ਹੈ। ਸਭ ਜਾਣਦੇ ਹਨ ਕਿ ਕਾਗ਼ਜ਼ ਬਿਰਖਾਂ ਤੋਂ ਹੀ ਬਣਦਾ ਹੈ। ਇਕ ਪਰਿਵਾਰ ਇਕ ਸਾਲ ਵਿਚ ਛੇ ਬਿਰਖਾਂ ਤੋਂ ਮਿਲਣ ਜਿੰਨਾ ਕਾਗ਼ਜ਼ ਵਰਤ ਲੈਂਦਾ ਹੈ ਤੇ ਹੋਰ ਜ਼ਰੂਰਤਾਂ ਵੱਖਰੀਆਂ ਹਨ। ਧਰਤੀ ’ਤੇ ਬਿਰਖ ਤਾਂ ਇਸ ਵਰਤੋਂ ਤੋਂ ਕਿਤੇ ਵਧੇਰੇ ਲੱਗਣੇ ਤੇ ਪਾਲੇ ਵੀ ਜਾਣੇ ਚਾਹੀਦੇ ਹਨ। ਪਰ ਲੱਗ ਵਰਤੋਂ ਜਿੰਨੇ ਵੀ ਨਹੀਂ ਰਹੇ। ਜੇ ਲਾਏ ਵੀ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਚਾਉਣ ਵਾਸਤੇ ਕੋਈ ਖ਼ਾਸ ਉਪਰਾਲੇ ਨਹੀਂ ਕੀਤੇ ਜਾਂਦੇ। ਇਸੇ ਕਰਕੇ ਧਰਤੀ ਦੇ ਪੌਣ ਪਾਣੀ ਦਾ ਸਮੁੱਚਾ ਸੰਤੁਲਨ ਵਿਗੜ ਰਿਹਾ ਹੈ।

ਉਪਰੋਕਤ ਕਾਰਨਾਂ ਤੋਂ ਬਿਨਾਂ ਪਲਾਸਟਿਕ ਦੀ ਵਰਤੋਂ ਨੇ ਵੀ ਕੁਦਰਤੀ ਵਾਤਾਵਰਣ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਹੈ। ਜਿਧਰ ਦੇਖੋ ਪੌਲੀਥੀਨ ਦੇ ਲਿਫ਼ਾਫ਼ਿਆਂ ਦੇ ਢੇਰ ਉੱਡਦੇ ਫਿਰਦੇ ਹਨ। ਇਨ੍ਹਾਂ ਨਾਲ ਵਾਤਾਵਰਣ ਤਾਂ ਦੂਸ਼ਿਤ ਹੋਇਆ ਹੀ ਹੈ, ਇਹ ਵਾਯੂਮੰਡਲ ਵਿਚੋਂ ਜਲਦੀ ਖ਼ਤਮ ਵੀ ਨਹੀਂ ਹੁੰਦੇ। ਹੁਣ ਤਾਂ ਇਕ ਸਰਵੇਖਣ ਮੁਤਾਬਕ ਦਸ ਏਸ਼ੀਅਨ ਦੇਸ਼, ਸਮੁੰਦਰਾਂ ਵਿਚ ਸਭ ਤੋਂ ਵਧੇਰੇ ਪਲਾਸਟਿਕ ਰੋੜ੍ਹ ਰਹੇ ਹਨ। ਉਪਜ ਵਧਾਉਣ ਦੀ ਖ਼ਾਤਰ ਸਾਡੇ ਵੱਲੋਂ ਖੇਤੀ ਵਾਸਤੇ ਵਰਤੇ ਜਾਂਦੇ ਕੀਟਨਾਸ਼ਕਾਂ ਦੇ ਅਸਰ ਹੇਠ ਕਈ ਜੀਵ ਜਾਤੀਆਂ ਤਾਂ ਧਰਤੀ ਤੋਂ ਹੀ ਅਲੋਪ ਹੀ ਹੋ ਗਈਆਂ ਹਨ। ਧਰਤੀ ’ਤੇ ਆਪੇ ਉੱਗਦੀਆਂ ਜੜ੍ਹੀਆਂ ਬੂਟੀਆਂ ਜੋ ਕਈ ਦੁਆਈਆਂ ਵਿਚ ਵਰਤੀਆਂ ਜਾਂਦੀਆਂ ਸਨ, ਵੀ ਹੁਣ ਖੇਤਾਂ ਵਿਚ ਨਹੀਂ ਉੱਗਦੀਆਂ। ਇਨ੍ਹਾਂ ਦਾ ਨਸ਼ਟ ਹੋ ਜਾਣਾ ਸਾਡੇ ਕੁਦਰਤੀ ਸੋਮਿਆਂ ਦੇ ਸਥਾਈ ਨੁਕਸਾਨਾਂ ਵਿਚੋਂ ਇਕ ਹੈ।

ਉੱਪਰ ਲਿਖੇ ਕਾਰਨਾਂ ਦੇ ਨਾਲ-ਨਾਲ ਸਾਡੇ ਮਾਹੌਲ ਵਿਚ ਹੱਦ ਤੋਂ ਵਧਦਾ ਜਾਂਦਾ ਸ਼ੋਰ ਵੀ ਕਈ ਮਾਨਸਿਕ ਬਿਮਾਰੀਆਂ ਦਾ ਕਾਰਨ ਹੈ। ਮੰਨੇ-ਪ੍ਰਮੰਨੇ ਵਾਤਾਵਰਣ ਮਾਹਰ ਸਵਃ ਸੁੰਦਰ ਲਾਲ ਬਹੁਗੁਣਾ ਦਾ ਕਥਨ ਹੈ ਕਿ ਜੜ੍ਹਾਂ ਨਾਲ ਹੀ ਜੀਵਨ ਹੈ ਤੇ ਅੱਜ ਅਸੀਂ ਆਪਣੇ ਵੱਲੋਂ ਪੈਦਾ ਕੀਤੇ ਕਾਰਨਾਂ ਕਰਕੇ ਹੀ ਆਪਣੀਆਂ ਜੜ੍ਹਾਂ ਅਰਥਾਤ ਕੁਦਰਤ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਣ ਦੇ ਕੰਢੇ ਖੜ੍ਹੇ ਹਾਂ। ਸਾਡਾ ਵੱਖ-ਵੱਖ ਤਰੀਕਿਆਂ ਨਾਲ ਪੈਦਾ ਕੀਤਾ ਕਈ ਭਾਂਤ ਦਾ ਪ੍ਰਦੂਸ਼ਣ ਏਨੀ ਕੁ ਕੀਤੀ ਗਈ ਗੱਲ ਨਾਲੋਂ ਕਿਤੇ ਵਧੇਰੇ ਗਹਿਰਾ ਹੈ। ਉਪਰੋਕਤ ਲਿਖੇ ਕਾਰਨਾਂ ਤੋਂ ਬਿਨਾਂ ਹੋਰ ਅਨੇਕ ਤਰ੍ਹਾਂ ਦੇ ਪ੍ਰਦੂਸ਼ਣ

ਨੇ ਸਾਨੂੰ ਪੁਰਾਣੇ ਪ੍ਰਾਕ੍ਰਿਤਕ ਜੀਵਨ ਨਾਲੋਂ ਤੋੜ ਕੇ ਬੰਦ ਕਮਰਿਆਂ ਤਕ ਸੀਮਤ ਕਰ ਦਿੱਤਾ ਹੈ। ਇਸ ਦਾ ਅਸਰ ਸਾਡੀ ਸੋਚ ’ਤੇ ਪੈਣਾ ਵੀ ਕੁਦਰਤੀ ਹੈ। ਆਪਣੇ ਅਜੋਕੇ ਸਮਾਜ ਵੱਲ ਧਿਆਨ ਮਾਰੀਏ ਤਾਂ ਦੇਖਦੇ ਹਾਂ ਕਿ ਮਨੁੱਖੀ ਸੁਭਾਅ ਵਿਚੋਂ ਭਾਈਚਾਰੇ, ਸਰਬ ਸਾਂਝੀਵਾਲਤਾ ਤੇ ਸਹਿਣਸ਼ੀਲਤਾ ਵਾਲੇ ਇਨਸਾਨੀ ਗੁਣ ਹੁਣ ਖ਼ਤਮ ਹੋ ਰਹੇ ਹਨ ਤੇ ਸੋਚ ਵੀ ਨਿੱਜ ਤੱਕ ਹੀ ਸੀਮਤ ਹੁੰਦੀ ਜਾ ਰਹੀ ਹੈ। ਉਹ ਸਹਿਜ ਤੇ ਮੋਹ, ਜੋ ਪਰਿਵਾਰਾਂ ਨੂੰ ਜੋੜਨ ਦਾ ਕੰਮ ਕਰਦਾ ਸੀ, ਹੁਣ ਰੂਪ ਬਦਲ ਕੇ ਸ੍ਵੈ ਤੋਂ ਆਰੰਭ ਹੋ ਕੇ ਸ੍ਵੈ ਤੱਕ ਹੀ ਖ਼ਤਮ ਹੋ ਜਾਂਦਾ ਹੈ। ਇਸ ਕਾਰਨ ਵਿਅਕਤੀ ਨੂੰ ਕਿਸੇ ਦੂਜੇ ਦੇ ਵਿਚਾਰਾਂ ਅਤੇ ਕਈ ਵਾਰ ਤਾਂ ਉਸ ਦੀ ਹੋਂਦ ਤੱਕ ਨੂੰ ਸਹਿਣ ਕਰਨਾ ਹੀ ਮੁਸ਼ਕਲ ਹੁੰਦਾ ਨਜ਼ਰ ਆਉਣ ਲੱਗਦਾ ਹੈ। ਅੱਜ-ਕੱਲ੍ਹ ਸੋਸ਼ਲ ਮੀਡੀਆ ਦਾ ਸਵਿੱਚ ਹੱਥਾਂ ਵਿਚ ਹੋਣ ਕਰਕੇ ਹਰ ਇਕ ਨੂੰ ਕਿਸੇ ਦੇ ਵੀ ਖ਼ਿਲਾਫ਼ ਕੁਝ ਵੀ ਬੋਲਣ ਦਾ ਜਿਵੇਂ ਅਧਿਕਾਰ ਹੀ ਮਿਲ ਗਿਆ ਲੱਗਦਾ ਹੈ। ਇਹ ਵਰਤਾਰਾ ਆਮ ਲੋਕਾਂ ਤਕ ਹੀ ਸੀਮਤ ਨਹੀਂ, ਸਾਡੀਆਂ ਸਨਮਾਨਯੋਗ ਸ਼ਖ਼ਸੀਅਤਾਂ ਅਰਥਾਤ ਵੱਡੇ ਲੀਡਰ ਵੀ ਇਸ ਆਦਤ ਤੋਂ ਅਛੂਤੇ ਨਹੀਂ। ਉਨ੍ਹਾਂ ਦਾ ਇਹ ਵਰਤਾਰਾ ਚੋਣਾਂ ਦੇ ਦਿਨੀਂ, ਖ਼ਾਸ ਕਰਕੇ, ਖੁੱਲ੍ਹ ਕੇ ਸਾਹਮਣੇ ਆਉਂਦਾ ਹੈ। ਵੱਡੇ ਸਿਆਸੀ ਆਗੂ, ਜਿਨ੍ਹਾਂ ਨੇ ਦੇਸ਼ ਦੀ ਰਹਿਨੁਮਾਈ ਕਰਨੀ ਹੁੰਦੀ ਹੈ ਤੇ ਜਿਨ੍ਹਾਂ ਵੱਲ ਸਾਰੇ ਦੇਸ਼ ਤੇ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੁੰਦੀਆਂ ਹਨ, ਇਕ ਦੂਜੇ ਦੇ ਅਕਸ ਨੂੰ ਵਿਗਾੜ ਕੇ ਲੋਕਾਂ ਦੀਆਂ ਨਜ਼ਰਾਂ ’ਚੋਂ ਡੇਗਣ ਵਾਸਤੇ ਬੇਸਿਰ-ਬੇਪੈਰ ਦੇ ਅਜਿਹੇ ਘਿਣਾਉਣੇ ਇਲਜ਼ਾਮ ਅਖ਼ਬਾਰਾਂ, ਟੀ.ਵੀ., ਰੇਡੀਓ ਆਦਿ ’ਤੇ ਦੇਂਦੇ ਹਨ ਕਿ ਲੋਕ ਹੈਰਾਨ ਹੋ ਜਾਂਦੇ ਹਨ। ਜਦੋਂ ਇਹ ਲੋਕ ਪ੍ਰਚਾਰ ਮਾਧਿਅਮਾਂ ਤੇ ਬਿਆਨੋ-ਬਿਆਨੀ ਹੋ ਕੇ ਆਪਣੇ ਤਵੇ ਗਰਮ ਰੱਖਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ ਤਾਂ ਸਤਿਕਾਰਯੋਗ ਕਹਾਉਣ ਵਾਲੇ ਇਨ੍ਹਾਂ ਨੇਤਾਵਾਂ ਦੇ ਕਿਰਦਾਰ ਉਨ੍ਹਾਂ ਦੇ ਮੁਹਾਂਦਰਿਆਂ ’ਚੋਂ ਹੀ ਕਿਰ ਜਾਂਦੇ ਹਨ। ਉਨ੍ਹੀਂ ਦਿਨੀਂ ਤਾਂ ਕਈ ਡਰਾਮੇ ਰਚੇ ਜਾਂਦੇ ਹਨ ਪਰ ਚੋਣਾਂ ਖ਼ਤਮ ਹੁੰਦਿਆਂ ਹੀ ਇਹ ਸਭ ਕੁਝ ਠੰਡਾ ਹੋ ਜਾਂਦਾ ਹੈ। ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਸਾਰੀ ਕੁਸੈਲ ਆਪਣੇ ਅੰਦਰਲੇ ਥੈਲਿਆਂ ਵਿਚ ਸਾਂਭ ਕੇ ਨਵੇਂ ਮੁਖੌਟੇ ਪਾ ਲੈਂਦੇ ਹਨ ਤੇ ਬਾਹਰੋਂ ਇਕੱਠੇ ਬਹਿੰਦੇ ਖਲੋਂਦੇ ਵਿਚਰਨ ਲੱਗਦੇ ਹਨ।

ਪੁਰਾਣੀ ਕਹਾਵਤ ਹੈ—ਯਥਾ ਰਾਜਾ ਤਥਾ ਪਰਜਾ।

ਇਹੋ ਵਰਤਾਰੇ ਫਿਰ ਸਮਾਜ ਵਿਚ ਪ੍ਰਚਲਤ ਹੋ ਜਾਂਦੇ ਹਨ। ਹੋਰ ਮਾੜੇ ਵਰਤਾਰਿਆਂ ਦੇ ਸੰਬੰਧ ਵਿਚ ਵੀ ਇਹ ਗੱਲ ਸਹੀ ਹੈ। ਆਮ ਲੋਕ ਪਹਿਲਾਂ ਗ਼ਲਤ ਗੱਲਾਂ ਜਾਂ ਗ਼ਲਤ ਕੰਮ ਕਰਨ ਤੋਂ ਡਰਦੇ ਹੁੰਦੇ ਹਨ। ਪਰ ਜਦੋਂ ਉਪਰਲੇ ਖੇਤਰ ਵਿਚ ਇਹ ਕੁਝ ਵੇਖਦੇ ਹਨ ਤਾਂ ਉਨ੍ਹਾਂ ਦਾ ਝਾਕਾ ਵੀ ਲਹਿ ਜਾਂਦਾ ਹੈ। ਜੋ ਕੁਝ ਉਹ ਦੇਖਦੇ, ਸੁਣਦੇ, ਪੜ੍ਹਦੇ ਹਨ, ਉਹੋ ਉਨ੍ਹਾਂ ਨੂੰ ਸਹੀ ਲੱਗਣ ਲੱਗ ਪੈਂਦਾ ਹੈ। ਫਿਰ ਇਹੋ ਕੁਝ ਸਮਾਜ ਵਿਚੋਂ ਵਾਸ਼ਪੀਕ੍ਰਿਤ ਹੋ ਕੇ ਸਮੁੱਚੇ ਮਾਹੌਲ ਵਿਚ ਤਰਨ ਲੱਗਦਾ ਹੈ ਤੇ ਵਾਪਸ ਸਮਾਜ ਵਿਚ ਹੀ ਕਿਰਦਾ ਆਪਣੀ ਮਾਤਰਾ ਕਈ ਗੁਣਾ ਵਧਾ ਲੈਂਦਾ ਹੈ।

ਸਮਾਂ ਬੀਤਣ ਨਾਲ, ਵਿਦਿਆ ਵਧਣ ਨਾਲ, ਸੋਚਣ ਦਾ ਪੱਧਰ ਉਚੇਰਾ ਹੋ ਕੇ ਸਮਾਜ ਨੂੰ ਤਾਂ ਬਿਹਤਰ ਹੋਣਾ ਚਾਹੀਦਾ ਸੀ। ਪਰ ਸ਼ਾਇਦ ਸਾਡੇ ਸਾਹਾਂ ਦੀ ਹਵਾ ਦਾ ਪ੍ਰਦੂਸ਼ਣ ਹੁਣ ਦਿਲਾਂ, ਦਿਮਾਗ਼ਾਂ ਤੇ ਸੋਚਾਂ ਤੱਕ ਵਿਚ ਰਚ ਗਿਆ ਹੈ ਤੇ ਨਿਰੰਤਰ ਹੋਰ ਵਧੇਰੇ ਰਚ ਰਿਹਾ ਹੈ।

ਕਈ ਵਾਰ ਕੁਝ ਮਾੜਾ ਵੀ ਚੰਗੇ ਨਤੀਜੇ ਦੇ ਕੇ ਜਾਂਦਾ ਹੈ। ਪਿੱਛੇ ਜਿਹੇ ਕਰੋਨਾ ਦੇ ਕਾਰਨ ਹੋਏ ਲਾਕਡਾਊਨ ਕਾਰਨ ਹਵਾਲੇ ਨਾਲ ਵਾਤਾਵਰਣਿਕ ਪ੍ਰਦੂਸ਼ਣ ਫੈਲਣਾ ਰੁਕਿਆ ਰਿਹਾ ਹੈ ਤੇ ਕੁਦਰਤ ਨੇ ਬੰਦੇ ਦੇ ਦਿੱਤੇ ਆਪਣੇ ਜ਼ਖ਼ਮਾਂ ਨੂੰ ਕੁਝ ਰਾਜ਼ੀ ਵੀ ਕੀਤਾ ਸੀ। ਪਰ ਹੁਣ ਸਾਡੀ ਪਵਿੱਤਰ ਮੰਨੀ ਜਾਂਦੀ ਨਦੀ ਗੰਗਾ ਵਿਚ ਕਰੋਨਾ ਕਰਕੇ ਵੱਡੀ ਗਿਣਤੀ ਵਿਚ ਹੋਈਆਂ ਮੌਤਾਂ ਕਾਰਨ ਲੋਕਾਂ ਦੀਆਂ ਲਾਸ਼ਾਂ ਰੋੜ੍ਹੀਆਂ ਗਈਆਂ, ਕੁਝ ਰਾਜ਼ੀ ਹੋਈ ਕੁਦਰਤ ਜ਼ਰੂਰ ਜ਼ਾਰ ਜ਼ਾਰ ਰੋ ਰਹੀ ਹੋਵੇਗੀ ਤੇ ਇਸ ਰੁਦਨ ਨੇ ਆਖ਼ਰ ਮਨੁੱਖ ਦੀ ਜ਼ਿੰਦਗੀ ਵਿਚ ਹੀ ਰਚਣਾ ਹੈ। ਸੋਚਣਾ ਅਸੀਂ ਹੀ ਹੈ।

# ਪੰਖੇਰੂਆਂ ਦੀ ਨਿਵੇਕਲੀ ਦੁਨੀਆਂ

ਪੰਖੇਰੂ ਇਸ ਧਰਤੀ ਦੇ ਬਹੁਤ ਸਾਰੇ ਅਚੰਭਿਆਂ ਵਿਚੋਂ ਇਕ ਤਲਿਸਮੀ ਅਚੰਭਾ ਹਨ। ਪਰ ਸਾਨੂੰ ਇਨ੍ਹਾਂ ਦੀ ਹੋਂਦ ਅਚੰਭਾ ਇਸ ਵਾਸਤੇ ਨਹੀਂ ਜਾਪਦੀ ਕਿ ਅਸੀਂ ਆਪਣੇ ਚੁਫ਼ੇਰੇ ਵਿਚ ਤੇ ਆਸ-ਪਾਸ ਉਡਾਰੀਆਂ ਲਾਉਂਦੇ, ਚਹਿਕਦੇ, ਗੁਟਕਦੇ, ਗਾਉਂਦੇ ਇਨ੍ਹਾਂ ਉਡਾਰੂਆਂ ਦੇ ਆਦੀ ਹੋ ਜਾਂਦੇ ਹਾਂ। ਇਹ ਵਰਤਾਰਾ ਵੀ ਇਵੇਂ ਹੀ ਹੈ ਜਿਵੇਂ ਅਸੀਂ ਆਪਣੇ ਆਲੇ-ਦੁਆਲੇ ਖਿੱਲਰੀ ਪਈ ਅਥਾਹ ਕੁਦਰਤੀ ਖ਼ੂਬਸੂਰਤੀ ਦੇ ਆਦੀ ਹੋ ਕੇ ਉਸ ਨੂੰ ਅਣਵੇਖਿਆ ਕਰਨ ਲੱਗ ਪੈਂਦੇ ਹਾਂ। ਜਿਵੇਂ ਪਲ ਪਲ ਰੰਗ ਬਦਲਦਾ ਅੰਬਰ, ਅਚਾਨਕ ਉੱਭਰਦੇ ਤੇ ਵੱਖ-ਵੱਖ ਰੂਪਾਂ, ਰੰਗਾਂ, ਆਕਾਰਾਂ ਵਿਚ ਟੁੱਟਦੇ ਬਣਦੇ ਤੇ ਭੂਰ-ਚੂਰ, ਕਿਣ-ਮਿਣ, ਰਿਮ ਝਿਮ, ਸਰਸ ਤੇ ਮੋਹਲੇਧਾਰ ਵੱਸਦੇ ਬੱਦਲ ਅਦਭੁਤ ਵਰਤਾਰੇ ਹਨ। ਅਸਲ ਵਿਚ ਕੁਦਰਤ ਦਾ ਪਾਸਾਰਾ ਹੀ ਅਨੰਤ ਹੈ। ਇਸ ਅਨੰਤਤਾ ਦੀ ਰੰਗ-ਬਰੰਗਤਾ ਦੀ ਹੀ ਇਕ ਤੰਦ ਇਹ ਹਵਾਵਾਂ ਨਾਲ ਕਲੋਲ ਕਰਦੇ ਪੰਛੀ ਹਨ। ਇਨ੍ਹਾਂ ਨੂੰ ਉੱਡਦਿਆਂ ਵੇਖ ਕੇ ਹੀ ਮਨੁੱਖ ਨੇ ਵੀ ਇਕ ਦਿਨ ਉੱਡਣ ਦਾ ਸੁਪਨਾ ਲਿਆ ਸੀ ਤੇ ਫਿਰ ਉੱਡਣ ਵਾਸਤੇ ਸੰਦ ਬਣਾ ਕੇ ਉੱਡਣ ਦਾ ਆਨੰਦ ਵੀ ਲੈ ਲਿਆ।

ਪੰਖੇਰੂ ਬਹੁਤ ਸਿਆਣੇ, ਵਿਹਾਰ ਕੁਸ਼ਲ ਤੇ ਆਪਣੇ ਕੰਮ ਨਾਲ ਸੰਬੰਧ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਦੀ ਬੁੱਧੀ ਤੀਖਣ ਹੁੰਦੀ ਹੈ। ਤਦ ਹੀ ਤਾਂ ਪਰਵਾਸੀ ਪੰਛੀ ਹਰ ਸਾਲ ਹਜ਼ਾਰਾਂ ਮੀਲਾਂ ਦਾ ਸਫ਼ਰ ਕਰ ਕੇ ਆਪਣੀਆਂ ਮਨਪਸੰਦ ਜਲ-ਗਾਹਾਂ ਵੱਲ ਆਉਂਦੇ ਤੇ ਫਿਰ ਆਪਣੇ ਟਿਕਾਣਿਆਂ ’ਤੇ ਵਾਪਸ ਵੀ ਮੁੜਦੇ ਹਨ। ਇਹ ਜੀਵ, ਕਰਮ-ਵਿਕਾਸ ਦੀ ਪ੍ਰਕਿਰਿਆ ਵਿਚ ਮਨੁੱਖਾਂ ਨੂੰ ਛੱਡ ਕੇ ਬਾਕੀ ਸਾਰੀਆਂ ਜੀਵ-ਜਾਤੀਆਂ ਤੋਂ ਉੱਪਰਲੀ ਪੌੜੀ ’ਤੇ ਹਨ। ਇਹ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਣ ਵਾਲੀ ਸ਼੍ਰੇਣੀ ਅਰਥਾਤ ਮੈਮਲਜ਼ (ਜਿਸ ਵਿਚ ਮਨੁੱਖ ਵੀ ਸ਼ਾਮਲ ਹੈ) ਤੋਂ ਹੀ ਪਿੱਛੇ ਹਨ। ਇਨ੍ਹਾਂ ਦੇ ਸਰੀਰ ਦੇ ਅਗਲੇ ਹਿੱਸੇ ਵਾਲੇ ਅੰਗ (ਮਨੁੱਖ ਦੀਆਂ ਬਾਹਵਾਂ) ਖੰਭਾਂ ਵਿਚ ਪਰਿਵਰਤਿਤ ਹੋਏ ਹੁੰਦੇ ਹਨ। ਪਰ ਇਹ ਸਿਆਣਪ, ਕਾਰੀਗਰੀ ਤੇ ਹੁਨਰ ਵਿਚ ਮਨੁੱਖਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੁੰਦੇ। ਇਨ੍ਹਾਂ ਦੀ ਸੂਝ ਕਮਾਲ ਦੀ ਹੁੰਦੀ ਹੈ। ਬੇਸ਼ਕ ਪੰਛੀ ਵਿਗਿਆਨੀਆਂ ਤੇ ਟੀ.ਵੀ. ਚੈਨਲਾਂ ਨੇ ਇਨ੍ਹਾਂ ਬਾਰੇ ਬਹੁਤ ਸਾਰੇ ਭੇਦ ਖੋਲ੍ਹੇ ਹਨ। ਹੁਣ

ਇਸ ਤੱਥ ਨੂੰ ਮੈਂ ਪਿਛਲੇ ਕੁਝ ਸਾਲਾਂ ਵਿਚ ਆਪਣੇ ਘਰ ਤੇ ਆਲੇ-ਦੁਆਲੇ ਵਿਚਰਦੇ ਪੰਖੇਰੂਆਂ ਦੇ ਵਤੀਰੇ ਤੋਂ ਵੀ ਮਹਿਸੂਸ ਕੀਤਾ।

ਦੋ ਕੁ ਸਾਲ ਪਹਿਲਾਂ ਬੁਲਬੁਲਾਂ ਦੇ ਇਕ ਜੋੜੇ ਨੇ ਸਾਡੇ ਘਰ ਵਿਚ ਕੜ੍ਹੀ ਪੱਤੇ ਦੀ ਇਕ ਝਾੜੀ 'ਤੇ ਆਲ੍ਹਣਾ ਬਣਾ ਲਿਆ। ਤਿੰਨ ਬਰਾਬਰ ਖੜ੍ਹੇ ਇਨ੍ਹਾਂ ਛੋਟੇ ਬਿਰਖਾਂ ਵਿਚੋਂ ਉਨ੍ਹਾਂ ਨੇ ਵਿਚਕਾਰਲਾ ਬੂਟਾ ਚੁਣਿਆ। ਇਸ ਬੂਟੇ 'ਤੇ ਇਕ ਥਾਂ ਤੋਂ ਪੰਜ ਛੇ ਟਾਹਣੀਆਂ ਚਾਰ ਚੁਫ਼ੇਰੇ ਫੈਲੀਆਂ ਹੋਈਆਂ ਸਨ ਤੇ ਇਸ ਨੂੰ ਬਹੁਤਾ ਖਿੱਲਰਣ ਤੋਂ ਬਚਾਉਣ ਵਾਸਤੇ ਉਪਰੋਂ ਟਾਹਣੀਆਂ ਨੂੰ ਬੰਨ੍ਹਿਆ ਹੋਇਆ ਸੀ। ਇਸ ਪਿੰਜਰਾ ਨੁਮਾ ਥਾਂ 'ਤੇ ਬੁਲਬੁਲਾਂ ਨੇ ਬਰੀਕ ਬਰੀਕ ਤੀਲ੍ਹੇ ਜੋੜ ਕੇ, ਚਾਰ ਸਾਢੇ ਚਾਰ ਇੰਚ ਦੇ ਵਿਆਸ ਦਾ ਖ਼ੂਬਸੂਰਤ ਕਟੋਰੀ ਨੁਮਾ ਆਲ੍ਹਣਾ ਗੁੰਦਿਆ। ਇਹ ਵੀ ਮੈਂ ਬਾਅਦ ਵਿਚ ਹੀ ਵੇਖਿਆ, ਪਹਿਲਾਂ ਤਾਂ ਸਰਸਰੀ ਲੱਗਦਾ ਰਿਹਾ ਕਿ ਬੁਲਬੁਲਾਂ ਇੰਜ ਹੀ ਆ ਜਾਂਦੀਆਂ ਹਨ ਕਿਉਂਕਿ ਕੁਝ ਦੂਰ ਇਕ ਛੋਟੇ ਪਾਰਕ ਨੂੰ ਛੱਡ ਕੇ ਕਿਸੇ ਵੀ ਘਰ ਵਿਚ ਬਿਰਖ ਨਹੀਂ। ਫਿਰ ਕੁਝ ਦਿਨ ਕੋਈ ਆਵਾਜ਼ ਨਾ ਸੁਣੀ। ਅਚਾਨਕ ਇਕ ਦਿਨ ਬੁਲਬੁਲ ਨੂੰ ਚੁੰਝ ਵਿਚ ਇਕ ਸੁੰਡੀ ਫੜੀ ਆ ਕੇ ਪੱਤਿਆਂ ਵਿਚ ਵੜਦਿਆਂ ਤੱਕਿਆ ਤਾਂ ਉਸਦੇ ਜਾਣ ਪਿੱਛੋਂ ਵੇਖਿਆ ਕਿ ਆਲ੍ਹਣੇ ਵਿਚ ਤਿੰਨ ਨਿੱਕੇ ਖੰਭ-ਹੀਣ ਬੱਚੇ ਇਕ ਦੂਜੇ ਨਾਲ ਜੁੜ ਕੇ ਸੁੱਤੇ ਪਏ ਸਨ। ਅਜੇ ਉਨ੍ਹਾਂ ਦੀਆਂ ਅੱਖਾਂ ਵੀ ਨਹੀਂ ਸਨ ਖੁੱਲ੍ਹੀਆਂ ਪਰ ਨੇੜੇ ਜ਼ਰਾ ਜਿੰਨੀ ਵੀ ਆਹਟ ਮਹਿਸੂਸ ਕਰਦਿਆਂ ਹੀ ਤਿੰਨੇ ਉੱਪਰ ਵੱਲ ਚੁੰਝਾਂ ਖੋਲ੍ਹ ਲੈਂਦੇ ਸਨ। ਉਨ੍ਹਾਂ ਦੇ ਮਾਂ-ਬਾਪ ਦਿਨ ਵਿਚ ਵਾਰੀ-ਵਾਰੀ ਸੁੰਡੀਆਂ ਲਿਆ ਕੇ ਉਨ੍ਹਾਂ ਦੀਆਂ ਚੁੰਝਾਂ ਭਰਦੇ ਰਹਿੰਦੇ। ਪਰ ਬੁਲਬੁਲਾਂ ਦਾ ਜੋੜਾ ਇਕ ਮਨੁੱਖੀ ਘਰ ਵਿਚ ਰਹਿੰਦਿਆਂ ਹੋਇਆਂ ਵੀ ਬੱਚਿਆਂ ਦੀ ਸੁਰੱਖਿਆ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਸੀ। ਉਹ ਘਰ ਦੇ ਆਸ-ਪਾਸ ਉਡਾਰੀਆਂ ਲਾਉਂਦੇ ਕੇਬਲ ਦੀਆਂ ਤਾਰਾਂ 'ਤੇ ਬੈਠੇ ਰਹਿੰਦੇ। ਜਦੋਂ ਵੀ ਸਾਡੇ 'ਚੋਂ ਕੋਈ ਬੱਚਿਆਂ ਨੂੰ ਦੇਖਣ ਲੱਗਦਾ, ਉਹ ਜ਼ੋਰ ਜ਼ੋਰ ਨਾਲ ਖੰਭ ਫੜਫੜਾਉਂਦੇ ਆਪਣੀ ਮਿੱਠੀ ਆਵਾਜ਼ ਦੀ ਥਾਂ ਬੜੀ ਅਜੀਬ ਕਿੱਟ ਕਿੱਟ ਦੀ ਉੱਚੀ ਆਵਾਜ਼ ਕੱਢਦੇ, ਸਿਰ ਦੇ ਨੇੜਿਓਂ ਉੱਡਦੇ ਤੇ ਡਰਾ ਕੇ ਦੂਰ ਰਹਿਣ ਦੀ ਚਿਤਾਵਨੀ ਦੇਂਦੇ। ਇਕ ਦਿਨ ਕਈ ਘੰਟੇ ਬਾਰਿਸ਼ ਹੁੰਦੀ ਰਹੀ। ਸਾਰਾ ਸਮਾਂ ਬੁਲਬੁਲ ਖੰਭ ਖੋਲ੍ਹ ਕੇ ਬੱਚਿਆਂ ਨੂੰ ਲੁਕਾ ਕੇ ਬੈਠੀ ਰਹੀ। ਜਦੋਂ ਮੈਂ ਆਸ-ਪਾਸ ਕੋਈ ਕੰਮ ਕਰਦੀ ਇਧਰ-ਉਧਰ ਆਉਂਦੀ ਜਾਂਦੀ ਤਾਂ ਉਹ ਮੈਨੂੰ ਦੇਖਦੀ ਰਹਿੰਦੀ। ਮੈਨੂੰ ਫ਼ਿਕਰ ਹੋਇਆ ਕਿ ਹੁਣ ਬੱਚਿਆਂ ਨੂੰ ਕੀ ਖੁਆਏਗੀ। ਮੈਂ ਕੁਝ ਕੱਚੇ ਚੌਲਾਂ ਦੇ ਦਾਣੇ ਉਸ ਦੇ ਦੇਖਦਿਆਂ ਹੀ ਨੇੜੇ ਦੀ ਕੰਧ 'ਤੇ ਰੱਖ ਦਿੱਤੇ। ਪਰ ਉਸਨੇ ਉਨ੍ਹਾਂ ਨੂੰ ਖਾਣਾ ਤਾਂ ਕੀ, ਉਨ੍ਹਾਂ ਵੱਲ ਦੇਖਿਆ ਤਕ ਨਹੀਂ। ਉਹ ਆਪਣੀ ਹੀ ਮਿਹਨਤ ਨਾਲ ਲਿਆਂਦਾ ਹੋਇਆ ਆਪਣੀ ਪਸੰਦ ਦਾ ਖਾਣ ਵਾਲੀ ਸੀ ਤੇ ਮੈਂ ਵੀ ਉਸ ਨੂੰ ਸੁੰਡੀਆਂ ਕਿੱਥੋਂ ਲਿਆ ਕੇ ਦੇਂਦੀ।

ਕੁਝ ਹੀ ਦਿਨਾਂ ਵਿਚ ਬੱਚਿਆਂ ਦੇ ਖੰਭ ਨਿਕਲ ਆਏ। ਦੋ ਬੱਚੇ ਕੁਝ ਵੱਡੇ ਸਨ ਤੇ ਤੀਜਾ, ਜੋ ਅਕਸਰ ਛੋਟੇ ਜਿਹੇ ਆਲ੍ਹਣੇ ਵਿਚ ਦੂਜੇ ਦੋਹਾਂ ਦੇ ਹੇਠਾਂ ਹੀ ਦੱਬਿਆ

ਰਹਿੰਦਾ ਸੀ, ਆਕਾਰ ਵਿਚ ਛੋਟਾ ਤੇ ਕਮਜ਼ੋਰ ਵੀ ਸੀ। ਬੁਲਬੁਲ ਜੋੜੀ ਦੋ ਵੱਡੇ ਬੱਚਿਆਂ ਨੂੰ ਉਡਾ ਕੇ ਨੇੜੇ ਦੇ ਪਾਰਕ ਵਿਚਲੇ ਕਿਸੇ ਬਿਰਖ ’ਤੇ ਲੈ ਗਈ ਪਰ ਛੋਟੇ ਤੋਂ ਉੱਡਿਆ ਨਹੀਂ ਸੀ ਜਾਂਦਾ। ਇਕ ਦਿਨ ਦੋ ਕੁ ਵਾਰ ਉਨ੍ਹਾਂ ਨੇ ਧੱਕੋ-ਧੱਕੀ ਉਸ ਨੂੰ ਆਲ੍ਹਣੇ ’ਚੋਂ ਬਾਹਰ ਕੱਢਿਆ ਪਰ ਉਹ ਸੜਕ ’ਤੇ ਡਿੱਗ ਪਿਆ ਸੀ। ਅਗਲੇ ਦਿਨ ਉਨ੍ਹਾਂ ਨੇ ਫੇਰ ਦੋ ਵਾਰ ਕੋਸ਼ਿਸ਼ ਕੀਤੀ ਤੇ ਉਹ ਫੇਰ ਰਸਤੇ ਵਿਚ ਡਿੱਗ ਪਿਆ। ਮੈਂ ਪਹਿਲੇ ਦਿਨ ਵਾਂਗ ਉਸ ਨੂੰ ਚੁੱਕ ਕੇ ਆਲ੍ਹਣੇ ਵਿਚ ਲਿਆ ਰੱਖਿਆ। ਜਦੋਂ ਮੈਂ ਬੋਟ ਨੂੰ ਚੁੱਕ ਕੇ ਲਿਆ ਰਹੀ ਹੁੰਦੀ, ਬੁਲਬੁਲਾਂ ਮੇਰੇ ਨਾਲ ਹੀ ਸਿਰ ’ਤੇ ਉੱਡਦੀਆਂ ਖੰਭ ਫੜਫੜਾਉਂਦੀਆਂ ਰੌਲਾ ਪਾਈ ਜਾਂਦੀਆਂ ਰਹਿੰਦੀਆਂ। ਤੀਜੇ ਦਿਨ ਫੇਰ ਉਸ ਬੋਟ ਦੇ ਮਾਂ-ਬਾਪ ਆਏ। ਇਕ ਪੰਛੀ ਸਾਹਮਣੇ ਬੈਠ ਗਿਆ ਤੇ ਦੂਜਾ ਬੱਚੇ ਨੂੰ ਪਿਛਲੇ ਪਾਸਿਓਂ ਚੁੰਝਾਂ ਮਾਰ ਕੇ ਉੱਡਣ ਵਾਸਤੇ ਉਕਸਾਉਣ ਲੱਗਾ। ਆਲ੍ਹਣਾ ਬਹੁਤਾ ਉੱਚਾ ਨਹੀਂ ਸੀ, ਇਸ ਕਰਕੇ ਮੈਨੂੰ ਉਨ੍ਹਾਂ ਦੀਆਂ ਕਾਫ਼ੀ ਹਰਕਤਾਂ ਨਜ਼ਰ ਆਉਂਦੀਆਂ ਰਹਿੰਦੀਆਂ ਸਨ। ਬੱਚਾ ਜ਼ਰਾ ਕੁ ਹਿੱਲ ਕੇ ਆਲ੍ਹਣੇ ਦੇ ਕਿਨਾਰੇ ’ਤੇ ਬੈਠ ਗਿਆ। ਫਿਰ ਉਸਦੇ ਪਿੱਛੇ ਬੈਠੀ ਬੁਲਬੁਲ ਉਸ ਨੂੰ ਚੁੰਝ ਨਾਲ ਧੱਕੇ ਮਾਰਨ ਲੱਗ ਪਈ। ਉਹ ਸ਼ਾਇਦ ਉੱਡਣੋਂ ਡਰਦਾ ਸੀ, ਹਰੇਕ ਧੱਕੇ ਨਾਲ ਥੋੜ੍ਹਾ ਜਿਹਾ ਹਿੱਲੇ ਤੇ ਉਥੇ ਹੀ ਬੈਠਾ ਰਹੇ। ਹਾਰ ਕੇ ਦੋਵੇਂ ਬੁਲਬੁਲਾਂ ਉੱਡ ਗਈਆਂ। ਉਹ ਸ਼ਾਮ ਤੇ ਨਾ ਹੀ ਰਾਤ ਨੂੰ ਆਈਆਂ। ਸ਼ਾਇਦ ਉਹ ਬੱਚੇ ਨੂੰ ਸਜ਼ਾ ਦੇਣਾ ਚਾਹੁੰਦੀਆਂ ਸਨ। ਅਗਲਾ ਦਿਨ ਵੀ ਨਿਕਲ ਗਿਆ। ਬੱਚਾ ਚੀਂ-ਚੀਂ ਕਰਦਾ ਰਿਹਾ। ਮੇਰੇ ਉਸ ਦੇ ਨੇੜੇ ਜਾਣ ’ਤੇ ਉਹ ਚੁੰਝ ਨੂੰ ਉੱਪਰ ਵੱਲ ਖੋਲ੍ਹ ਲੈਂਦਾ। ਮੈਂ ਉਸਦੇ ਮੂੰਹ ਵਿਚ ਉਬਲੇ ਚਾਵਲ ਪਾਏ ਪਰ ਉਸਨੇ ਉਹ ਬਾਹਰ ਕੱਢ ਕੇ ਚੁੰਝ ਬੰਦ ਕਰ ਲਈ। ਉਹ ਰਾਤ ਵੀ ਨਿਕਲ ਗਈ, ਬੱਚਾ ਇਕੱਲਾ ਰਿਹਾ, ਚੀਂ-ਚੀਂ ਕਰਦਾ ਸ਼ਾਇਦ ਮਾਪਿਆਂ ਨੂੰ ਬੁਲਾਉਂਦਾ ਰਿਹਾ। ਫਿਰ ਸਵੇਰ ਸਾਰ ਕਿਸੇ ਵੇਲੇ ਸ਼ਾਇਦ ਬੁਲਬੁਲਾਂ ਉਸ ਨੂੰ ਕਿਸੇ ਤਰ੍ਹਾਂ ਉਡਾ ਕੇ ਲੈ ਗਈਆਂ ਸਨ। ਮੈਂ ਰਸਤਿਆਂ ਵਿਚ ਵੇਖਿਆ ਕਿ ਕਿਤੇ ਡਿੱਗਾ ਨਾ ਹੋਵੇ ਪਰ ਉਹ ਨਹੀਂ ਮਿਲਿਆ। ਮੈਂ ਕਈ ਮਹੀਨੇ ਉਡੀਕਦੀ ਰਹੀ ਕਿ ਸ਼ਾਇਦ ਉਹ ਕਿਤੇ ਮੈਨੂੰ ਦਿਖਾਈ ਦੇਣ ਆਵੇ, ਪਰ ਪੰਛੀ ਨਿਰਮੋਹੇ ਹੁੰਦੇ ਹਨ, ਹੌਲੀ-ਹੌਲੀ ਮੈਨੂੰ ਇਹ ਸਮਝ ਆ ਗਈ।

ਇਕ ਸਾਲ ਇਕ ਘੁੱਗੀਆਂ ਦਾ ਜੋੜਾ ਆ ਗਿਆ। ਘੁੱਗੀ ਇਕ ਬੂਟੇ ’ਤੇ ਆ ਕੇ ਅੰਦਰ ਬੈਠੀ ਰਿਹਾ ਕਰੇ। ਸ਼ਾਇਦ ਉਹ ਟਾਹਣੀਆਂ ਦੀ ਮਜ਼ਬੂਤੀ ਪਰਖਦੀ ਸੀ। ਇਕ ਦਿਨ ਮੈਂ ਬਨੇਰੇ ’ਤੇ ਕੈਮਰਾ ਲੈ ਕੇ ਖੜ੍ਹੀ ਕੋਸ਼ਿਸ਼ ਕਰ ਰਹੀ ਸਾਂ ਕਿ ਘੁੱਗੀ ਦੀ ਤਸਵੀਰ ਲਵਾਂ ਪਰ ਘੁੱਗੀ ਆਪ ਹੀ ਆ ਕੇ ਬਨੇਰੇ ਦੀ ਗਰਿੱਲ ’ਤੇ ਮੇਰੇ ਨੇੜੇ ਆ ਕੇ ਬੈਠ ਗਈ। ਮਸਾਂ ਢਾਈ ਕੁ ਫੁੱਟ ਦਾ ਫ਼ਾਸਲਾ ਹੋਵੇਗਾ। ਮੈਂ ਨੇੜਿਓਂ ਉਸ ਦੀਆਂ ਕਈ ਤਸਵੀਰਾਂ ਲੈ ਲਈਆਂ ਪਰ ਉਹ ਨਾ ਹਿੱਲੀ, ਨਾ ਹੀ ਉੱਡੀ। ਸ਼ਾਇਦ ਉਹ ਆਲ੍ਹਣਾ ਬਣਾਉਣ ਤੋਂ ਪਹਿਲਾਂ ਇਹ ਤਸੱਲੀ ਕਰਨਾ ਚਾਹੁੰਦੀ ਸੀ ਕਿ ਉਸ ਦਾ ਮਨੁੱਖਾਂ ਵਿਚਕਾਰ, ਇਥੇ ਘਰ ਵਿਚ ਬਣਾਉਣਾ ਸਹੀ ਵੀ ਰਹੇਗਾ ? ਫਿਰ ਘੁੱਗੀਆਂ ਦੀ ਉਹ ਜੋੜੀ ਹਰ ਰੋਜ਼ ਚੁੰਝ

ਵਿਚ ਤੀਲ੍ਹੇ ਲੈ ਕੇ ਆਉਂਦੀ ਤੇ ਟਾਹਣੀਆਂ ਵਿਚ ਵੜ ਜਾਂਦੀ। ਉਨ੍ਹੀਂ ਦਿਨੀਂ ਉਹ ਆ ਕੇ ਘੁੱਗੂ ਘੂੰ, ਘੁੱਗੂ ਘੂੰ ਕਰਦੀਆਂ ਜਿਵੇਂ ਚਾਅ ਵਿਚ ਗਾਉਂਦੀਆਂ ਰਹਿੰਦੀਆਂ ਸਨ। ਹੋ ਸਕਦਾ ਹੈ ਆਲ੍ਹਣਾ ਬਣਾਉਣ ਵਾਸਤੇ ਆਪਸ ਵਿਚ ਸਲਾਹਾਂ ਹੀ ਕਰਦੀਆਂ ਹੋਣ। ਜਦੋਂ ਉਨ੍ਹਾਂ ਦੇ ਬੋਲਣ ਦੀ ਆਵਾਜ਼ ਆਉਂਦੀ ਮੈਨੂੰ ਉਨ੍ਹਾਂ ਨੂੰ ਵੇਖਣ ਵਿਹੜੇ ਵਿਚ ਨਿਕਲ ਜਾਂਦੀ। ਇਕ ਦਿਨ ਉਨ੍ਹਾਂ 'ਚੋਂ ਇਕ ਨੇ ਅਜੀਬ ਹਰਕਤ ਕੀਤੀ। ਮੈਂ ਆਵਾਜ਼ ਸੁਣ ਕੇ ਬਾਹਰ ਗਈ ਤਾਂ ਇਕ ਘੁੱਗੀ ਨੇ ਚੁੰਝ ਵਿਚ ਚਾਰ-ਪੰਜ ਇੰਚ ਦਾ ਤੀਲ੍ਹਾ ਫੜਿਆ ਹੋਇਆ ਸੀ। ਤੀਲ੍ਹਾ ਪਤਲਾ ਤੇ ਨਰਮ ਸੀ ਤੇ ਚੁੰਝ ਦੇ ਦੋਹੀਂ ਪਾਸੀਂ ਝੁਕਿਆ ਹੋਇਆ ਸੀ। ਘੁੱਗੀ ਮੈਨੂੰ ਵੇਖਦਿਆਂ ਸਾਰ ਤੀਲ੍ਹਾ ਚੁੰਝ ਵਿਚ ਫੜੀ ਕੇਬਲ ਦੀ ਤਾਰ 'ਤੇ ਵਾਰੀ-ਵਾਰੀ ਪੈਰ ਚੁੱਕ-ਚੁੱਕ ਰੱਖਦਿਆਂ ਕੁਸ਼ਲ ਨਟੀ ਵਾਂਗ ਛੇ ਕੁ ਫੁੱਟ ਤਕ ਤੁਰਦੀ ਇਕ ਪਾਸੇ ਗਈ ਤੇ ਫਿਰ ਉਸੇ ਤਰ੍ਹਾਂ ਵਾਪਸ ਮੁੜੀ। ਮੈਂ ਫਟਾ-ਫਟ ਅੰਦਰ ਕੈਮਰਾ ਲੈਣ ਗਈ ਤੇ ਉਸ ਦੀ ਇਸ ਤਰ੍ਹਾਂ ਬੈਠੀ ਦੀ ਇਕ ਤਸਵੀਰ ਲੈ ਲਈ। ਘੁੱਗੀ ਫਿਰ ਆਲ੍ਹਣੇ ਵਿਚ ਜਾ ਵੜੀ।

ਫਿਰ ਇਕ ਦਿਨ ਕੋਈ ਆਵਾਜ਼ ਨਾ ਆਈ ਤਾਂ ਮੈਂ ਸੋਚਿਆ ਘੁੱਗੀਆਂ ਕਿਤੇ ਹੋਰ ਚਲੀਆਂ ਗਈਆਂ ਹਨ ਪਰ ਇਕ ਦਿਨ ਉਨ੍ਹਾਂ 'ਚੋਂ ਇਕ ਗੇਟ ਦੇ ਅੰਦਰ ਧੁੱਪ ਵਿਚ ਅੱਧੇ ਘੰਟੇ ਤਕ ਆਪਣਾ ਪੇਟ ਮਈ ਦੇ ਮਹੀਨੇ ਵਿਚਲੇ ਤਪੇ ਹੋਏ ਗਰਮ ਫ਼ਰਸ਼ ਨਾਲ ਲਾ ਕੇ ਬੈਠੀ ਰਹੀ। ਤਦ ਮੈਨੂੰ ਸਮਝ ਲੱਗੀ ਕਿ ਏਨੇ ਦਿਨ ਇਨ੍ਹਾਂ 'ਚੋਂ ਕਿਸੇ ਦੇ ਬੋਲਣ ਦੀ ਆਵਾਜ਼ ਕਿਉਂ ਨਹੀਂ ਸੀ ਆਈ। ਇਹ ਅੰਦਰ ਚੁੱਪ-ਚਾਪ ਆਂਡਿਆਂ 'ਤੇ ਬੈਠੀ ਹੋਈ ਸੀ। ਬੁਲਬੁਲਾਂ ਦੇ ਸੰਬੰਧ ਵਿਚ ਵੀ ਇਹੋ ਗੱਲ ਵੇਖੀ ਸੀ ਕਿ ਜਦੋਂ ਮਾਦਾ ਆਂਡਿਆਂ 'ਤੇ ਬੈਠੀ ਹੋਵੇ ਜੋੜੇ ਵਿਚੋਂ ਕੋਈ ਵੀ ਜ਼ਰਾ ਜਿੰਨੀ ਆਵਾਜ਼ ਤਕ ਨਹੀਂ ਸੀ ਕੱਢਦਾ। ਸ਼ਾਇਦ ਉਹ ਉਨ੍ਹਾਂ ਦਾ ਦੁਸ਼ਮਣਾਂ ਤੋਂ ਬਚਣ ਦਾ ਤਰੀਕਾ ਹੋਵੇ।

ਆਲ੍ਹਣੇ ਵਿਚ ਦੋ ਬੱਚੇ ਸਨ। ਫਿਰ ਉਸ ਜੋੜੇ ਵਿਚੋਂ ਵੀ ਕੋਈ ਨਾ ਕੋਈ ਬੱਚਿਆਂ ਨੂੰ ਚੁੰਝ ਵਿਚ ਲਿਆਂਦੀ ਖ਼ੁਰਾਕ ਖੁਆਉਂਦਾ ਰਿਹਾ ਤੇ ਬੱਚੇ ਦਿਨ ਪ੍ਰਤੀਦਿਨ ਵੱਡੇ ਹੁੰਦੇ ਰਹੇ। ਕੁਝ ਹੀ ਦਿਨਾਂ ਵਿਚ ਉਨ੍ਹਾਂ ਦੇ ਖੰਭ ਨਿਕਲ ਆਏ। ਇਕ ਦਿਨ ਬਹੁਤ ਤੇਜ਼ ਬਾਰਿਸ਼ ਆਈ। ਤੇਜ਼ ਹਵਾ ਦੇ ਨਾਲ ਹੀ ਗੜ੍ਹੇ ਵੀ ਸ਼ੁਰੂ ਹੋ ਗਏ। ਵਿਚ-ਵਿਚ ਬਿਰਖ ਪੂਰੀ ਤਰ੍ਹਾਂ ਝੂਲ ਵੀ ਰਿਹਾ ਸੀ। ਮੈਂ ਸੋਚਿਆ ਬੁਲਬੁਲ ਵਾਂਗ ਘੁੱਗੀ ਵੀ ਬੱਚਿਆਂ ਨੂੰ ਆ ਕੇ ਸੰਭਾਲ ਲਏਗੀ ਪਰ ਘੁੱਗੀ ਨਾ ਮੁੜੀ। ਮੈਂ ਆਲ੍ਹਣੇ ਦੇ ਉੱਤੇ ਟਾਹਣੀਆਂ ਦੇ ਵਿਚਾਲੇ ਛਤਰੀ ਫਸਾ ਕੇ ਤਾਣਦਿਆਂ ਗੜਿਆਂ ਵਾਲਾ ਬਹੁਤ ਸਾਰਾ ਮੀਂਹ ਆਪਣੇ ਉੱਤੇ ਵਰ੍ਹਾ ਲਿਆ। ਅੰਤ ਛਤਰੀ ਫਸ ਹੀ ਗਈ ਆਲ੍ਹਣੇ ਉੱਤੇ। ਪਰ ਬੇਫ਼ਿਕਰ ਘੁੱਗੀਆਂ ਆਰਾਮ ਨਾਲ ਸ਼ਾਮ ਨੂੰ ਹੀ ਆਈਆਂ। ਮੈਨੂੰ ਸਮਝ ਲੱਗ ਗਈ ਕਿ ਹਰੇਕ ਜਾਤੀ ਦਾ ਆਪਣੇ ਬਾਲਾਂ ਨੂੰ ਪਾਲਣ ਤੇ ਆਤਮ ਨਿਰਭਰ ਬਣਾਉਣ ਦਾ ਆਪਣਾ ਆਪਣਾ ਤਰੀਕਾ ਹੁੰਦਾ ਹੈ। ਇਹ ਗੱਲ ਜਲਦੀ ਹੀ ਦੁਬਾਰਾ ਸਿੱਧ ਵੀ ਹੋ ਗਈ ਜਦੋਂ ਇਕ ਦਿਨ ਸਵੇਰੇ ਘੁੱਗੀਆਂ ਵੱਲੋਂ ਬੱਚਿਆਂ ਨੂੰ ਖੁਆ ਪਿਆ ਕੇ ਜਾਣ ਪਿੱਛੋਂ ਦੋਹਾਂ

ਬੱਚਿਆਂ ਨੇ ਵਾਰੀ ਵਾਰੀ ਆਲ੍ਹਣੇ ਵਿਚੋਂ ਪਹਿਲੀ ਉਡਾਰੀ ਮਾਰੀ। ਫਿਰ ਉਹ ਵਿਹੜੇ ਵਿਚ ਕਦੀ ਗਮਲਿਆਂ ਵਿਚ ਬੈਠ ਜਾਂਦੇ ਰਹੇ, ਕਦੀ ਸਕੂਟਰ ਦੇ ਹੈਂਡਲ 'ਤੇ ਬੈਠ ਕੇ ਸ਼ੀਸ਼ੇ ਵਿਚੋਂ ਆਪਣਾ ਅਕਸ ਦੇਖਣ ਲੱਗਦੇ। ਮੈਂ ਉਨ੍ਹਾਂ ਦੀਆਂ ਇਨ੍ਹਾਂ ਹਰਕਤਾਂ ਦੀਆਂ ਕਈ ਤਸਵੀਰਾਂ ਖਿੱਚੀਆਂ। ਫਿਰ ਵੱਡੀ ਘੁੱਗੀ ਤਾਂ ਦੋ ਕੁ ਵਾਰ ਹੀ ਬੱਚਿਆਂ ਨੂੰ ਕੰਧ 'ਤੇ ਬਿਠਾ ਕੇ ਖੁਆਉਂਦੀ ਨਜ਼ਰ ਆਈ। ਬੱਚੇ ਇਕੱਲੇ ਹੀ ਕੁਝ ਚੁਣ ਕੇ ਖਾਂਦੇ ਤੇ ਚਾਰ-ਚੁਫ਼ੇਰੇ ਉਡਾਰੀਆਂ ਲਾਉਂਦੇ ਰਹੇ। ਅਕਸਰ ਨਿੱਕੀ ਘੁੱਗੀ ਜੋ ਸੰਭਵਤ ਮਾਦਾ ਸੀ, ਘਰ ਦੀ ਚਾਰਦੀਵਾਰੀ ਉਤਲੀਆਂ ਗਰਿਲਾਂ ਉੱਤੇ ਖੇਡਦੀ ਰਹਿੰਦੀ। ਉਹ ਗਰਿੱਲ ਦੀ ਇਕ ਪੱਟੀ ਤੋਂ ਦੂਜੀ 'ਤੇ ਛਲਾਂਗ ਲਾਉਂਦੀ, ਫਿਰ ਅਗਲੀ ਉੱਤੇ ਤੇ ਫਿਰ ਇੰਜ ਹੀ ਵਾਪਸ ਮੁੜਦੀ।

ਢਾਈ ਕੁ ਮਹੀਨਿਆਂ ਪਿੱਛੋਂ ਮੈਂ ਦੇਖਿਆ ਕਿ ਇਨ੍ਹਾਂ ਬੱਚਿਆਂ ਨੇ ਇਨ੍ਹਾਂ ਦੇ ਪਹਿਲੇ ਆਲ੍ਹਣੇ ਦੇ ਨਾਲ ਵਾਲੇ ਬਿਰਖ ਤੇ ਆਪਣਾ ਆਲ੍ਹਣਾ ਬਣਾ ਲਿਆ ਸੀ। ਉਨ੍ਹਾਂ ਨੇ ਆਪਣੇ ਮਾਪਿਆਂ ਵੱਲੋਂ ਬਣਾਏ ਆਲ੍ਹਣੇ ਨੂੰ ਨਹੀਂ ਸੀ ਵਰਤਿਆ। ਬੱਚੀ ਘੁੱਗੀ ਆਂਡਿਆਂ 'ਤੇ ਬੈਠੀ ਹੋਈ ਸੀ। ਉਹ ਉੱਡ ਕੇ ਜ਼ਰਾ ਬਾਹਰ ਗਈ ਤਾਂ ਤਿੰਨ ਆਂਡੇ ਨਜ਼ਰੀਂ ਪੈ ਗਏ।

ਤਿੰਨ ਕੁ ਦਿਨ ਪਿੱਛੋਂ ਫਿਰ ਤੇਜ਼ ਹਵਾ ਨਾਲ ਬਾਰਿਸ਼ ਆ ਗਈ। ਇਕ ਟਾਹਣ ਹਵਾ ਨਾਲ ਬਿਲਕੁਲ ਆਲ੍ਹਣੇ ਦੇ ਉੱਤੇ ਘੁੱਗੀ ਨਾਲ ਜਾ ਕੇ ਟਕਰਾ ਰਿਹਾ ਸੀ। ਬੱਚੀ ਘੁੱਗੀ ਡਰ ਕੇ ਉੱਡੀ ਤੇ ਸਾਰੇ ਆਂਡੇ ਟੁੱਟ ਗਏ। ਮੈਨੂੰ ਇਸ ਗੱਲ ਦਾ ਪਤਾ ਤਦ ਲੱਗਾ ਜਦੋਂ ਘੁੱਗੀਆਂ ਦਾ ਇਹ ਜੋੜਾ ਗਰਿੱਲ 'ਤੇ ਬੈਠ ਕੇ ਲਗਾਤਾਰ ਬੋਲ ਰਿਹਾ ਸੀ। ਮੈਂ ਸਟੂਲ ਰੱਖ ਕੇ ਉੱਪਰ ਚੜ੍ਹ ਕੇ ਵੇਖਿਆ ਤਾਂ ਸਾਰੇ ਆਂਡੇ ਟੁੱਟੇ ਪਏ ਸਨ। ਭਾਵੇਂ ਆਪਣੀ ਆਪਣੀ ਤਰ੍ਹਾਂ ਦਾ ਆਲ੍ਹਣਾ ਬਣਾਉਣ ਦੀ ਕਲਾ ਪੰਖੇਰੂਆਂ ਦੇ ਖ਼ੂਨ ਵਿਚ ਹੁੰਦੀ ਹੈ ਪਰ ਉਮਰ ਦੇ ਤਜ਼ਰਬੇ ਦੀ ਘਾਟ ਨੇ ਇਸ ਜੋੜੇ ਦਾ ਇਹ ਨੁਕਸਾਨ ਕੀਤਾ ਸੀ। ਵੱਡੀ ਘੁੱਗੀ ਆਲ੍ਹਣੇ ਨੂੰ ਬਣਾਉਣ ਤੋਂ ਪਹਿਲਾਂ ਕਈ ਦਿਨ ਬਿਰਖ ਦੇ ਅੰਦਰ ਵੱਖ-ਵੱਖ ਟਾਹਣੀਆਂ 'ਤੇ ਬੈਠੀ ਰਹਿੰਦੀ ਰਹੀ ਸੀ। ਜ਼ਰੂਰ ਹੀ ਉਹ ਆਲ੍ਹਣੇ ਵਾਸਤੇ ਥਾਂ ਦੀ ਪੁਖਤਗੀ ਦਾ ਅੰਦਾਜ਼ਾ ਲਾਉਂਦੀ ਰਹੀ ਹੋਵੇਗੀ। ਤਦ ਹੀ ਉਹ ਝੱਖੜ ਦੇ ਵੇਲੇ ਵੀ ਬੱਚਿਆਂ ਦੀ ਸੁਰੱਖਿਅਤਾ ਬਾਰੇ ਬੇਫ਼ਿਕਰ ਰਹੀ ਹੋਵੇਗੀ। ਤਜ਼ਰਬੇ ਦੀ ਘਾਟ ਨੇ ਹੀ ਸ਼ਾਇਦ ਛੋਟੇ ਜੋੜੇ ਦਾ ਇਹ ਨੁਕਸਾਨ ਕੀਤਾ ਸੀ। ਉਹ ਕਈ ਦਿਨ ਲਗਾਤਾਰ ਬਨੇਰਿਆਂ 'ਤੇ ਬੈਠੇ ਬੋਲਦੇ ਰਹੇ ਸਨ। ਖ਼ਬਰੇ ਉਹ ਉਨ੍ਹਾਂ ਦਾ ਵਿਰਲਾਪ ਹੋਵੇ।

ਬੁਲਬੁਲ ਤੇ ਘੁੱਗੀ ਦੋਹਾਂ ਦੀਆਂ ਆਦਤਾਂ ਬਾਰੇ ਸੋਚਦੀ ਹਾਂ ਤਾਂ ਦੇਖਦੀ ਹਾਂ ਕਿ ਬੁਲਬੁਲਾਂ ਤੇਜ਼ ਤਰਾਰ, ਕਾਹਲੀ ਉੱਡਣ ਵਾਲੀਆਂ ਤੇ ਬੱਚਿਆਂ ਦਾ ਬਹੁਤ ਧਿਆਨ ਰੱਖਣ ਵਾਲੀਆਂ ਹੁੰਦੀਆਂ ਹਨ। ਉਹ ਇਨਸਾਨਾਂ ਦੇ ਘਰ ਵਿਚ ਆਲ੍ਹਣਾ ਬਣਾ ਕੇ ਵੀ ਉਨ੍ਹਾਂ ਨਾਲ ਬਿਲਕੁਲ ਰਾਬਤਾ ਨਹੀਂ ਰੱਖਦੀਆਂ ਸਗੋਂ ਆਲ੍ਹਣੇ ਦੇ ਨੇੜੇ ਆਉਣ 'ਤੇ ਘੁਰਕਦੀਆਂ ਵੀ ਹਨ। ਉਨ੍ਹਾਂ ਨੂੰ ਬੱਚਿਆਂ ਨੂੰ ਉਡਾਉਣ ਵਾਸਤੇ ਮਿਹਨਤ ਕਰਦਿਆਂ ਵੀ ਤੇ ਸਜ਼ਾ ਦੇਂਦਿਆਂ ਵੀ ਦੇਖਿਆ। ਉਨ੍ਹਾਂ ਦਾ ਆਲ੍ਹਣਾ ਵੀ ਕਾਰੀਗਰੀ ਨਾਲ

ਬਣਾਇਆ ਹੋਇਆ ਸੀ ਤੇ ਆਂਡੇ ਦੇਣ ਤੋਂ ਪਹਿਲਾਂ ਉਨ੍ਹਾਂ ਨੇ ਉਸ ਨੂੰ ਨਰਮ ਤੇ ਸੁਰੱਖਿਅਤ ਬਣਾਉਣ ਵਾਸਤੇ ਕੁਝ ਨਰਮ ਧਾਗੇ ਤੇ ਕੱਪੜਿਆਂ ਦੀਆਂ ਕਾਤਰਾਂ ਵੀ ਕਿਤਿਓਂ ਲਿਆ ਕੇ ਰੱਖੀਆਂ ਹੋਈਆਂ ਸਨ। ਪਰ ਘੁੱਗੀਆਂ ਨੇ ਲੋੜ ਵੇਲੇ ਇਨਸਾਨਾਂ ਨਾਲ ਰਾਬਤਾ ਬਣਾਉਣ ਤੇ ਉਨ੍ਹਾਂ ਨੂੰ ਪਰਖਣ ਦੀ ਕੋਸ਼ਿਸ਼ ਵੀ ਕੀਤੀ। ਫਿਰ ਖ਼ਰਾਬ ਮੌਸਮ ਵੇਲੇ ਬੇਫ਼ਿਕਰ ਰਹੀਆਂ। ਉਨ੍ਹਾਂ ਦਾ ਆਲ੍ਹਣਾ ਕੁਝ ਉੱਘੜ ਦੁੱਘੜ ਜਿਹੇ ਮਜ਼ਬੂਤ ਤੀਲ੍ਹੇ ਹੀ ਸਨ ਪਰ ਉਹ ਉਨ੍ਹਾਂ ਦੇ ਆਂਡਿਆਂ ਤੇ ਬੱਚਿਆਂ ਵਾਸਤੇ ਸੁਰੱਖਿਅਤ ਰਿਹਾ। ਉਨ੍ਹਾਂ ਨੇ ਬੱਚਿਆਂ ਨੂੰ ਆਤਮ ਨਿਰਭਰ ਰਹਿਣ ਦੀ ਸਿੱਖਿਆ ਕੁਝ ਇਸ ਤਰ੍ਹਾਂ ਦਿੱਤੀ ਕਿ ਬੱਚੇ ਜਲਦੀ ਹੀ ਆਪਣੇ ਸਿਰ-ਬ-ਸਿਰ ਰਹਿਣਾ ਸਿੱਖ ਗਏ। ਫਿਰ ਉਨ੍ਹਾਂ ਬੱਚਿਆਂ ਨੇ ਆਪਣਾ ਘਰ ਮਾਂ-ਬਾਪ ਦੇ ਬਣਾਏ ਆਲ੍ਹਣੇ ਵਿਚ ਨਹੀਂ ਬਣਾਇਆ ਸਗੋਂ ਨਾਲ ਦੇ ਬਿਰਖ 'ਤੇ ਨਵਾਂ ਆਲ੍ਹਣਾ ਆਪ ਬਣਾਇਆ। ਕੁਦਰਤ ਦੇ ਵਿਧੀ ਵਿਧਾਨ ਵਿਚਲੀ ਇਕ ਵਿਲੱਖਣਤਾ ਇਹ ਵੀ ਦੇਖੀ। ਇਕ ਹੋਰ ਗੱਲ ਜੋ ਸਾਹਮਣੇ ਆਈ, ਉਹ ਸੀ ਕਿ ਘੁੱਗੀਆਂ ਦਾ ਉਹ ਜੋੜਾ, ਜਿਸ ਨੇ ਪਹਿਲਾਂ ਆਲ੍ਹਣਾ ਬਣਾਇਆ ਸੀ, ਦੁਬਾਰਾ ਨਜ਼ਰ ਨਹੀਂ ਆਇਆ ਪਰ ਛੋਟਾ ਜੋੜਾ ਸਾਰਾ ਸਾਲ ਇਥੇ ਹੀ ਆਸ ਪਾਸ ਦੀਆਂ ਤਾਰਾਂ, ਕਦੇ ਬਨੇਰਿਆਂ 'ਤੇ ਬੈਠਾ ਨਜ਼ਰ ਆਉਂਦਾ ਰਿਹਾ। ਸ਼ਾਇਦ ਘੁੱਗੀਆਂ ਬੱਚਿਆਂ ਨੂੰ ਉਹ ਟਿਕਾਣਾ ਦੇ ਦੇਣ ਪਿੱਛੋਂ ਆਪ ਅਗਲੇ ਸਾਲ ਕਿਤੇ ਨਵੀਂ ਥਾਂ ਆਲ੍ਹਣੇ ਬਣਾਉਂਦੀਆਂ ਹੋਣਗੀਆਂ।

ਸਾਡੇ ਘਰ ਦੇ ਆਸ-ਪਾਸ ਬਹੁਤ ਸਾਰੇ ਗੋਲੇ ਕਬੂਤਰ ਉੱਡਦੇ ਫਿਰਦੇ ਰਹਿੰਦੇ ਹਨ। ਉਨ੍ਹਾਂ ਦੀਆਂ ਆਦਤਾਂ ਬੁਲਬੁਲਾਂ ਤੇ ਘੁੱਗੀਆਂ ਤੋਂ ਬਿਲਕੁਲ ਵੱਖਰੀਆਂ ਹਨ। ਵੇਖਦੇ ਹੀ ਹਾਂ ਕਿ ਉਹ ਮਨੁੱਖੀ ਘਰਾਂ ਦੇ ਹੀ ਵਾਧਿਆਂ ਬਨੇਰਿਆਂ 'ਤੇ ਛੱਤਾਂ ਉੱਤੇ ਬਣੇ ਬਰਾਂਡਿਆਂ ਵਿਚ ਘੁੰਮਦੇ ਰਹਿੰਦੇ ਹਨ। ਉਹ ਦੂਜੇ ਪੰਖੇਰੂਆਂ ਵਾਂਗ ਬਿਰਖਾਂ 'ਤੇ ਆਲ੍ਹਣੇ ਵੀ ਨਹੀਂ ਬਣਾਉਂਦੇ। ਸਾਡੇ ਘਰ ਦੇ ਸਾਹਮਣੇ ਵਾਲੇ ਘਰ ਦਾ ਏਅਰ ਕੰਡੀਸ਼ਨਰ ਬਾਹਰ ਵੱਲ ਲੱਗਾ ਹੋਇਆ ਹੈ ਤੇ ਦਸ ਕੁ ਇੰਚ ਉੱਪਰ ਪੱਕਾ ਪਰਦਾ ਵੀ ਬਣਿਆ ਹੋਇਆ ਹੈ। ਇਕ ਕਬੂਤਰੀ ਨੇ ਉਸ ਏ.ਸੀ. ਉੱਤੇ ਆਂਡੇ ਦਿੱਤੇ ਹੋਏ ਸਨ ਤੇ ਗਰਮੀ ਵਿਚ ਵੀ ਜਦੋਂ ਦੂਜੇ ਸਾਰੇ ਕਬੂਤਰ ਇਧਰ-ਉਧਰ ਉਡਾਰੀਆਂ ਲਾ ਰਹੇ ਹੁੰਦੇ, ਉਹ ਉਥੋਂ ਨਹੀਂ ਸੀ ਹਿੱਲਦੀ। ਉਨ੍ਹਾਂ ਨੇ ਆਲ੍ਹਣੇ ਦੇ ਜੁਗਾੜ ਵਾਸਤੇ ਇਕ ਵਾਂਸ ਦੇ ਝਾੜੂਆਂ ਦੀਆਂ ਤੀਲ੍ਹਾਂ ਲਿਆ ਕੇ ਰੱਖੀਆਂ ਹੋਈਆਂ ਸਨ। ਸਾਡੇ ਘਰ ਦੀ ਛੱਡ 'ਤੇ ਇਹ ਝਾੜੂ ਰੱਖਿਆ ਹੋਇਆ ਸੀ। ਇਸ ਝਾੜੂ ਨੂੰ ਹੀ ਉਸ ਆਂਡਿਆਂ 'ਤੇ ਬੈਠੀ ਕਬੂਤਰੀ ਦਾ ਸਾਥੀ ਸ਼ਾਇਦ ਇਕ-ਇਕ ਤੀਲ੍ਹਾ ਕਰਕੇ ਲੈ ਗਿਆ ਸੀ। ਉਨ੍ਹਾਂ ਨੇ ਝਾੜੂ ਦੇ ਤੀਲ੍ਹਿਆਂ ਨੂੰ ਇੰਜ ਰੱਖਿਆ ਸੀ ਕਿ ਉਹ ਤੀਲ੍ਹੇ ਉਸ ਏ.ਸੀ. ਦੇ ਦੋਹੀਂ ਪਾਸੀਂ ਤਕਰੀਬਨ ਇਕ-ਇਕ ਫੁੱਟ ਬਾਹਰ ਵੱਲ ਨਿਕਲੇ ਹੋਏ ਹਨ। ਆਖ਼ਰ ਇਕ ਬੱਚਾ ਨਿਕਲਿਆ ਤਾਂ ਕਬੂਤਰ ਤੇ ਕਬੂਤਰੀ ਦੋਵੇਂ ਉਸਦੇ ਆਸ-ਪਾਸ ਬੈਠੇ ਰਹਿੰਦੇ। ਜੇ ਇਕ ਜਣਾ ਕਿਤੇ ਜਾਂਦਾ ਤਾਂ ਦੂਜਾ ਬੱਚੇ ਕੋਲੋਂ ਨਹੀਂ ਸੀ ਹਿੱਲਦਾ। ਇਨ੍ਹਾਂ ਨੂੰ ਵੇਖ ਕੇ ਜਾਪਦਾ ਸੀ ਕਿ ਭਾਵੇਂ ਇਹ

ਪੰਛੀ ਹਨ ਤੇ ਦੂਜੇ ਪੰਛੀਆਂ ਵਾਂਗ ਆਲ੍ਹਣੇ ਬਣਾਉਣ ਦਾ ਤਰੱਦਦ ਨਹੀਂ ਕਰਦੇ, ਪਰ ਮਨੁੱਖੀ ਘਰਾਂ ਵਿਚ ਰਹਿੰਦਿਆਂ ਬੱਚਿਆਂ ਦਾ ਫ਼ਿਕਰ ਇਹ ਵੀ ਮਨੁੱਖਾਂ ਵਾਂਗ ਹੀ ਕਰਦੇ ਹਨ।

ਇਹੋ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਕਈ ਆਦਤਾਂ ਵੀ ਮੈਨੂੰ ਮਨੁੱਖਾਂ ਵਰਗੀਆਂ ਨਜ਼ਰ ਆਈਆਂ। ਤੇਜ਼ ਬਾਰਿਸ਼ ਜਾਂ ਝੱਖੜ ਵਾਲੇ ਦਿਨ ਉਹ ਬਹੁਤ ਸਾਰੀ ਗਿਣਤੀ ਵਿਚ ਕਬੂਤਰ ਨੇੜੇ-ਨੇੜੇ ਇਕੱਠੇ ਹੋ ਕੇ ਬੈਠ ਜਾਂਦੇ ਹਨ ਪਰ ਮੌਸਮ ਠੀਕ ਹੁੰਦਿਆਂ ਹੀ ਖਿੱਲਰ ਪੁੱਲਰ ਜਾਂਦੇ ਹਨ। ਸਾਡੇ ਘਰ ਦੇ ਸਾਹਮਣੇ ਆਸ ਪਾਸ ਦੇ ਘਰ ਦਿਆਂ ਵਾਧਿਆਂ ’ਤੇ ਬਹੁਤ ਸਾਰੇ ਕਬੂਤਰ ਰਹਿੰਦੇ ਹਨ। ਕਈ ਵਾਰ ਵੇਖਿਆ ਕਿ ਦੋ ਕਬੂਤਰ ਉਨ੍ਹਾਂ ਵਿਚ ਵੀ ਐਸੇ ਹਨ ਜੋ ਗੁੰਡਿਆਂ ਵਾਂਗ ਵਿਚਰਦੇ ਹਨ ਤੇ ਹੋਰਾਂ ਕਬੂਤਰਾਂ ਨੂੰ ਨੇੜੇ ਨਹੀਂ ਬੈਠਣ ਦਿੰਦੇ। ਜੇ ਕੋਈ ਕਬੂਤਰ ਉਨ੍ਹਾਂ ਦੇ ਨੇੜੇ ਬੈਠਣ ਲੱਗੇ ਤਾਂ ਉਸ ਨੂੰ ਮਾਰਨ ਲੱਗਦੇ ਹਨ। ਉਹ ਥੋੜ੍ਹਾ ਜਿਹਾ ਦੂਰ ਦੂਰ ਵੀ ਬੈਠੇ ਤਾਂ ਉਥੋਂ ਭਜਾਉਂਦੇ ਰਹਿੰਦੇ ਹਨ, ਜਦੋਂ ਤਕ ਕਾਫ਼ੀ ਦੂਰ ਨਾ ਜਾ ਬੈਠੇ।

ਇਕ ਦਿਨ ਮੈਂ ਛੱਤ ’ਤੇ ਖੜਿਆਂ ਦੇਖਿਆ ਕਿ ਸਾਹਮਣੇ ਘਰ ਦੀ ਛੱਤ ’ਤੇ ਪੰਛੀਆਂ ਵਾਸਤੇ ਰੱਖੇ ਪਾਣੀ ਵਾਲੇ ਕੂੰਡੇ ਵੱਲ ਇਧਰੋਂ-ਉਧਰੋਂ ਤਿੰਨ ਕਬੂਤਰ ਪਾਣੀ ਪੀਣ ਵਾਸਤੇ ਇਕੱਠੇ ਹੋ ਗਏ। ਉਨ੍ਹਾਂ ਵਿਚੋਂ ਇਕ ਅਚਾਨਕ ਪਾਣੀ ਵਾਲੇ ਪਿਆਲੇ ਵਿਚ ਵੜ ਕੇ ਬੈਠ ਗਿਆ ਤੇ ਕਦੇ ਸਿਰ ਪਾਣੀ ਵਿਚ ਡੁਬੋਣ ਲੱਗ ਪਿਆ, ਕਦੇ ਖਿੱਲਰ-ਖਿੱਲਰ ਕੇ ਨਹਾਉਂਦਾ ਰਿਹਾ ਤੇ ਦੂਜੇ ਦੋਹਾਂ ਨੂੰ ਪਾਣੀ ਨਾ ਹੀ ਪੀਣ ਦਿੱਤਾ। ਆਖ਼ਰ ਉਹ ਦੋਵੇਂ ਕਬੂਤਰ ਬਿਨਾ ਪਾਣੀ ਪੀਤਿਆਂ ਹੀ ਕਿਸੇ ਹੋਰ ਪਾਸੇ ਵੱਲ ਉੱਡ ਗਏ।

ਏਨੇ ਕੁ ਪੰਖੇਰੂਆਂ ਦੀਆਂ ਆਦਤਾਂ ਦੇਖਦਿਆਂ ਹੀ ਇਨ੍ਹਾਂ ਦੀਆਂ ਆਦਤਾਂ ਵਿਚ ਏਨੇ ਵਖਰੇਵੇਂ ਨਜ਼ਰ ਆਉਂਦੇ ਹਨ ਤਾਂ ਧਰਤੀ ਉਤਲੇ ਵਿਚਰਦੇ ਵਸਦੇ ਇਨ੍ਹਾਂ ਦੇ ਵਿਸ਼ਾਲ ਸੰਸਾਰ ਦੀ ਦੁਨੀਆ ਕਿੰਨੀ ਅਚੰਭਿਆਂ ਭਰੀ, ਰੰਗੀਲੀ ਤੇ ਦਿਲਚਸਪ ਹੋਵੇਗੀ। ਭਾਵੇਂ ਪੰਖੇਰੂਆਂ ਵਿਚ ਦਿਲਚਸਪੀ ਲੈਣ ਵਾਲੇ ਕੁਦਰਤੀ ਪ੍ਰੇਮੀਆਂ ਤੇ ਖੋਜੀਆਂ ਨੇ ਬਹੁਤ ਸਾਰੇ ਤੱਥ ਇਨ੍ਹਾਂ ਬਾਰੇ ਲੱਭ ਕੇ ਟੈਲੀਵਿਜ਼ਨ ਉੱਤੇ ਵੀਡੀਓ ਬਣਾ ਕੇ ਸਾਂਝੇ ਕਰ ਦਿੱਤੇ ਹਨ ਪਰ ਅੱਖੀਂ ਵੇਖੇ ਪੰਖੇਰੂ ਸੰਸਾਰ ਦੇ ਇਸ ਨਿੱਕੇ ਜਿਹੇ ਹਿੱਸੇ ਤੋਂ ਵੀ ਇਨ੍ਹਾਂ ਦੀ ਨੀਝ, ਸੂਝ, ਸਿਆਣਪ ਤੇ ਵਿਹਾਰ ਕੁਸ਼ਲਤਾ ਹੈਰਾਨ ਕਰ ਦੇਂਦੀ ਹੈ।

ਹੋਰ ਤਾਂ ਹੋਰ ਭਾਈਚਾਰੇ ਦੀ ਅਨੋਖੀ ਮਿਸਾਲ ਵੀ ਮੈਂ ਬਚਪਨ ਵੇਲੇ ਕਾਵਾਂ ਵਿਚ ਹੀ ਵੇਖੀ ਸੀ। ਹੁਣ ਤਾਂ ਸਾਨੂੰ ਹੀ ਪਤਾ ਨਹੀਂ ਕਾਂ ਕਿੱਥੇ ਰਹਿੰਦੇ ਹਨ, ਪਰ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਇਹ ਵੀ ਚਿੜੀਆਂ ਵਾਂਗ ਮਨੁੱਖੀ ਅਬਾਦੀਆਂ ਵਿਚ ਹੀ ਆਪਣੇ ਘਰ ਬਣਾ ਲੈਂਦੇ ਸਨ। ਮੇਰੇ ਸਕੂਲ ਪੜ੍ਹਦਿਆਂ ਤਰਨ ਤਾਰਨ ਰਹਿੰਦਿਆਂ, ਅੰਮ੍ਰਿਤਸਰ ਜਾਂਦੀ ਸੜਕ ’ਤੇ ਸਾਡਾ ਘਰ ਸੀ। ਘਰ ਦੇ ਸਾਹਮਣੇ ਇਕ ਉੱਚੀ ਟਾਹਲੀ ਸੀ। ਉਸ ਟਾਹਲੀ ਦੇ ਸਭ ਤੋਂ ਉੱਚੇ ਟਾਹਣ ’ਤੇ ਇਕ ਕਾਂ ਦਾ ਆਲ੍ਹਣਾ ਸੀ। ਇਕ ਦਿਨ ਪਤਾ

ਨਹੀਂ ਕਿਵੇਂ ਉਹ ਕਾਂ ਉਸੇ ਟਾਹਲੀ ਹੇਠ ਮਰਿਆ ਪਿਆ ਵੇਖਿਆ ਗਿਆ। ਪਲਾਂ ਵਿਚ ਹੀ ਪਤਾ ਨਹੀਂ ਕਿੱਥੋਂ ਕਾਵਾਂ ਦਾ ਇਕ ਵੱਡਾ ਝੁੰਡ ਆ ਗਿਆ ਤੇ ਟਾਹਲੀ ਦੇ ਚੁਫ਼ੇਰੇ ਉੱਡਦਿਆਂ ਸ਼ਾਮ ਤਕ ਕਾਂ-ਕਾਂ ਕਰਦਾ ਰਿਹਾ। ਆਸ-ਪਾਸ ਦੇ ਲੋਕ ਡਰ-ਡਰ ਕੇ ਕੋਲੋਂ ਲੰਘਦੇ ਰਹੇ ਕਿ ਇਹ ਸਿਰ ਵਿਚ ਠੂੰਗੇ ਹੀ ਨਾ ਮਾਰ ਦੇਣ ਕਿਉਂਕਿ ਕਾਂ ਦੀ ਚੁੰਝ ਬਹੁਤ ਮਜ਼ਬੂਤ ਹੁੰਦੀ ਹੈ ਤੇ ਉਹ ਕਈ ਵਾਰ ਕਿਸੇ ਤੋਂ ਖਿਝਿਆ ਹੋਵੇ ਤਾਂ ਉਸ ਦੇ ਸਿਰ ਵਿਚ ਠੂੰਗਾ ਵੀ ਮਾਰ ਜਾਂਦਾ ਹੈ। ਕਾਵਾਂ ਵਿਚਕਾਰ ਦੇਖਿਆ ਇਹ ਭਾਈਚਾਰਾ ਹਮੇਸ਼ਾਂ ਮੈਨੂੰ ਮਨੁੱਖਾਂ ਵਿਚਕਾਰ ਖੁਰਦੇ ਜਾਂਦੇ ਭਾਈਚਾਰੇ ਦਾ ਚੇਤਾ ਕਰਵਾ ਦੇਂਦਾ ਹੈ।

# ਨਾਇਕਤਵ ਦਾ ਸੰਕਟ

ਮਨੁੱਖੀ ਮਨ ਹਮੇਸ਼ਾ ਹੀ ਕਿਸੇ ਨਾ ਕਿਸੇ ਰਾਹ ਦਸੇਰੇ, ਕਿਸੇ ਨਾਇਕ ਜਾਂ ਕਿਸੇ ਅਜਿਹੇ ਸਾਥੀ ਦੀ ਤਲਾਸ਼ ਵਿਚ ਰਹਿੰਦਾ ਹੈ ਜਿਸ ’ਤੇ ਉਹ ਪੂਰੀ ਤਰ੍ਹਾਂ ਯਕੀਨ ਕਰ ਸਕੇ। ਪਰ ਕਿਸੇ ਸਾਥੀ ਦਾ ਹਰ ਹਾਲ ਰਾਹ ਦਸੇਰਾ ਹੋਣਾ ਸੰਭਵ ਨਹੀਂ ਵੀ ਹੋ ਸਕਦਾ, ਕਿਉਂਕਿ ਉਸ ਨੇ ਅਕਸਰ ਬਰਾਬਰ ਦੇ ਪੱਧਰ ਦਾ ਹੋਣਾ ਹੁੰਦਾ ਹੈ ਤੇ ਮਨੁੱਖ ਨੂੰ ਤਲਾਸ਼ ਤਾਂ ਹੁੰਦੀ ਹੈ ਇਕ ਐਸੀ ਸ਼ਖ਼ਸੀਅਤ ਦੀ ਜਿਹੜਾ ਉਸ ਵਾਸਤੇ ਸਤਿਕਾਰਯੋਗ ਹੋਵੇ, ਸੁਪਨਿਆਂ ਦੀ ਦੱਸ ਪਾਵੇ। ਫਿਰ ਉਧਰ ਤੁਰਨ ਵਾਸਤੇ ਸਹੀ ਦਿਸ਼ਾਵਾਂ ਦੱਸ ਕੇ ਰਸਤਿਆਂ ਦੀਆਂ ਮੁਸ਼ਕਲਾਂ ਨੂੰ ਸਰ ਕਰਨ ਦਾ ਉਤਸ਼ਾਹ ਵੀ ਦੇਂਦਾ ਰਹੇ। ਇਤਿਹਾਸ ਵਿਚ ਅਜਿਹੀਆਂ ਸ਼ਖ਼ਸੀਅਤਾਂ ਦਾ ਵਰਨਣ ਹੈ ਜਿਨ੍ਹਾਂ ਦੀ ਸਿਆਣਪ ਤੇ ਅਗਵਾਈ ਨੂੰ ਜਨ ਸ਼ਕਤੀ ਨੇ ਸਵੀਕਾਰ ਕੀਤਾ ਤੇ ਉਨ੍ਹਾਂ ਦੇ ਇਕ ਬੋਲ ਤੇ ਲੋਕ ਵਹੀਰਾਂ ਘੱਤ ਕੇ ਤੁਰ ਪੈਂਦੇ ਰਹੇ। ਉਹ ਤੁਰ ਪੈਂਦੇ ਰਹੇ, ਇਹ ਜਾਣਦਿਆਂ ਹੋਇਆਂ ਵੀ ਕਿ ਜਿਹੜੇ ਰਸਤੇ ’ਤੇ ਉਹ ਤਰੇ ਹਨ, ਉਹ ਸਿੱਧਾ ਸਿੱਧਾ ਮੌਤ ਵੱਲ ਜਾਂਦਾ ਹੈ ਪਰ ਰਾਹਨੁਮਾ ਦੇ ਪਿੱਛੇ ਤੁਰਦਿਆਂ ਫ਼ਿਕਰ ਕਿਸੇ ਨੂੰ ਨਹੀਂ ਹੁੰਦਾ। ਅਸਲ ਵਿਚ ਕਿਸੇ ਅਜਿਹੇ ਇਨਸਾਨ ਦੀ ਮਨੁੱਖ ਨੂੰ ਤਲਾਸ਼ ਬਚਪਨ ਤੋਂ ਹੀ ਹੁੰਦੀ ਹੈ ਜੋ ਉਸਦੇ ਮਨ ਦਾ ਨਾਇਕ ਬਣ ਸਕੇ।

ਪਹਿਲਾਂ ਇਨਸਾਨ ਦਾ ਮਾਂ, ਬਾਪ, ਕਿਸੇ ਰਿਸ਼ਤੇਦਾਰ ਜਾਂ ਕਿਸੇ ਅਧਿਆਪਕ ਨਾਲ ਵੀ ਇਹੋ ਜਿਹਾ ਰਿਸ਼ਤਾ ਹੋ ਸਕਦਾ ਹੁੰਦਾ ਹੈ। ਅਜਿਹੇ ਸਮੇਂ ਉਸਦੀ ਸਾਰੀ ਦੁਨੀਆਂ ਉਸੇ ਰਿਸ਼ਤੇ ਵਿਚ ਸਿਮਟੀ ਪਈ ਹੁੰਦੀ ਹੈ। ਫਿਰ ਜੁਆਨੀ ਦੀ ਮੂੰਹ ਜ਼ੋਰ ਉਮਰੇ ਜਦੋਂ ਸੋਚਾਂ ਤੇ ਸੁਪਨਿਆਂ ਦੇ ਰੰਗ ਬਦਲ ਜਾਂਦੇ ਹਨ, ਉਹ ਕਈ ਪਾਸਿਆਂ ਵੱਲ ਜਾ ਸਕਦਾ ਹੁੰਦਾ ਹੈ। ਕਿਸੇ ਦੇ ਮੋਹ ਵਿਚ ਪੈ ਕੇ ਜਾਨ ਦੇਣ ਤਕ ਜਾਣ ਵਾਲੇ ਵਰਤਾਰੇ ਵੀ ਇਸੇ ਉਮਰੇ ਵਧੇਰੇ ਵਾਪਰਦੇ ਹਨ ਤੇ ਕਿਸੇ ਵੱਡੇ ਨਿਸ਼ਾਨੇ ਦੀ ਸੇਧ ਵਿਚ ਤੁਰਨ ਲੱਗਣ ਦੇ ਕ੍ਰਿਸ਼ਮੇ ਵੀ ਇਸ ਉਮਰ ਵਿਚ ਹੀ ਅਕਸਰ ਹੁੰਦੇ ਹਨ। ਕਿਉਂਕਿ ਸਰੀਰ ਸ਼ਕਤੀ ਭਰਪੂਰ, ਸੁਪਨਿਆਂ ਵਿਚ ਗੜੁੱਚ ਤੇ ਮਨ ਕਿਸੇ ਹੱਦ ਤਕ ਉਲਾਰ, ਡੁੱਲ੍ਹਣ ਵਹਿਣ, ਲੜਨ ਤੇ ਮਰਨ ਨੂੰ ਹਰ ਵੇਲੇ ਤਿਆਰ ਰਹਿੰਦਾ ਹੈ। ਇਸ ਵੇਲੇ ਜੇ ਇਨਸ਼ਾਨ ਨੂੰ ਸਹੀ ਦਿਸ਼ਾ ਦੇ ਰਸਤੇ ਦਿਖਾਉਂਦਾ ਜਾਪਦਾ ਕੋਈ ਮਿਲ ਜਾਏ ਤਾਂ ਜਵਾਨੀ ਉਸ ਨੂੰ ਇਸ਼ਟ ਦੀ ਹੱਦ ਤਕ ਆਪਣਾ ਨਾਇਕ, ਆਪਣਾ ਗੁਰੂ ਮੰਨਣ ਲੱਗ ਪੈਂਦੀ ਹੈ। ਅਜਿਹੀਆਂ ਉਦਾਹਰਣਾਂ ਨਾਲ ਦੁਨੀਆਂ ਦਾ ਇਤਿਹਾਸ ਭਰਿਆ ਪਿਆ ਹੈ। ਇਸ ਤਰ੍ਹਾਂ ਦੀ ਇਕ ਉਦਾਹਰਣ ਫਰਾਂਸ ਦੀ ਵੀ ਹੈ। ਜਦੋਂ ਸਾਰੀ ਦੁਨੀਆਂ ਵਿਚ ਅੰਗਰੇਜ਼ੀ ਰਾਜ ਦਾ

ਬੋਲਬਾਲਾ ਸੀ, ਉਦੋਂ ਫਰਾਂਸ ਵੀ ਅੰਗਰੇਜ਼ਾਂ ਦਾ ਗੁਲਾਮ ਸੀ। ਉਸ ਵੇਲੇ ਫਰਾਂਸ ਵਿਚ ਜ਼ੋਨ-ਆਫ-ਆਰਕ ਨਾਮ ਦੀ ਨੌਜੁਆਨ ਕਿਸਾਨ ਲੜਕੀ ਨੇ ਦੇਸ਼ ਦੇ ਨੌਜੁਆਨਾਂ ਨੂੰ ਆਜ਼ਾਦੀ ਦਾ ਸੁਪਨਾ ਦਿਖਾਇਆ। ਉਨ੍ਹਾਂ ਦੀ ਅਣਖ ਨੂੰ ਜਗਾ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਦਲੀਲਾਂ ਨਾਲ ਉਨ੍ਹਾਂ ਨੂੰ ਕਾਇਲ ਵੀ ਕੀਤਾ। ਜਲਦੀ ਹੀ ਉਹ ਬਹੁਤ ਸਾਰੇ ਨੌਜੁਆਨਾਂ ਦੀ ਰਾਹ ਦਸੇਰੀ ਨਾਇਕਾ ਬਣ ਗਈ। ਫਿਰ ਉਨ੍ਹਾਂ ਨੇ ਕਮਾਲ ਦੀਆਂ ਜਿੱਤਾਂ ਹਾਸਲ ਕੀਤੀਆਂ। ਇਹ ਵੱਖਰੀ ਗੱਲ ਹੈ ਕਿ ਉਸਦੇ ਆਪਣੇ ਦੇਸ਼ ਦੇ ਲੋਕਾਂ ਨੇ ਹੀ ਉਸ ਨਾਲ ਗ਼ੱਦਾਰੀ ਕੀਤੀ ਤੇ ਉਸ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ।

ਜੁਆਨੀ ਅੰਦਰ ਪਹਾੜਾਂ ਤੋਂ ਉਤਰ ਰਹੇ ਦਰਿਆ ਵਰਗੀ ਅਥਾਹ ਊਰਜਾ ਹੁੰਦੀ ਹੈ। ਜੇ ਉਸ ਨੂੰ ਸਹੀ ਰਸਤਾ ਨਾ ਮਿਲੇ ਤਾਂ ਉਹ ਤਬਾਹੀ ਮਚਾਉਂਦਾ, ਜੋ ਕੁਝ ਉਸਦੇ ਰਸਤੇ ਵਿਚ ਆਵੇ ਉਸ ਨੂੰ ਤਹਿਸ-ਨਹਿਸ ਕਰਦਾ ਤੁਰਿਆ ਜਾਂਦਾ ਤੇ ਖ਼ੁਦ ਨੂੰ ਵੀ ਖਿਲਾਰ ਲੈਂਦਾ ਹੈ। ਇਸ ਕਰਕੇ ਉਸ ਸ਼ਕਤੀ ਨੂੰ ਤਜ਼ਰਬੇਕਾਰ ਸਿਆਣਿਆਂ ਵੱਲੋਂ ਸਹੀ ਸਮੇਂ ਤੇ ਸਹੀ ਦਿਸ਼ਾ ਵਿਚ ਤੋਰ ਕੇ ਕਿਸੇ ਉਸਾਰੂ ਦਿਸ਼ਾ ਵੱਲ ਤੁਰਨ ਵਾਸਤੇ ਪ੍ਰੇਰਨਾ ਮਿਲਣੀ ਜ਼ਰੂਰੀ ਹੁੰਦੀ ਹੈ। ਜੇ ਕੋਈ ਗ਼ਲਤ ਵਿਚਾਰਾਂ ਵਾਲਾ ਇਸ ਉਮਰ ਵਾਲਿਆਂ ਨੂੰ ਆਪਣੀਆਂ ਦਲੀਲਾਂ ਨਾਲ ਪਿੱਛੇ ਲਾ ਲਵੇ ਤਾਂ ਜੁਆਨੀ ਗ਼ਲਤ ਰਸਤਿਆਂ 'ਤੇ ਪੈ ਕੇ ਆਪਣੀ ਜ਼ਿੰਦਗੀ ਹੀ ਨਹੀਂ ਆਪਣੇ ਪਰਿਵਾਰ ਦੀਆਂ ਉਮੀਦਾਂ ਤੇ ਸੁਪਨੇ ਵੀ ਬਰਬਾਦ ਕਰ ਬਹਿੰਦੀ ਹੈ। ਕੁਝ ਸਮੇਂ ਤੋਂ ਪੰਜਾਬ ਵਿਚ ਬੇਰੁਜ਼ਗਾਰੀ ਦੀ ਭੰਨੀ ਜੁਆਨੀ ਵਿਚ ਕੁਝ ਗ਼ਲਤ ਅਨਸਰਾਂ ਵੱਲੋਂ ਪੈਦਾ ਕੀਤੇ ਗਏ ਨਸ਼ਿਆਂ ਦੇ ਰੁਝਾਨ ਕਾਰਨ ਹੋਏ ਜਾਨੀ, ਆਰਥਿਕ, ਪਰਿਵਾਰਕ ਤੇ ਸਮਾਜਕ ਨੁਕਸਾਨ ਨੂੰ ਅਜਿਹੇ ਵਰਤਾਰੇ ਵਜੋਂ ਦੇਖਿਆ ਜਾ ਸਕਦਾ ਹੈ।

ਅਜਿਹੇ ਵਕਤਾਂ ਵਿਚ ਕਿਸੇ ਸੱਚੀ ਸੁੱਚੀ ਸੋਚ ਵਾਲੇ ਤਜ਼ਰਬੇਕਾਰ, ਸੁਹਿਰਦ ਤੇ ਪ੍ਰਭਾਵਸ਼ਾਲੀ ਪਰ ਆਪਣੇ ਜਿਹੇ ਜਾਪਦੇ ਰਾਹ ਦਸੇਰੇ ਦੀ ਸਖ਼ਤ ਜ਼ਰੂਰਤ ਹੁੰਦੀ ਹੈ। ਉਹ ਜ਼ਰੂਰਤ ਇਸ ਵਾਸਤੇ ਹੁੰਦੀ ਹੈ ਕਿ ਉਹ ਸ਼ਖ਼ਸੀਅਤ ਵਿਸ਼ੇਸ਼ ਆਪਣੇ ਤਰਕਮਈ ਖ਼ਿਆਲਾਂ, ਆਪਣੀ ਸਮਝ ਤੇ ਦਲੀਲਾਂ ਨਾਲ ਉਨ੍ਹਾਂ ਦੀ ਸ਼ਕਤੀ ਤੇ ਜੋਸ਼ ਭਰੀ ਮੂੰਹ-ਜ਼ੋਰ ਉਮਰ ਨੂੰ ਕੋਈ ਸਾਰਥਕ ਰਸਤੇ ਸੁਝਾਅ ਕੇ ਉਧਰ ਨੂੰ ਤੋਰ ਸਕੇ। ਜੇ ਇਸ ਤਰ੍ਹਾਂ ਹੋ ਸਕੇ ਤਾਂ ਉਹ ਵਿਅਕਤੀ ਵਿਸ਼ੇਸ਼ ਇਸ ਵਰਗ ਵਾਸਤੇ ਧਰੂ ਤਾਰੇ ਵਰਗਾ ਹੋ ਜਾਂਦਾ ਹੈ, ਜਿਸ ਦੁਆਲੇ ਨੌਜੁਆਨਾਂ ਦੇ ਸਾਰੇ ਸੁਪਨੇ, ਉਮੀਦਾਂ, ਸ਼ਕਤੀਆਂ ਤੇ ਕਾਰ ਵਿਹਾਰ ਘੁੰਮਣ ਲੱਗਦੇ ਹਨ। ਆਜ਼ਾਦੀ ਤੋਂ ਪਹਿਲਾਂ ਦਾ ਇਤਿਹਾਸ ਪੜ੍ਹਦਿਆਂ ਇਸ ਤਰ੍ਹਾਂ ਦੀਆਂ ਅਨੇਕਾਂ ਹਸਤੀਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਦੇ ਹਰੇਕ ਬੋਲ ਦਾ ਸਿਰਫ਼ ਜੁਆਨੀ ਤੇ ਹੀ ਨਹੀਂ ਸਗੋਂ ਹਰ ਉਮਰ ਦੇ ਲੋਕਾਂ 'ਤੇ ਜਾਦੂ ਵਰਗਾ ਅਸਰ ਹੁੰਦਾ ਸੀ। ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਲਾਲ ਬਹਾਦਰ ਸ਼ਾਸਤਰੀ, ਸੁਭਾਸ਼ ਚੰਦਰ ਬੋਸ ਤੇ ਹੋਰ ਬਹੁਤ ਸਾਰੇ ਇਸ ਤਰ੍ਹਾਂ ਦੇ ਲੀਡਰ ਸਨ। ਉਨ੍ਹਾਂ ਦੀ ਇਕ

ਆਵਾਜ਼ 'ਤੇ ਲੋਕ ਘਰਾਂ 'ਚੋਂ ਨਿਕਲ ਪੈਂਦੇ ਸਨ, ਜਦੋਂ ਕਿ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਦਾ ਇਹ ਕਦਮ ਮੌਤ ਵੱਲ ਜਾ ਸਕਦਾ ਹੈ। ਜਿਵੇਂ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ—"ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ।" ਤੇ ਲੋਕੀਂ ਜਾ ਕੇ ਉਸਦੀ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਿਲ ਹੋ ਗਏ ਸਨ।

ਪੰਜਾਬ ਦੇ ਲਾਲਾ ਹਰਦਿਆਲ, ਲਾਲਾ ਲਾਜਪਤ ਰਾਏ, ਕਰਤਾਰ ਸਿੰਘ ਸਰਾਭਾ, ਅਜੀਤ ਸਿੰਘ, ਭਗਤ ਸਿੰਘ, ਗ਼ਦਰੀ ਬਾਬੇ, ਬੱਬਰ ਅਕਾਲੀ ਤੇ ਹੋਰ ਬਹੁਤ ਸਾਰੇ ਅਜਿਹੇ ਕ੍ਰਿਸ਼ਮਈ ਜਲਵੇ ਵਾਲੇ ਲੀਡਰ ਸੁੱਚੀਆਂ ਪਾਕ ਰੂਹਾਂ ਸਨ ਜੋ ਇਕ ਪਵਿੱਤਰ ਕਾਜ ਨੂੰ ਸਮਰਪਤ ਸਨ। ਇਨ੍ਹਾਂ 'ਤੇ ਸਿਰਫ਼ ਨੌਜੁਆਨਾਂ ਨੂੰ ਹੀ ਨਹੀਂ, ਹਰ ਉਮਰ ਤੇ ਵਰਗ ਦੇ ਲੋਕਾਂ ਨੂੰ ਐਸਾ ਸ਼ਰਧਾ ਭਰਿਆ ਯਕੀਨ ਸੀ ਕਿ ਸਰਕਾਰੀ ਹੁਕਮਾਂ ਤੇ ਨਜ਼ਰ ਆ ਰਹੇ ਖ਼ਤਰਿਆਂ ਦੇ ਬਾਵਜੂਦ ਉਨ੍ਹਾਂ ਦੇ ਇਕ ਸੱਦੇ 'ਤੇ ਵਹੀਰਾਂ ਘੱਤ ਕੇ ਤੁਰ ਪੈਂਦੇ ਸਨ। ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਵੇਲੇ ਏਨੇ ਲੋਕਾਂ ਦਾ ਇਕੱਠੇ ਹੋਣਾ ਤੇ ਹਜ਼ਾਰਾਂ ਜਾਨਾਂ ਦਾ ਵਾਰਿਆ ਜਾਣਾ ਉਨ੍ਹਾਂ ਲੀਡਰਾਂ ਦੇ ਲੋਕ ਮਨ 'ਤੇ ਅਸਰ ਦੀ ਇਕ ਸਟੀਕ ਉਦਾਹਰਣ ਹੈ। ਅਜਿਹੇ ਅਨੇਕਾਂ ਬਿਰਤਾਂਤ ਇਤਿਹਾਸ ਵਿਚ ਵੇਖੇ ਜਾ ਸਕਦੇ ਹਨ।

ਜਵਾਨੀ ਦੀ ਅਮੋੜ ਤੇ ਜੋਸ਼ੀਲੀ ਉਮਰ ਨੂੰ ਮਕਸਦ ਤੇ ਦਿਸ਼ਾ ਨਿਰਦੇਸ਼ ਵਾਸਤੇ ਹਮੇਸ਼ਾਂ ਕਿਸੇ ਨਾਇਕ ਦੀ ਤਲਾਸ਼ ਹੁੰਦੀ ਹੈ ਪਰ ਨਾਇਕ ਵਿਚ ਨਾਇਕਤਵ ਵਾਲੀਆਂ ਖ਼ੂਬੀਆਂ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਜਲਦੀ ਹੀ ਉਹ ਬਿੰਬ ਤਿੜਕ ਕੇ ਮਨਾਂ ਵਿਚੋਂ ਖਾਰਜ ਵੀ ਹੋ ਜਾਂਦਾ ਹੈ। ਨਾਇਕ ਦਾ ਜ਼ਹੀਨ, ਸਮਝਦਾਰ, ਸਹਿਜ, ਸੁਹਿਰਦ, ਖ਼ਤਰਿਆਂ ਦਾ ਸਾਹਮਣਾ ਕਰਨ ਦੀ ਹਿੰਮਤ ਤੇ ਸਮਰੱਥਾ ਰੱਖਣ ਵਾਲੇ ਮਨੁੱਖੀ ਗੁਣਾਂ ਨਾਲ ਭਰਪੂਰ ਹੋਣਾ ਜ਼ਰੂਰੀ ਹੁੰਦਾ ਹੈ। ਆਪਣੇ ਮਕਸਦ ਸੰਬੰਧੀ ਬਰੀਕ ਤੋਂ ਬਰੀਕ ਪਰਤਾਂ ਦੀ ਜਾਣਕਾਰੀ ਤੇ ਉਨ੍ਹਾਂ 'ਚੋਂ ਉੱਠਦੇ ਸੰਭਵ ਸੁਆਲਾਂ ਦੇ ਸਹੀ ਜੁਆਬਾਂ ਬਾਰੇ ਗੱਲ ਕਰ ਸਕਣ ਦੇ ਸਮਰੱਥ ਹੋਣਾ ਵੀ ਬਹੁਤ ਜ਼ਰੂਰੀ ਹੈ ਪਰ ਉਹ ਨਿਮਰ, ਨਿਰਮਾਣ ਤੇ ਸਰਲ ਵੀ ਹੋਣਾ ਚਾਹੀਦਾ ਹੈ। ਉਸਦਾ ਆਪਣਾ ਚਰਿਤਰ ਨਮੂਨੇ ਦਾ, ਬਿਨਾਂ ਕਿਸੇ ਤ੍ਰੇੜ ਤੇ ਸਾਫ਼ ਸ਼ਫਾਫ ਹੋਣਾ ਜ਼ਰੂਰੀ ਹੁੰਦਾ ਹੈ। ਕਹਿਣੀ ਤੇ ਕਥਨੀ ਵਿਚ ਅੰਤਰ ਵਾਲੇ ਲੀਡਰ ਜਲਦੀ ਹੀ ਲੋਕ ਮਨ ਤੋਂ ਉੱਤਰ ਜਾਂਦੇ ਹਨ। ਪਰ ਸਾਬਤ ਸਬੂਤ ਅਕਸ ਵਾਲੇ ਇਕ ਆਦਰਸ਼ ਦੇ ਤੌਰ 'ਤੇ ਸਦੀਆਂ ਤਕ, ਪੀੜ੍ਹੀਆਂ ਤਕ, ਮਨਾਂ ਵਿਚ ਵਸੇ ਰਹਿੰਦੇ ਹਨ।

ਆਜ਼ਾਦੀ ਤੋਂ ਇਕਦਮ ਬਾਅਦ ਅਜੇ ਪੁਰਾਣੇ ਤੇ ਸੁਹਿਰਦ ਲੀਡਰ ਮੌਜੂਦ ਸਨ। ਉਨ੍ਹਾਂ ਦੀ ਸੱਚਾਈ ਤੇ ਫ਼ਰਜ਼ ਸ਼ਨਾਸ਼ੀ ਕਰਕੇ ਅਜੇ ਵੀ ਉਨ੍ਹਾਂ ਨਾਲ ਸੰਬੰਧਤ ਕਈ ਕਿੱਸੇ ਕਹਾਣੀਆਂ ਲੋਕਾਂ ਵਿਚ ਸਾਂਝੇ ਹੁੰਦੇ ਹੀ ਰਹਿੰਦੇ ਹਨ। ਪਰ ਪਿਛਲੇ ਕੁਝ ਦਹਾਕਿਆਂ ਵਿਚ ਸਿਆਸੀ ਲੀਡਰਾਂ ਦੇ ਕਾਰਨਾਮਿਆਂ ਕਰਕੇ ਉਨ੍ਹਾਂ ਦੇ ਬਿੰਬ ਇਸ ਤਰ੍ਹਾਂ ਟੁੱਟੇ ਹਨ ਕਿ ਲੋਕਾਂ ਨੂੰ ਕਿਸੇ ਸਿਆਸੀ ਲੀਡਰ ਦੇ ਸੱਚ ਬੋਲਦੇ ਹੋਣ 'ਤੇ ਵੀ ਸ਼ੱਕ ਹੋਣ ਲੱਗਾ ਹੈ। ਪਹਿਲਾਂ ਲੋਕ ਸੋਚਦੇ ਸਨ ਕਿ ਜਦੋਂ ਪੜ੍ਹੇ-ਲਿਖੇ ਨੌਜੁਆਨ ਇਸ ਖੇਤਰ ਵਿਚ ਆਉਣਗੇ

ਤਾਂ ਹਾਲਾਤ ਵਿਚ ਸੁਧਾਰ ਜ਼ਰੂਰ ਹੋਵੇਗਾ ਪਰ ਹੁਣ ਤਾਂ ਪੜ੍ਹੇ-ਲਿਖੇ ਤੇ ਨੌਜੁਆਨ ਸਿਆਸੀ ਲੀਡਰਾਂ ਨੇ ਲੋਕਾਂ ਦੀ ਇਹ ਆਸ ਵੀ ਤੋੜ ਦਿੱਤੀ ਹੈ। ਉਨ੍ਹਾਂ ਦੀ ਸਿਆਣਪ, ਕਲਾ ਤੇ ਜ਼ਹਾਨਤ ਵੀ ਹੁਣ ਸਿਆਸੀ ਖੇਤਰ ਦੇ ਵਿਸ਼ੇਸ਼ ਕਿਸਮ ਦੇ ਗੁਣਾਂ ਵਾਸਤੇ ਹੀ ਪ੍ਰਯੋਗ ਵਿਚ ਆ ਰਹੀ ਹੈ।

ਪਹਿਲੇ ਲੀਡਰਾਂ ਵਿਚੋਂ, ਮਨਾਂ ਵਿਚ ਦੇਰ ਤੋਂ ਆਪਣੇ ਸਬੂਤੇਪਣ ਸਮੇਤ ਵਸੇ ਨਾਇਕਾਂ ਵਿਚ ਸੁਭਾਸ਼ ਚੰਦਰ ਬੋਸ ਤੇ ਭਗਤ ਸਿੰਘ ਦੀ ਉਦਾਹਰਣ ਲੈ ਲੈਂਦੇ ਹਾਂ। ਇਨ੍ਹਾਂ ਦੇ ਬਿੰਬ ਲੋਕਾਂ ਦੇ ਮਨਾਂ ਵਿਚ ਦੇਸ਼ ਦੀ ਅੰਗਰੇਜ਼ੀ ਰਾਜ ਕੋਲੋਂ ਆਜ਼ਾਦੀ ਤੋਂ ਸੱਤਰ ਸਾਲ ਬਾਅਦ, ਤੀਜੀ ਪੀੜ੍ਹੀ ਦੇ ਜੁਆਨ ਹੋਣ ਤਕ ਵੀ ਅਜੇ ਸਜੀਵ ਹਨ। ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ, ਵਿਸ਼ਵਾਸ, ਸੱਚਾਈ, ਜੋਸ਼, ਹੋਸ਼ ਤੇ ਸੁਹਿਰਦ ਅਗਵਾਈ ਬਾਰੇ ਲੋਕਾਂ ਦੇ ਮਨਾਂ ਵਿਚੋਂ ਯਕੀਨ ਨਹੀਂ ਟੁੱਟ ਸਕਿਆ।

ਇਸ ਤਰ੍ਹਾਂ ਦੇ ਆਗੂਆਂ ਦੀ ਕਮੀ ਇਨ੍ਹੀਂ ਦਿਨੀਂ ਲੋਕਾਂ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਹੈ। ਲੋਕਾਂ ਨੂੰ ਲੱਗ ਰਿਹਾ ਹੈ ਕਿ ਸਾਡਾ ਨਾਇਕ ਗਾਇਬ ਹੈ। ਇਸ ਕਰਕੇ ਕਿਸਾਨ ਅੰਦੋਲਨ ਸ਼ੁਰੂ ਹੁੰਦਿਆਂ ਹੀ ਲੋਕੀ, ਜਿਹੜੇ ਲੀਡਰ ਉਹਨੂੰ ਵਿਸ਼ੇ ਦੇ ਜਾਣਕਾਰ, ਸੋਚਵਾਨ, ਸਪੱਸ਼ਟ ਤੇ ਸੁਹਿਰਦ ਜਾਪੇ ਉਹ ਉਨ੍ਹਾਂ ਦੇ ਪਿੱਛੇ ਵਹੀਰਾਂ ਘੱਤ ਕੇ ਤੁਰ ਪਏ। ਪੰਜਾਬ ਦੀ ਜਿਹੜੀ ਨੌਜੁਆਨੀ ਨੂੰ ਨਸ਼ਿਆਂ ਵਿਚ ਗਰਕ, ਅਮੋੜ, ਨਿਕੰਮੀ ਤੇ ਵਿਹਲੜ ਸਮਝਿਆ ਜਾਣ ਲੱਗਾ ਸੀ, ਉਨ੍ਹਾਂ ਨੇ ਵੱਡਿਆਂ ਦੀ ਸਿਆਣਪ ਤੇ ਯੋਗ ਅਗਵਾਈ ਨੂੰ ਸਨਮਾਨ ਦੇ ਕੇ, ਹਿੰਮਤ ਤੇ ਦ੍ਰਿੜ੍ਹਤਾ ਭਰੇ ਸੰਗਠਨ ਦੀ ਮਿਸਾਲ ਕਾਇਮ ਕੀਤੀ ਹੈ। ਪੰਜਾਬ ਦੀ ਸ਼ਾਨਾਮੱਤੀ ਵਿਰਾਸਤ ਦੀ ਖ਼ੂਬਸੂਰਤ ਤਸਵੀਰ ਸਿਰਜੀ ਹੈ। ਇਨ੍ਹਾਂ ਆਗੂਆਂ ਨੇ ਦੇਰ ਤੋਂ ਪੰਜਾਬ ਵਿਚਲੀ ਨਾਇਕਤਵ ਦੀ ਪਿਆਸ ਨੂੰ ਕੁਝ ਸ਼ਾਂਤ ਕੀਤਾ ਹੈ। ਇਹ ਵੀ ਸਿੱਧ ਕੀਤਾ ਹੈ ਸਾਡੇ ਲੋਕਾਂ, ਖ਼ਾਸ ਕਰਕੇ ਨੌਜੁਆਨਾਂ ਨੂੰ ਕਿਸ ਹੱਦ ਤਕ ਇਸ ਤਰ੍ਹਾਂ ਦੇ ਗੁਣਾਂ ਨਾਲ ਲੈਸ ਹਸਤੀਆਂ ਦੀ ਲੋੜ ਹੈ। ਭਾਵੇਂ ਕਿਸੇ ਹੱਦ ਤਕ ਸਾਡੇ ਸਮਾਜ ਵਿਚ ਨਾਇਕਤਵ ਦੀ ਖ਼ਾਲੀ ਥਾਂ ਭਰਦੀ ਹੋਈ ਨਜ਼ਰ ਆਈ ਹੈ। ਪਰ ਸਮੁੱਚੇ ਤੌਰ 'ਤੇ ਸਾਡੇ ਲੋਕਾਂ ਸਾਹਮਣੇ, ਜਵਾਨੀ ਸਾਹਮਣੇ ਨਾਇਕਤਵ ਦਾ ਸੰਕਟ ਅਜੇ ਬਰਕਰਾਰ ਹੈ।

# ਭਾਗ II

## ਜੜ੍ਹਾਂ ਦੇ ਵਿਚ ਵਿਚਾਲੇ

ਜੜ੍ਹਾਂ ਦਾ ਨਾਮ ਲੈਂਦਿਆਂ ਹੀ ਜ਼ਿਹਨ ਵਿਚ ਕਿਸੇ ਬਿਰਖ ਦੀਆਂ ਭੂਰੀਆਂ ਮਟਿਆਲੀਆਂ ਉੱਘੜ-ਦੁੱਘੜੀਆਂ ਜੜ੍ਹਾਂ ਦੀ ਤਸਵੀਰ ਆ ਜਾਂਦੀ ਹੈ। ਗੁਰੂਤਾ ਦੀ ਖਿੱਚ ਕਾਰਨ ਧਰਤੀ ਦੇ ਅੰਦਰ ਵੱਲ ਵਧਦੀਆਂ ਜੜ੍ਹਾਂ ਚਾਰ ਚੁਫ਼ੇਰੇ ਫੈਲਦੀਆਂ ਬਿਰਖ ਨੂੰ ਸਥਿਰਤਾ ਦੇਂਦੀਆਂ ਹਨ। ਸਿਰਫ਼ ਸਥਿਰਤਾ ਹੀ ਕਿਉਂ, ਇਹ ਧਰਤੀ ਵਿਚੋਂ ਖਣਿਜ ਪਦਾਰਥ ਤੇ ਪਾਣੀ ਆਦਿ ਖਿੱਚ ਕੇ ਵੀ ਪੌਦੇ ਨੂੰ ਦੇਂਦੀਆਂ ਹਨ। ਇਹ ਪੌਦੇ ਵੱਲੋਂ ਹਰੇ ਪੱਤਿਆਂ ਨਾਲ ਆਪਣੀ ਖ਼ੁਰਾਕ ਬਣਾ ਕੇ ਸ੍ਵੈ-ਨਿਰਭਰ ਹੋ ਜਾਣ ਤਕ ਉਸ ਨੂੰ ਆਪਣੀ ਸੰਭਾਲੀ ਹੋਈ ਖ਼ੁਰਾਕ ਵੀ ਦੇਂਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਇਹ ਪੌਦੇ ਦੀ ਹੋਂਦ ਦਾ ਆਧਾਰ ਹੁੰਦੀਆਂ ਹਨ। ਪੱਤੇ ਟਾਹਣੀਆਂ ਕੱਟੇ ਜਾਣ ਤਾਂ ਜੜ੍ਹ ਨਵੇਂ ਪੁੰਗਰਾ ਲੈਂਦੀ ਹੈ। ਪਰ ਜੜ੍ਹ ਪੁੱਟੀ ਜਾਏ ਤਾਂ ਪੌਦਾ ਮੁਰਝਾ ਜਾਂਦਾ ਹੈ। ਜੜ੍ਹਾਂ ਦੀ ਪਕਿਆਈ ਸਦਕਾ ਹੀ ਕਈ ਬਿਰਖ ਹਜ਼ਾਰਾਂ ਸਾਲਾਂ ਤਕ ਜਿਉਂਦੇ ਰਹਿੰਦੇ ਹਨ। ਸੋ ਜੜ੍ਹ ਨਾਲ ਜ਼ਿੰਦਗੀ ਲੰਮੇਰੀ, ਪਕੇਰੀ, ਸਥਿਰ ਤੇ ਬੇਫ਼ਿਕਰ ਹੋ ਜਾਂਦੀ ਹੈ। ਬੂਟੇ ਦੀ ਹੋਂਦ ਹੀ ਜੜ੍ਹ ਨਾਲ ਹੈ। ਬਹੁਤ ਘੱਟ ਪੌਦੇ ਹੁੰਦੇ ਹਨ, ਜੋ ਤਨੇ ਤੋਂ ਜਾਂ ਪੱਤੇ ਤੋਂ ਜੜ੍ਹ ਪੈਦਾ ਕਰ ਸਕਦੇ ਹਨ।

ਬਨਸਪਤੀ ਜਗਤ ਵਿਚ ਜਿਹੜੇ ਪੌਦੇ ਤੇ ਜੀਵ, ਧਰਤੀ 'ਤੇ ਜੀਵਨ ਪੈਦਾ ਹੋਣ ਦੇ ਸ਼ੁਰੂਆਤੀ ਦੌਰ ਵਿਚ ਪਨਪੇ, ਉਨ੍ਹਾਂ ਵਿਚੋਂ ਕਈਆਂ ਵਿਚ ਪੌਦਿਆਂ ਤੇ ਜੀਵਾਂ ਦੋਨਾਂ ਵਾਲੇ ਗੁਣ ਮਿਲਦੇ ਹਨ। ਖੜ੍ਹੇ ਪਾਣੀ ਵਿਚ, ਧਰਤੀ ਤੇ ਪਹਿਲ ਪਲਾਹੀਂ ਪੈਦਾ ਹੋਣ ਵਾਲਾ ਇਕ ਪੌਦਾ ਮਾਰਸਿਲੀਆ ਮਿਲਦਾ ਹੈ। ਇਸ ਵਿਚ ਨਿੱਕੀਆਂ ਹਰੀਆਂ, ਬਸ ਕੁਲ ਚਾਰ ਪੱਤੀਆਂ ਹੁੰਦੀਆਂ ਹਨ ਤੇ ਉਨ੍ਹਾਂ ਦੇ ਹੇਠਾਂ ਥੋੜ੍ਹੀਆਂ ਤੇ ਨਿੱਕੀਆਂ ਜਹੀਆਂ ਕੁਝ ਬਰੀਕ ਧਾਗੇਦਾਰ ਜੜ੍ਹਾਂ। ਤਕਰੀਬਨ ਉਸੇ ਦੌਰ ਦਾ ਇਕ ਨਿੱਕਾ ਜਿਹਾ ਸੂਖ਼ਮ ਜੀਵ ਕਲੇਮੀਡੋਮੋਨਸ ਮਿਲਦਾ ਹੈ ਜੋ ਪਾਣੀ ਵਿਚ ਹੀ ਰਹਿੰਦਾ ਹੈ ਤੇ ਉਸ ਵਿਚ ਪੌਦਿਆਂ ਵਰਗਾ ਆਪਣੀ ਖ਼ੁਰਾਕ ਤਿਆਰ ਕਰਨ ਵਾਲਾ ਅੰਸ਼ ਕਲੋਰੋਫ਼ਿਲ ਵੀ ਹੁੰਦਾ ਹੈ। ਇਸ ਤੋਂ ਇਹ ਨਤੀਜਾ ਕੱਢ ਸਕਦੇ ਹਾਂ ਕਿ ਆਰੰਭਕ ਕਾਲ ਵਿਚ ਜੀਵਾਂ ਤੇ ਪੌਦਿਆਂ ਦੇ ਕਈ ਗੁਣ ਸਾਂਝੇ ਸਨ ਤੇ ਕਰਮ ਵਿਕਾਸ ਦੇ ਪੜਾਵਾਂ ਦੇ ਦੌਰਾਨ ਹੀ ਵਖਰੇਵੇਂ ਉਭਰੇ। ਇਸ ਵੇਲੇ ਜਿਥੇ ਜੜ੍ਹ ਤੇ ਹਰਿਆਲੀ ਪੌਦਿਆਂ ਦੇ ਖ਼ਾਸ ਅੰਗ ਬਣ ਗਏ, ਉਥੇ ਇਹ ਦੋਵੇਂ ਜੀਵਾਂ ਵਿਚ ਹਾਜ਼ਰ ਰਹਿੰਦਿਆਂ ਹੋਇਆਂ ਵੀ ਅੰਦਰ ਕਿਤੇ ਲੁਕ ਗਈਆਂ। ਸਾਡੇ ਅੰਦਰ ਰਚ ਕੇ ਤਾਂ ਅਦਿੱਖ ਹੋ ਗਈਆਂ। ਪਰ ਇਹ ਜੜ੍ਹਾਂ, ਗਾਹੇ-

ਬਗਾਹੇ ਕਈ ਤਰੀਕਿਆਂ ਨਾਲ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀਆਂ ਰਹਿੰਦੀਆਂ ਹਨ। ਮਨੁੱਖ ਦੇ ਅੰਦਰਲੀ ਜੜ੍ਹ ਵੀ ਉਹ ਸਾਰੇ ਕਾਰਜ ਕਰਦੀ ਹੈ ਜੋ ਬਿਰਖ ਦੀ ਜੜ੍ਹ ਉਸ ਵਾਸਤੇ ਕਰਦੀ ਹੈ। ਇਹ ਸਾਰੇ ਕੰਮ ਵਿਸ਼ਾਲ ਰੂਪ ਵਿਚ ਬੜੀ ਸਹਿਜ ਸੁਭਾਵਕਤਾ ਨਾਲ ਹੁੰਦੇ ਰਹਿੰਦੇ ਹਨ। ਅਨੁਵੰਸ਼ਕਤਾ ਦੇ ਨਿਯਮ ਅਨੁਸਾਰ ਸਾਡੇ ਵਿਚ ਅੱਧੇ ਅਰਥਾਤ 50% ਗੁਣ ਮਾਤਾ ਪਿਤਾ ਵੱਲੋਂ ਆਉਂਦੇ ਹਨ। ਪੰਝੀ ਪ੍ਰਤੀਸ਼ਤ ਦਾਦਾ ਦਾਦੀ ਤੇ ਨਾਨੀ ਨਾਨੀ ਵੱਲੋਂ ਤੇ ਫਿਰ ਸਾਢੇ 12% ਪੜਦਾਦੇ-ਪੜਦਾਦੀ ਤੇ ਪੜਨਾਨਾ ਪੜਨਾਨੀ ਵੱਲੋਂ ਤੇ ਇੰਜ ਹੀ ਇਹ ਕ੍ਰਮ ਹੋਰ ਪਿਛਲੀਆਂ ਪੀੜ੍ਹੀਆਂ ਵੱਲੋਂ ਮਿਲੇ ਗੁਣਾਂ ਦੀਆਂ ਜੜ੍ਹਾਂ ਦਾ ਚੱਲਿਆ ਆਇਆ ਪਸਾਰਾ ਹੁੰਦਾ ਹੈ। ਇਸੇ ਤਰ੍ਹਾਂ ਸਾਡੀਆਂ ਜੜ੍ਹਾਂ ਕਈ ਪੀੜ੍ਹੀਆਂ ਤਕ ਫੈਲੀਆਂ ਹੁੰਦੀਆਂ ਹਨ ਤੇ ਅਸੀਂ ਵਡੇਰਿਆਂ ਦੀ ਵਿਰਾਸਤ ਵਿਚੋਂ ਦੁਨਿਆਵੀ ਵਸਤਾਂ ਦੇ ਨਾਲ-ਨਾਲ ਉਨ੍ਹਾਂ ਦੇ ਗੁਣ ਔਗੁਣ ਵੀ ਲੈਂਦੇ ਹਾਂ। ਸਾਡੀਆਂ ਸ਼ਕਲਾਂ ਸੂਰਤਾਂ ਤੇ ਆਦਤਾਂ ਵਿਚ ਵੱਡ-ਵਡੇਰਿਆਂ ਦੀ ਪਾਹ ਹੁੰਦੀ ਹੈ। ਪੰਜਾਬੀ ਲੋਕ ਯਾਨਿਕ ਵਿਰਸੇ ਵਿਚ ਤਾਂ ਇਨ੍ਹਾਂ ਵਿਰਾਸਤੀ ਗੁਣਾਂ-ਔਗੁਣਾਂ ’ਤੇ ਟਿਕਿਆ ਪੂਰਾ ਚਿਹਨ ਵਿਗਿਆਨ ਹੈ ਜੋ ਰਿਸ਼ਤੇ-ਨਾਤੇ ਕਰਨ ਵਿਚ, ਖ਼ਾਸ ਤੌਰ ’ਤੇ ਆਪਣੀ ਭੂਮਿਕਾ ਨਿਭਾਉਂਦਾ ਰਿਹਾ ਹੈ। ਆਮ ਵਰਤਿਆ ਜਾਣ ਵਾਲਾ ਅਖਾਣ ਹੈ :

ਮਾਂ ਪੁਰ ਧੀ ਪਿਤਾ ਪੁਰ ਘੋੜਾ
ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ

ਪੁਰਾਣੇ ਬਜ਼ੁਰਗ ਤਾਂ ਇਨ੍ਹਾਂ ਚਿਹਨਾਤਮਕ ਨੁਕਤਿਆਂ ਰਾਹੀਂ ਹੀ ਗਹਿਰੇ ਭੇਤ ਸਮਝਾ ਜਾਂਦੇ ਸਨ। ਜਿਸ ਦੀ ਇਕ ਮਿਸਾਲ ਕੁਝ ਸਮਾਂ ਪਹਿਲਾਂ ਡਾਕਟਰ ਜੋਗਿੰਦਰ ਕੈਰੋਂ ਦੇ ਇਕ ਲੇਖ ਵਿਚੋਂ ਪੜ੍ਹਨ ਨੂੰ ਮਿਲੀ। ਇਕ ਕੁੜੀ ਅਤੇ ਮੁੰਡੇ ਵਿਚਕਾਰ ਇਸ਼ਕ ਹੋ ਗਿਆ ਤੇ ਉਨ੍ਹਾਂ ਨੇ ਘਰੋਂ ਭੱਜ ਜਾਣ ਦੀ ਵਿਉਂਤ ਬਣਾ ਲਈ। ਇਸ ਵਾਸਤੇ ਮੁੰਡਾ ਕਿਸੇ ਜਾਣਕਾਰ ਕੋਲੋਂ ਬੋਤੀ (ਊਠਣੀ) ਉਧਾਰੀ ਮੰਗਣ ਗਿਆ। ਅੱਗੋਂ ਬੋਤੀ ਦਾ ਮਾਲਕ ਕੋਈ ਗੁੜ੍ਹਿਆ ਹੋਇਆ ਬੰਦਾ ਸੀ। ਉਹ ਲੜਕੇ ਨੂੰ ਕਹਿਣ ਲੱਗਾ, “ਬੋਤੀ ਤੂੰ ਲੈ ਜਾ, ਇਹ ਬਹੁਤ ਵਧੀਆ ਬੋਤੀ ਹੈ। ਅੱਜ ਤਕ ਕਿਸੇ ਵੀ ਰਾਹ ਰਸਤੇ ਜਾਂਦਿਆਂ ਕਦੇ ਬੈਠੀ ਨਹੀਂ ਪਰ ਇਕ ਵਾਰ ਇਸ ਦੀ ਨਾਨੀ ਰਸਤੇ ਵਿਚ ਬਹਿ ਗਈ ਸੀ।” ਗੱਲ ਮੁੰਡੇ ਦੀ ਸਮਝ ਵਿਚ ਆ ਗਈ ਕਿ ਜਿਹੜੀ ਕੁੜੀ ਅੱਜ ਘਰੋਂ ਭੱਜਣ ਲੱਗੀ ਹੈ ਕੱਲ੍ਹ ਕਲੋਤਰ ਨੂੰ ਇਸ ਦੀ ਧੀ ਜਾਂ ਦੋਹਤੀ ਵੀ ਇਸ ਤਰ੍ਹਾਂ ਕਰ ਸਕਦੀ ਹੈ। ਨਹੀਂ ਤਾਂ ਗੱਲ ਕਰਨ ਵਾਸਤੇ ਉਦਾਹਰਣ ਤਾਂ ਬਣ ਹੀ ਜਾਏਗੀ। ਇਸ ਕਹਾਣੀ ਦੇ ਹੋਰ ਪੱਖ ਆਪਣੀ ਥਾਂ ’ਤੇ ਹਨ ਪਰ ਇਹ ਅੰਦਰੂਨੀ ਜੜ੍ਹਾਂ ਦੀ ਹੋਂਦ ਅਤੇ ਉਨ੍ਹਾਂ ਉੱਤੇ ਵਿਸ਼ਵਾਸ ਵੱਲ ਇਸ਼ਾਰਾ ਕਰ ਜਾਂਦੀ ਹੈ।

ਜੜ੍ਹਾਂ ਦੇ ਅੰਦਰਲੇ ਵਖਰੇਵੇਂ ਕਾਰਨ ਹਰ ਮਨੁੱਖ, ਇਥੋਂ ਤਕ ਕਿ ਸਕੇ ਭੈਣ-ਭਰਾਵਾਂ ਦੀਆਂ ਸ਼ਕਲਾਂ ਸੂਰਤਾਂ ਤੇ ਸੁਭਾਅ ਵੀ ਵੱਖੋ-ਵੱਖਰੇ ਹੁੰਦੇ ਹਨ। ਕੀ ਪਤਾ, ਕਿਹੜੇ ਗੁਣ, ਕਿਹੜੇ ਵੱਡੇ-ਵਡੇਰਿਆਂ ਦੇ, ਕਿਸ ਅਨੁਪਾਤ ਨਾਲ ਮਿਲ ਕੇ, ਕਿਸ ਦੀ

ਰਚਨਾ ਵਿਚ ਸ਼ਾਮਿਲ ਹੋ ਗਏ ਹੋਣ। ਅਨੁਵੰਸ਼ਕਤਾ ਕਾਰਨ ਸੁਭਾਵਾਂ ਦੇ ਵਖਰੇਵੇਂ ਨੂੰ ਦਰਸਾਉਂਦੀ ਇਕ ਕਹਾਣੀ, ਪ੍ਰਾਇਮਰੀ ਜਮਾਤਾਂ ਵਿਚ ਪੜ੍ਹੀ ਹੋਈ ਇਥੇ ਯਾਦ ਆ ਰਹੀ ਹੈ ਕਿ ਕਿਸ ਤਰ੍ਹਾਂ ਸੁਭਾਵਾਂ ਕਾਰਨ ਦਿਲਚਸਪ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਕਹਾਣੀ ਅਨੁਸਾਰ ਇਕ ਪਿੰਡ ਵਿਚ ਦੋ ਔਰਤਾਂ ਰਹਿੰਦੀਆਂ ਸਨ—ਸੀਤਾ ਤੇ ਚਤਰੋ। ਸੀਤਾ ਸੁਭਾਅ ਤੋਂ ਸੰਜਮੀ ਸੀ ਤੇ ਚਤਰੋ ਸ਼ਾਹ ਖਰਚ। ਸੀਤਾ ਕੋਲ ਇਕ ਗਾਂ ਸੀ ਤੇ ਚਤਰੋ ਕੋਲ ਚਾਰ ਮੱਝਾਂ। ਸੀਤਾ ਨੇ ਕਿਰਸ ਕਰ ਕਰ ਕੇ ਘਿਉ ਦਾ ਘੜਾ ਜਮ੍ਹਾਂ ਕਰ ਲਿਆ ਤੇ ਚਤਰੋ ਉਸ ਨੂੰ ਚੋਰੀ ਕਰਕੇ ਲੈ ਗਈ। ਸੀਤਾ ਨੇ ਪਿੰਡ ਦੀ ਪੰਚਾਇਤ ਕੋਲ ਸ਼ਿਕਾਇਤ ਕੀਤੀ। ਪਰ ਚਤਰੋ ਪੈਰਾਂ 'ਤੇ ਪਾਣੀ ਹੀ ਨਾ ਪੈਣ ਦੇਵੇ ਕਿ ਮੇਰੇ ਕੋਲ ਚਾਰ ਮੱਝਾਂ, ਇਸ ਕੋਲ ਇਕ ਗਾਂ, ਇਹਨੇ ਕਿਸ ਤਰ੍ਹਾਂ ਘਿਉ ਦਾ ਘੜਾ ਜੋੜ ਲਿਆ ? ਆਖ਼ਰ ਪੰਚਾਂ ਨੇ ਦੋਹਾਂ ਦੇ ਸੁਭਾਵਾਂ ਦਾ ਇਮਤਿਹਾਨ ਲੈਣ ਲਈ ਇਕ-ਇਕ ਛੰਨਾ ਪਾਣੀ ਦਾ ਦਿੱਤਾ ਕਿ ਇਸ ਨਾਲ ਮੂੰਹ, ਹੱਥ ਅਤੇ ਪੈਰ ਧੋ ਕੇ ਆਓ। ਸੀਤਾ ਨੇ ਸਿਆਣਪ ਅਤੇ ਜੁਗਤ ਨਾਲ ਥੋੜ੍ਹਾ ਥੋੜ੍ਹਾ ਪਾਣੀ ਵਰਤ ਕੇ ਮੂੰਹ, ਹੱਥ ਤੇ ਪੈਰ ਧੋ ਲਏ ਤੇ ਕੁਝ ਪਾਣੀ ਬਚਾ ਵੀ ਲਿਆ। ਪਰ ਚਤਰੋ ਨੇ ਹੱਥ ਧੋਂਦਿਆਂ ਹੀ ਸਾਰਾ ਪਾਣੀ ਮੁਕਾ ਦਿੱਤਾ ਤੇ ਹੋਰ ਮੰਗਣ ਚਲੀ ਗਈ। ਪੰਚਾਂ ਨੂੰ ਸਹੀ ਫ਼ੈਸਲਾ ਦੇਂਦਿਆਂ ਦੇਰ ਨਾ ਲੱਗੀ।

ਜੜ੍ਹ ਧਰਤ ਦੇ ਅੰਦਰ ਰਹਿੰਦੀ, ਆਪਣੇ ਹਰਿਆਲੇ ਵਿਸਥਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਕਿੱਥੋਂ ਤਕ ਚਲੀ ਜਾਂਦੀ ਹੈ। ਇਥੇ ਇਕ ਸਫ਼ੈਦੇ ਦੇ ਬਿਰਖ ਦੀ ਉਦਾਹਰਣ ਪੇਸ਼ ਹੈ। ਉਸ ਸਫ਼ੈਦੇ ਦੀ ਜੜ੍ਹ ਇਕ ਖ਼ਾਸ ਡੂੰਘਾਈ ਤਕ ਵਧੀ, ਪਰ ਅੱਗੇ ਪੱਥਰ ਆ ਗਏ। ਫਿਰ ਜੜ੍ਹ ਪਾਣੀ ਦੀ ਖੋਜ ਵਿਚ ਇਕ ਪਾਸੇ ਵੱਲ ਮੁੜ ਕੇ ਵਧਦੀ ਵਧਦੀ ਅੱਧਾ ਕਿਲੋਮੀਟਰ ਦੂਰ ਚਲੀ ਗਈ। ਅੱਗੇ ਇਕ ਖੂਹ ਸੀ ਤੇ ਜੜ੍ਹ ਨੇ ਆਪਣੀਆਂ ਸ਼ਾਖਾਂ ਖੂਹ ਦੇ ਅੰਦਰ ਲਟਕਾ ਦਿੱਤੀਆਂ। ਇਸ ਤੋਂ ਇਹ ਸਮਝ ਆਉਂਦੀ ਹੈ ਕਿ ਜੜ੍ਹ ਪੌਦੇ ਦਾ ਆਧਾਰ ਹੀ ਨਹੀਂ, ਅੱਤ ਦੀ ਜ਼ਿੰਮੇਵਾਰ ਵੀ ਹੈ। ਜੜ੍ਹ ਨਾਲੋਂ ਕੱਟਿਆ ਬਿਰਖ ਮਰ ਜਾਂਦਾ ਹੈ ਪਰੰਤੂ ਜੜ੍ਹ ਕਈ ਹਾਲਤ ਵਿਚ ਦੁਬਾਰਾ ਟਾਹਣੀਆਂ ਅਤੇ ਪੱਤੇ ਪੁੰਗਰਾ ਲੈਂਦੀ ਹੈ। ਉਸ ਉੱਤੇ ਪੌਦੇ ਨੂੰ ਪਾਲਣ ਦੀ ਜ਼ਿੰਮੇਵਾਰੀ ਹੀ ਨਹੀਂ, ਇਸ ਨੂੰ ਚਲਦਾ ਰੱਖਣ ਦਾ ਅਹਿਸਾਸ ਤੇ ਸਮਰੱਥਾ ਵੀ ਹੁੰਦੀ ਹੈ। ਮਨੀਪਲਾਂਟ ਵਰਗੇ ਸੁਬਕ ਜਿਹੇ ਪੌਦੇ ਦੀ ਕਮਜ਼ੋਰ ਵੇਲ ਨੂੰ ਆਸਰਾ ਤੇ ਖ਼ੁਰਾਕ ਦੇਣ ਵਾਸਤੇ ਉਸ ਦੀਆਂ ਜੜ੍ਹਾਂ ਉਸਦੀ ਲੰਬਾਈ ਦੇ ਨਾਲ-ਨਾਲ ਥਾਂ ਪਰ ਥਾਂ ਫੁਟਦੀਆਂ, ਵਧਦੀਆਂ ਚਲੀਆਂ ਜਾਂਦੀਆਂ ਹਨ, ਜਿਵੇਂ ਮਾਪੇ, ਬੱਚਿਆਂ ਦੀਆਂ ਲੋੜਾਂ ਅਤੇ ਚਾਅ ਪੂਰੇ ਕਰਦਿਆਂ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦੇ ਹਨ। ਉਨ੍ਹਾਂ ਦੀਆਂ ਖ਼ੁਸ਼ੀਆਂ ਤੇ ਖ਼ੁਸ਼ਹਾਲੀ ਚਿਤਵਦਿਆਂ ਦੇਸ਼ ਛੱਡ ਕੇ ਪਰਦੇਸੀ ਵੀ ਬਣ ਜਾਂਦੇ ਹਨ।

ਜਿਹੜੇ ਲੋਕ ਆਪਣੀ ਜਨਮ ਭੂਮੀ ਤੋਂ ਦੂਰ ਕਿਧਰੇ ਹੋਰ ਜਾ ਵਸਦੇ ਹਨ, ਸਮਾਂ ਪਾ ਕੇ ਉਨ੍ਹਾਂ ਨੂੰ ਅੰਦਰਲੀਆਂ ਜੜ੍ਹਾਂ ਦੀ ਖਿੱਚ ਵਧੇਰੇ ਮਹਿਸੂਸ ਹੋਣ ਲੱਗਦੀ ਹੈ। ਅਕਸਰ, ਪਿਛਲੇ ਦੇਸ਼ ਲਈ ਉਦਰੇਵਾਂ ਜਾਗਣ ਲੱਗਦਾ ਹੈ। ਹੱਥ ਸੌਖਾ ਹੋ ਜਾਣ ਪਿੱਛੋਂ, ਫਿਰ

ਕਈ ਲੋਕ ਇਧਰ ਆ ਕੇ ਜ਼ਮੀਨਾਂ, ਜਾਇਦਾਦਾਂ ਖਰੀਦਦੇ ਹਨ, ਵੱਡੇ-ਵੱਡੇ ਘਰ ਬਣਾਉਂਦੇ ਹਨ ਤੇ ਕਦੇ-ਕਦਾਈਂ ਆ ਕੇ ਉਨ੍ਹਾਂ ਵਿਚ ਕੁਝ ਦਿਨ ਰਹਿਣ ਦਾ ਚਾਅ ਵੀ ਪੂਰਾ ਕਰ ਜਾਂਦੇ ਹਨ। ਅਸਲ ਵਿਚ ਤਾਂ ਇਹ ਉਨ੍ਹਾਂ ਦੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਲਲ੍ਹਕ ਹੀ ਹੈ, ਜੋ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਕੰਮ ਕਰਨ ਨੂੰ ਮਜਬੂਰ ਕਰਦੀ ਹੈ। ਆਪਣੀ ਅਮਰੀਕੀ ਫੇਰੀ ਦੌਰਾਨ ਇਸ ਵਰਤਾਰੇ ਦਾ ਤਜਰਬਾ ਹੋਇਆ। ਕਈ ਦੱਖਣ ਭਾਰਤੀ ਲੋਕ ਆਮ ਤੌਰ 'ਤੇ ਸਾਡਾ ਪੰਜਾਬੀ ਪਹਿਰਾਵਾ ਵੇਖ ਕੇ ਸਾਨੂੰ ਬੁਲਾ ਲੈਂਦੇ ਸਨ ਤੇ ਭਾਰਤ ਬਾਰੇ ਸਾਡੇ ਨਾਲ ਅੰਗਰੇਜ਼ੀ ਜਾਂ ਟੁੱਟੀ ਫੁੱਟੀ ਹਿੰਦੀ ਵਿਚ ਗੱਲਾਂ ਕਰਨ ਲੱਗਦੇ। ਸਾਡੇ ਵਿਚਕਾਰ ਪਿੱਛੋਂ ਇਕੋ ਦੇਸ਼ ਦੇ ਹੋਣ ਕਾਰਨ ਕੋਈ ਸਾਂਝੀ ਤੰਦ ਜੁੜ ਜਾਂਦੀ ਸੀ। ਇਹ ਉਨ੍ਹਾਂ ਦਾ ਆਪਣੀਆਂ ਛੁੱਟੀਆਂ ਜੜ੍ਹਾਂ ਵਾਸਤੇ ਤਰਸੇਵਾਂ ਹੀ ਤਾਂ ਸੀ।

ਪਰਦੇਸ ਵਿਚ ਰਹਿੰਦਿਆਂ ਦੇਸ਼ ਦੀ ਕਿਸੇ ਵੀ ਛੋਹ ਵਾਸਤੇ ਬੰਦੇ ਦਾ ਤਰਸੇਵਾਂ ਕਿਹੋ ਜਿਹਾ ਹੁੰਦਾ ਹੈ, ਇਸ ਦੀ ਇਕ ਮਿਸਾਲ, ਕੁਝ ਦਿਨ ਪਹਿਲਾਂ ਕਿਸੇ ਜਾਣਕਾਰ ਨੇ ਦਿੱਤੀ। ਉਨ੍ਹਾਂ ਦੇ ਬੇਟੀ ਤੇ ਦਾਮਾਦ ਆਪਣੇ ਪੰਜ ਸਾਲ ਦੇ ਬੇਟੇ ਨਾਲ ਆਇਰਲੈਂਡ ਵਿਚ ਰਹਿੰਦੇ ਹਨ। ਜਿਥੇ ਉਹ ਰਹਿੰਦੇ ਹਨ, ਉਥੇ ਪੰਜਾਬੀ ਕੋਈ ਘੱਟ ਹੀ ਨਜ਼ਰ ਆਉਂਦਾ ਹੈ। ਇਕ ਦਿਨ ਉਨ੍ਹਾਂ ਦੀ ਬੇਟੀ ਆਪਣੇ ਬੱਚੇ ਨੂੰ ਸਕੂਲ ਤੋਂ ਲੈ ਕੇ, ਪੈਦਲ ਹੀ ਘਰ ਨੂੰ ਜਾ ਰਹੀ ਸੀ। ਰਾਹ ਵਿਚ ਉਹ ਉਸ ਨਾਲ ਪੰਜਾਬੀ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰਦੀ ਜਾ ਰਹੀ ਸੀ। ਇਕ ਆਦਮੀ ਉਨ੍ਹਾਂ ਦੀ ਗੱਲਬਾਤ ਸੁਣ ਕੇ ਪਿੱਛੇ-ਪਿੱਛੇ ਤੁਰਦਾ ਉਨ੍ਹਾਂ ਦੇ ਘਰ ਹੀ ਪਹੁੰਚ ਗਿਆ। ਉਥੇ ਜਾ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਮੈਂ ਵੀ ਪਿੱਛੋਂ ਗੁਰਦਾਸਪੁਰ ਜ਼ਿਲ੍ਹੇ ਦਾ ਹਾਂ ਤੇ ਤੁਹਾਨੂੰ ਪੰਜਾਬੀ ਬੋਲਦਿਆਂ ਸੁਣ ਕੇ ਪਿੱਛੇ ਤੁਰ ਆਇਆ ਹਾਂ।

ਕਈ ਵਾਰ ਪਰਵਾਸੀ ਪੰਜਾਬੀਆਂ ਦਾ ਇਹ ਪਿਛੋਕੜ ਮੋਹ ਬੜੀ ਦੂਰ ਤਕ ਚਲਾ ਜਾਂਦਾ ਹੈ ਅਤੇ ਕਈ ਹੱਦਾਂ ਪਾਰ ਕਰ ਜਾਂਦਾ ਹੈ। ਉਹ ਲੋਕ ਆਪਣੇ ਬਾਲ ਬੱਚਿਆਂ ਦੇ ਰਿਸ਼ਤੇ ਨਾਤੇ ਇਧਰ ਕਰਨ ਆਉਂਦੇ ਹਨ। ਇਥੋਂ ਤਕ ਤਾਂ ਠੀਕ ਹੈ, ਪਰ ਕਈ ਕੇਸਾਂ ਵਿਚ ਉਹ ਹੋਣ ਵਾਲੇ ਰਿਸ਼ਤੇਦਾਰਾਂ ਦੇ ਦਾਦਕਿਆਂ, ਨਾਨਕਿਆਂ ਦੀਆਂ ਜਾਤਾਂ ਗੋਤਾਂ ਖੋਦਣ ਵਾਸਤੇ ਦੂਰ ਤਕ ਜਾਂਦੇ ਹਨ। ਇਹ ਠੀਕ ਹੈ ਕਿ ਇਧਰ ਵੀ ਧੋਖਾ ਧੜੀਆਂ ਕਰਨ ਵਾਲੇ ਕਈ ਬਹੁਤ ਸ਼ਾਤਰ ਲੋਕ ਬੈਠੇ ਹੁੰਦੇ ਹਨ, ਜੋ ਆਪ ਬਾਹਰ ਜਾਣ ਦੇ ਚੱਕਰ ਵਿਚ ਦਾਅ ਲਾਉਣ ਵਾਸਤੇ ਤਿਆਰ-ਬਰ-ਤਿਆਰ ਹੁੰਦੇ ਹਨ। ਪਰੰਤੂ ਕਈ ਵਾਰ, ਉਮਰ ਭਰ ਪੱਛਮੀ ਦੇਸ਼ਾਂ ਵਿਚ ਰਹਿਣ ਅਤੇ ਆਪਣੇ ਆਧੁਨਿਕ ਹੋਣ ਦਾ ਭਰਮ ਪਾਲਣ ਦੇ ਬਾਵਜੂਦ ਵੀ ਉਧਰ ਦੇ ਲੋਕ, ਜਾਤਾਂ ਗੋਤਾਂ ਦੀ ਲੀਹ ਦੇ, ਇਧਰ ਵਾਲੇ ਲੋਕਾਂ ਨਾਲੋਂ ਕਿਤੇ ਵਧੇਰੇ ਪੈਰੋਕਾਰ ਹੁੰਦੇ ਹਨ। ਸ਼ਾਇਦ ਇਹ ਉਨ੍ਹਾਂ ਦਾ ਆਪਣੀਆਂ ਜੜ੍ਹਾਂ ਤੋਂ ਦੂਰ ਚਲੇ ਜਾਣ ਦਾ ਅੰਦਰਲਾ ਸੰਤਾਪ, ਉਨ੍ਹਾਂ ਨੂੰ ਪੁਰਾਣੇ ਸਭ ਕੁਝ ਨਾਲ, ਉਸੇ ਪੁਰਾਣੇ ਰੂਪ ਵਿਚ ਹੀ ਜੁੜੇ ਰਹਿਣ ਵਾਸਤੇ ਮਜਬੂਰ ਕਰਦਾ ਰਹਿੰਦਾ ਹੈ। ਪਰਵਾਸੀ

ਪਰਿਵਾਰਾਂ ਦੇ ਘਰਾਂ ਵਿਚ ਅਕਸਰ ਉਨ੍ਹਾਂ ਦੀਆਂ ਜਾਤਾਂ ਤੇ ਗੋਤਾਂ ਦੇ ਪਿਛੋਕੜ ਬਾਰੇ ਕਿਤਾਬਾਂ ਮਿਲਦੀਆਂ ਹਨ। ਅਸੀਂ ਪਰਦੇਸਾਂ ਵਿਚ ਰਹਿੰਦਿਆਂ ਜਾਂ ਪਿੰਡ ਛੱਡ ਕੇ ਸ਼ਹਿਰਾਂ ਵਿਚ ਆ ਕੇ ਵੀ, ਘਰਾਂ ਵਿਚ ਚਰਖੇ, ਛੰਨੇ, ਗਾਗਰਾਂ, ਵਲਟੋਹੀਆਂ ਤੇ ਬਾਗ਼ ਫੁਲਕਾਰੀਆਂ ਆਦਿ ਸਾਂਭ-ਸਾਂਭ ਰੱਖਦੇ ਹਾਂ। ਇਹ ਸਾਡੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਖਿੱਚ ਦੇ ਹੀ ਪ੍ਰਤੀਕ ਹਨ। ਇਤਿਹਾਸ ਕੀ ਹੈ ? ਇਹ ਸਾਡੀਆਂ ਜੜ੍ਹਾਂ ਹੀ ਤਾਂ ਹਨ।

ਜੜ੍ਹਾਂ ਦੀ ਸਿਮਟਣ ਅਤੇ ਫੈਲਣ ਸ਼ਕਤੀ ਅਥਾਹ ਹੁੰਦੀ ਹੈ। ਵੱਡੇ ਤੋਂ ਵੱਡੇ ਬਿਰਖ ਦੀ ਜੜ੍ਹ, ਟਾਹਣੀਆਂ ਅਤੇ ਪੱਤਿਆਂ ਦੀ ਆਪਣੀ ਸਾਰੀ ਵਿਸ਼ਾਲਤਾ ਸਮੇਤ, ਨਿੱਕੇ ਜਿਹੇ ਬੀਜ ਅੰਦਰ ਸਿਮਟੀ ਹੁੰਦੀ ਹੈ। ਸਾਡੇ ਅਤੀਤ ਦੀਆਂ ਜੜ੍ਹਾਂ ਵੀ ਅਦਿੱਖ ਰੂਪ ਵਿਚ ਕਈ ਵਾਰ ਅੰਦਰ ਵੱਲ ਵਧਦੀਆਂ ਵਧਦੀਆਂ, ਬਾਹਰ ਵੱਲ ਵੀ ਵਧ ਕੇ ਵਰਤਮਾਨ ਅਤੇ ਭਵਿੱਖ ਉੱਤੇ ਕਬਜ਼ਾ ਕਰ ਲੈਂਦੀਆਂ ਹਨ। ਨਤੀਜੇ ਸੁਖਦਾਈ ਜਾਂ ਦੁਖਦਾਈ ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ। ਜਿਵੇਂ ਸ਼ਿਵਾ ਜੀ ਦੀ ਮਾਂ ਨੇ ਬਚਪਨ ਵਿਚ ਉਸ ਨੂੰ ਬੀਰ ਰਸ ਭਰੀਆਂ ਕਹਾਣੀਆਂ ਸੁਣਾ-ਸੁਣਾ ਕੇ ਉਸਦੇ ਅੰਦਰ ਬਹਾਦਰੀ ਦੇ ਅਜਿਹੇ ਬੀਜ ਬੀਜੇ ਕਿ ਸਮਾਂ ਪਾ ਕੇ ਜਦੋਂ ਉਹ ਬਿਰਖ ਬਣ ਕੇ ਉਸ ਦੀ ਸ਼ਖ਼ਸੀਅਤ ਦਾ ਹਿੱਸਾ ਬਣੇ ਤਾਂ ਉਹ ਕਾਮਯਾਬ ਜਰਨੈਲ ਬਣਿਆ। ਦੂਜੇ ਪਾਸੇ ਅਤੀਤ ਦੇ ਕਿਸੇ ਮਾੜੇ ਤਜਰਬੇ ਦੀਆਂ ਜੜ੍ਹਾਂ ਵੀ ਮਨੁੱਖ ਦੇ ਅੰਦਰ ਕਈ ਵਾਰ ਅਜਿਹਾ ਜਮਘਟ ਬੁਣਦੀਆਂ ਹਨ ਕਿ ਉਸ ਲਈ ਉਨ੍ਹਾਂ ਦੇ ਅਸਰ ਤੋਂ ਮੁਕਤ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਦੁਨੀਆਂ ਦੇ ਮਹਾਨ ਮੰਨੇ ਜਾਂਦੇ ਜਰਨੈਲਾਂ ਵਿਚੋਂ ਇਕ, ਨੈਪੋਲੀਅਨ ਜੋ ਸਾਰੀ ਦੁਨੀਆ ਜਿੱਤ ਲੈਣ ਦਾ ਸੁਪਨਾ ਮਨ ਵਿਚ ਲੈ ਕੇ ਘਰੋਂ ਨਿਕਲਿਆ ਸੀ, ਆਪਣੇ ਮਨ ਅੰਦਰ ਬਚਪਨ ਦੀ ਇਕ ਘਟਨਾ ਕਾਰਨ ਬੈਠ ਗਏ ਡਰ ਦੀਆਂ ਜੜ੍ਹਾਂ ਦੇ ਜਾਲ 'ਚੋਂ ਕਦੇ ਮੁਕਤ ਨਾ ਹੋ ਸਕਿਆ। ਜਦੋਂ ਉਹ ਸੱਤਾਂ ਮਹੀਨਿਆਂ ਦਾ ਸੀ, ਉਸ ਦੇ ਉੱਪਰੋਂ ਇਕ ਬਿੱਲੀ ਛਲਾਂਗ ਮਾਰ ਕੇ ਨਿਕਲ ਗਈ ਸੀ। ਇਸ ਕਾਰਨ ਉਸ ਦਾ ਬਾਲ ਮਨ ਏਨਾ ਡਰ ਗਿਆ ਸੀ ਕਿ ਸਾਰੀ ਉਮਰ ਉਹ ਬਿੱਲੀ ਨੂੰ ਵੇਖ ਕੇ ਹੀ ਘਬਰਾ ਜਾਂਦਾ ਰਿਹਾ। ਜਦੋਂ ਅੰਗਰੇਜ਼ਾਂ ਨਾਲ ਉਸ ਦੀਆਂ ਫ਼ੌਜਾਂ ਦੀ ਘਮਾਸਾਨ ਦੀ ਜੰਗ ਚੱਲ ਰਹੀ ਸੀ ਤੇ ਉਸੇ ਦਾ ਪੱਲੜਾ ਭਾਰੀ ਜਾਪ ਰਿਹਾ ਸੀ। ਉਸ ਵੇਲੇ ਅੰਗਰੇਜ਼ ਸੈਨਾਪਤੀ ਨੈਲਸਨ ਨੂੰ ਉਸਦੀ ਬਿੱਲੀ ਵਾਲੀ ਕਮਜ਼ੋਰੀ ਦਾ ਪਤਾ ਲੱਗ ਗਿਆ। ਉਸਨੇ ਆਪਣੇ ਬੰਦਿਆਂ ਰਾਹੀਂ ਸੱਤਰ ਜੰਗਲੀ ਬਿੱਲੀਆਂ ਪਕੜਵਾ ਕੇ ਨੈਪੋਲੀਅਨ ਦੇ ਸਾਹਮਣੇ ਜਿਹੇ ਕਰਕੇ ਉਸਦੀ ਫ਼ੌਜ ਵਿਚ ਛੁਡਵਾ ਦਿੱਤੀਆਂ। ਬਿੱਲੀਆਂ ਨੂੰ ਵੇਖ ਕੇ ਭੈ ਨਾਲ ਨੈਪੋਲੀਅਨ ਦੀ ਹਾਲਤ ਇਕਦਮ ਖ਼ਰਾਬ ਹੋ ਗਈ ਤੇ ਉਹ ਆਪਣੇ ਸੈਨਾਪਤੀ ਨੂੰ ਇਹ ਕਹਿ ਕੇ ਆਪਣੇ ਤੰਬੂ ਵਿਚ ਚਲਾ ਗਿਆ ਕਿ ਉਸਦੀ ਤਬੀਅਤ ਖ਼ਰਾਬ ਹੈ। ਉਸਦੇ ਜਾਣ ਦੀ ਦੇਰ ਸੀ ਕਿ ਉਸਦੀ ਫ਼ੌਜ ਦਾ ਮਨੋਬਲ ਡਿੱਗ ਗਿਆ ਅਤੇ ਫ਼ੌਜਾਂ ਖਿੰਡ ਪੁੰਡ ਗਈਆਂ। ਇਸ ਤਰ੍ਹਾਂ ਮਨ ਵਿਚ ਜੜ੍ਹਾਂ ਪਸਾਰ ਕੇ ਬੈਠੇ ਡਰ ਕਾਰਨ ਇਕ ਬਹਾਦਰ ਜਰਨੈਲ ਜਿੱਤੀ ਹੋਈ ਬਾਜ਼ੀ ਹਾਰ

ਗਿਆ। ਅਜਿਹੀਆਂ ਨਾਕਾਰਾਤਮਕ ਵਰਤਾਰਿਆਂ ਵਾਲੀਆਂ ਭਾਵਨਾਵਾਂ ਅਮਰਵੇਲ ਵਾਂਗ ਜ਼ਿੰਦਗੀ ਦਾ ਰਸ ਚੂਸ ਲੈਂਦੀਆਂ ਹਨ।

ਕਈ ਵਾਰ ਕਈ ਸੁਪਨੇ ਵੀ ਆਪਣਾ ਸਾਮਰਾਜ ਸਾਡੇ ਅੰਦਰ ਇੰਜ ਫੈਲਾਉਂਦੇ ਹਨ ਕਿ ਉਹ ਅਤਿਅੰਤ ਉਤਸ਼ਾਹ ਦੇ ਕੇ ਜੀਵਨ ਦੀਆਂ ਬੁਲੰਦੀਆਂ ਤਕ ਪਹੁੰਚਾ ਸਕਦੇ ਹਨ। ਕਿਸੇ ਲੇਖਕ ਜਾਂ ਕਲਾਕਾਰ ਦੀਆਂ ਜੜ੍ਹਾਂ ਵੀ, ਉਸ ਦੀ ਸੋਚ, ਅਨੁਭਵ, ਅਤੀਤ, ਸੁਪਨਿਆਂ ਤੇ ਯਾਦਾਂ ਦੇ ਕਾਕੂਨ ਵਿਚੋਂ ਨਿਕਲ ਕੇ ਹੀ ਆਪਣਾ ਰੇਸ਼ਮ ਖਿਲਾਰਦੀਆਂ ਹਨ। ਜਿਵੇਂ ਮਰਹੂਮ ਸ਼ਾਇਰ ਸ਼ਿਵ ਕੁਮਾਰ ਦੀ ਜ਼ਿੰਦਗੀ ਦੀ ਸਾਹਿਤ ਰਚਨਾ ਉਦਾਸੀ ਤੇ ਵੈਰਾਗ ਨੂੰ ਸਮਰਪਿਤ ਹੋ ਗਈ ਤੇ ਭਾਈ ਵੀਰ ਸਿੰਘ ਆਪਣੀ ਸੋਚ ਅਤੇ ਅਨੁਭਵ ਕਾਰਨ ਕੁਦਰਤ ਨੂੰ ਸਮਰਪਿਤ ਕਾਵਿ ਰਚਨਾ ਕਰਦਾ ਰਿਹਾ।

ਸਾਡੀ ਮੌਜੂਦਾ ਜ਼ਿੰਦਗੀ ਦੀਆਂ ਜੜ੍ਹਾਂ ਸਾਡੇ ਪੁਰਖੇ ਹਨ ਜੋ ਅਜੋਕੇ ਮਾਹੌਲ ਦੀ ਹਵਾ ਵਿਚ ਆਪਣੇ ਹੀ ਹੱਥੀਂ ਸਿਰਜੇ ਆਪਣੇ ਹੀ ਹਰੇ ਭਰੇ ਹਿੱਸੇ ਤੋਂ ਟੁੱਟ ਜਾਣ ਦਾ ਦਰਦ ਹੰਢਾਉਂਦੀਆਂ ਹੋਈਆਂ ਸੁੱਕ ਰਹੀਆਂ ਹਨ। ਜੋ ਹਾਲਤ ਆਪਣੀ ਜਿੰਦ ਜਾਨ ਨਾਲ ਸਿਰਜੇ ਬੂਟੇ ਦੇ ਉਪਰੋਂ ਕੱਟੇ ਜਾਣ ਪਿੱਛੋਂ, ਸੁੱਕੀ ਮਿੱਟੀ ਵਿਚ ਕੁਸਦੀ ਜੜ੍ਹ ਦੀ ਹੁੰਦੀ ਹੈ, ਓਹੋ ਇਹ ਪੀੜ੍ਹੀ ਭੋਗਣ ਨੂੰ ਮਜਬੂਰ ਹੈ। ਨਹੀਂ ਤਾਂ ਅੱਜ ਕੱਲ੍ਹ ਧੜਾਧੜ ਵਧ ਰਹੇ ਬਿਰਧ ਘਰਾਂ ਦਾ ਤਾਂ ਵਿਚਾਰ ਵੀ ਸਾਡੇ ਸਭਿਆਚਾਰ ਵਿਚ ਕਿਤੇ ਨਹੀਂ ਸੀ। ਮਾਪੇ ਰੂਪੀ ਜੜ੍ਹਾਂ ਨੇ ਤਾਂ ਆਪਣੀ ਮਿੱਟੀ ਵਿਚ ਪਏ ਇੱਟਾਂ ਪੱਥਰਾਂ ਨਾਲ ਵੀ ਸਿੱਝਣਾ ਹੁੰਦਾ ਹੈ ਤੇ ਆਪਣੀ ਹਰਿਆਲੀ ਦੀ ਸਲਾਮਤੀ ਖ਼ਾਤਰ ਬਾਹਰਲੇ ਹਾਲਾਤ ਨਾਲ ਵੀ। ਜੇ ਅਜੋਕੀ ਪੀੜ੍ਹੀ ਉਨ੍ਹਾਂ ਦੀ ਖ਼ਾਤਰ ਹੀ ਸੰਘਰਸ਼ ਕਰਕੇ ਥੱਕੀ ਹੋਈ ਪੀੜ੍ਹੀ ਨੂੰ, ਅਣਗੌਲਿਆਂ ਕਰੇਗੀ ਤਾਂ ਉਹ ਆਪਣੇ ਵਾਸਤੇ ਵੀ ਸੰਤਾਪ ਦੇ ਬੀਜ ਬੀਜਣ ਦੀ ਜ਼ਿੰਮੇਵਾਰ ਹੋ ਸਕਦੀ ਹੈ।

ਮਨੁੱਖ ਦੇ ਅੰਦਰ ਵੀ, ਸ਼ਾਇਦ ਬ੍ਰਹਿਮੰਡ ਵਿਚ ਫੈਲੇ ਅੰਸ਼ਾਂ ਦੀਆਂ ਜੜ੍ਹਾਂ ਲਿਪਟਦੀਆਂ ਰਹਿੰਦੀਆਂ ਹਨ ਜਾਂ ਕਹਿ ਲਈਏ ਕਿ ਮਨੁੱਖ ਵੀ ਸ੍ਰਿਸ਼ਟੀ ਦੀਆਂ ਬ੍ਰਹਿਮੰਡ ਵਿਚਲੀਆਂ ਵਿਸ਼ਾਲ ਜੜ੍ਹਾਂ ਦਾ ਇਕ ਹਿੱਸਾ ਹੈ ਤੇ ਪਤਾ ਨਹੀਂ, ਇਸ ਵਿਸ਼ਾਲ ਮੰਡਲ ਦੇ ਕਿਹੜੇ ਕੋਨੇ ਵਿਚੋਂ ਤੇ ਕਿਸ ਤਰ੍ਹਾਂ ਧਰਤੀ 'ਤੇ ਆਇਆ ਹੈ। ਸ਼ਾਇਦ ਉਹ ਅੰਦਰਲੇ ਖ਼ਲਾਅ ਤੋਂ ਪਾਰ ਜਾ ਕੇ ਤਾਰਾ ਮੰਡਲਾਂ, ਆਕਾਸ਼ ਗੰਗਾਵਾਂ ਨੂੰ ਫੋਲਦਾ, ਗਾਹੁੰਦਾ ਹੋਇਆ ਥੌਂਹੇ ਆਪਣੀਆਂ ਕਿੱਥੇ ਕਿੱਥੇ ਖਿਲਰੀਆਂ ਜੜ੍ਹਾਂ ਤੇ ਉਨ੍ਹਾਂ ਦੇ ਹੋਰ ਅੰਸ਼ਾਂ ਦੀ ਖਿੱਚ ਦਾ ਮਾਰਿਆ ਹੀ ਉਨ੍ਹਾਂ ਦੀ ਤਲਾਸ਼ ਵਿਚ ਹੈ।

# ਤ੍ਰਿਕਾਲਾਂ ਦਾ ਜਾਦੂ

ਹਰ ਜਾਨਦਾਰ, ਗਤੀਸ਼ੀਲ ਰਹਿਣ ਪਿੱਛੋਂ ਇਕ ਠਹਿਰਾਅ ਵੱਲ ਰੁਚਿਤ ਹੁੰਦਾ ਹੈ। ਇਸ ਧਰਤੀ 'ਤੇ ਵੱਸਦੇ ਅਰਥਾਤ ਸਾਡਾ ਜੀਵਾਂ ਦਾ ਗਤੀਸ਼ੀਲ ਦਾਇਰਾ ਜ਼ਿਆਦਾਤਰ ਸੂਰਜ ਚੜ੍ਹਨ ਤੇ ਛਿਪਣ ਦੇ ਸਮੇਂ ਦੀਆਂ ਸੀਮਾਵਾਂ ਨਾਲ ਆਪਣੇ ਕਿਨਾਰੇ ਮੇਲਦਾ ਹੈ। ਸੂਰਜ ਤਾਂ ਖ਼ੈਰ ਚੜ੍ਹਿਆ ਹੀ ਰਹਿੰਦਾ ਹੈ, ਬਸ ਧਰਤੀ ਆਪਣੇ ਜਨਮਦਾਤੇ ਪਿਤਾ ਗੁਰੂ ਦੇ ਚੁਫ਼ੇਰ ਚੱਕਰ ਕੱਢਦੀ ਕੱਢਦੀ, ਕਿਸੇ ਕੁਸ਼ਲ ਨ੍ਰਤਕੀ ਵਾਂਗ ਆਪਣੇ ਦੁਆਲੇ ਵੀ ਭਉਂ-ਬੱਲੀਆਂ ਲਾਈ ਜਾਂਦੀ ਤੇ ਆਪਣੀਆਂ ਵੱਖੀਆਂ 'ਤੇ ਚਾਨਣ ਹਨੇਰੇ ਬਦਲਾਉਂਦੀ ਰਹਿੰਦੀ ਹੈ। ਕਦੀ ਇਕ ਪਾਸਾ ਸੂਰਜ ਦੇ ਸਾਹਮਣੇ ਆਉਂਦਾ ਹੈ ਤੇ ਕਦੇ ਉਸ ਤੋਂ ਉਲਟਾ। ਜਿਹੜਾ ਵੀ ਪਾਸਾ ਦਸ ਬਾਰ੍ਹਾਂ ਘੰਟੇ ਆਪਣੇ ਆਪ ਨੂੰ ਸੂਰਜ ਦੀ ਰੌਸ਼ਨੀ ਨਾਲ ਤਰ-ਬ-ਤਰ ਕਰਨ ਪਿੱਛੋਂ, ਸੂਰਜ ਤੋਂ ਦੂਰ ਹੋਣ ਲੱਗਦਾ ਹੈ, ਉਸ ਪਾਸੇ ਦੀ ਧੁੱਪ ਦੀ ਤੇਜ਼ੀ ਸ਼ਾਂਤ ਹੋਣ ਦੀ ਸੋਅ ਦੇ ਨਾਲ ਹੀ ਹਨੇਰਾ ਉਧਰ ਦਾ ਰੁਖ ਕਰਦਾ ਹੈ, ਪਰ ਅਜੇ ਪਹੁੰਚਿਆ ਨਹੀਂ ਹੁੰਦਾ। ਇਹ ਹਨੇਰੇ, ਦਿਨ ਤੇ ਰਾਤ ਦਾ ਸੰਧੀ ਕਾਲ, ਦੋਹਾਂ ਦੇ ਮੇਲ ਤੋਂ ਉਪਜਿਆ ਵੇਲਾ—ਸ਼ਾਮ, ਸੰਧਿਆ, ਸੰਝ, ਆਥਣ ਜਾਂ ਤ੍ਰਿਕਾਲਾਂ ਦਾ ਸਮਾਂ ਹੈ। ਇਸ ਸਮੇਂ ਧਰਤੀ ਦੇ ਕਿਸੇ ਟੋਟੇ ਨੂੰ ਦਿਨ ਭਰ ਅਨੇਕ ਚਾਨਣੇ ਰੰਗਾਂ ਨਾਲ ਨੁਹਾ ਕੇ ਅਨੇਕ ਕਾਰਜਾਂ ਦਾ ਕਰਤਾ ਬਣਨ ਪਿੱਛੋਂ, ਸੂਰਜ ਉਸ ਖਿੱਤੇ ਦਾ ਨਿਜ਼ਾਮ ਤੇ ਮੁਕਾਮ ਬਦਲਦਾ ਹੈ। ਚਾਨਣ ਹਨੇਰੇ ਪਾਰੀਆਂ ਬਦਲਦੇ ਇਕ ਅਰਧ ਗੋਲੇ ਤੋਂ ਧਰਤੀ ਦੇ ਦੂਜੇ ਅਰਧ ਗੋਲੇ ਵੱਲ ਸਰਕਦੇ ਹਨ ਤੇ ਇਹ ਪਰਿਕਰਮਾ ਦਿਨ ਰਾਤ ਸਿਰਜੀ ਜਾਂਦੀ ਰਹਿੰਦੀ ਹੈ।

ਗੁਰਬਾਣੀ ਵਿਚ ਇਸ ਸਮੇਂ ਨੂੰ ਪ੍ਰਮਾਤਮਾ ਦੀ ਸ਼ੁਕਰਗੁਜ਼ਾਰੀ ਦਾ ਸਮਾਂ ਮੰਨਿਆ ਗਿਆ ਹੈ। ਦਿਨ ਤੋਂ ਪਿੱਛੋਂ, ਆਰਾਮ ਕਰਨ ਨੂੰ ਬਣਾਈ ਰਾਤ ਵਾਸਤੇ ਪ੍ਰਮਾਤਮਾ ਦਾ ਸ਼ੁਕਰੀਆ ਕੀਤਾ ਗਿਆ ਹੈ।

"ਜਿਨ ਦਿਨ ਕਰਕੇ ਕੀਤੀ ਰਾਤ"

ਤੇ ਰਾਤ ਦੀ ਸਰਦਲ ਦੇ ਇਸ ਸ਼ਾਮ ਦੇ ਵਕਤ ਨੂੰ ਰਹਿਰਾਸ ਦਾ ਵੇਲਾ ਕਿਹਾ ਗਿਆ ਹੈ।

"ਹਰ ਕੀਰਤਿ ਹਮਰੀ ਰਹਰਾਸਿ (ਰਹਿ-ਰਾਸਿ)"

ਇਹ ਕਹਿ ਕੇ ਪ੍ਰਮਾਤਮਾ ਦੀ ਉਸਤਤ ਨੂੰ ਜੀਵਨ ਪੂੰਜੀ ਦੱਸਦਿਆਂ ਤੇ ਤ੍ਰਿਕਾਲਾਂ

ਦੇ ਸਮੇਂ ਨੂੰ ਰਹਰਾਸਿ ਦਾ ਵਕਤ ਨਿਸ਼ਚਿਤ ਕਰਕੇ, ਇਨ੍ਹਾਂ ਘੜੀਆਂ ਨੂੰ ਵਡਿਆਇਆ ਗਿਆ ਹੈ।

ਅਸਲ ਵਿਚ ਤਾਂ ਤ੍ਰਿਕਾਲਾਂ ਸਰਘੀ ਵਾਂਗ ਸਾਰੇ ਬ੍ਰਹਿਮੰਡ ਵਿਚ ਵਿਆਪਤ ਹਨ। ਉਂਜ ਤਾਂ ਸਰਘੀ ਤੇ ਤ੍ਰਿਕਾਲਾਂ ਦੋਵੇਂ ਸਕੀਆਂ ਭੈਣਾਂ ਹਨ ਤੇ ਭੈਣਾਂ ਵੀ ਇਵੇਂ ਕਿ ਇਕ ਬਿਨਾਂ ਦੂਜੀ ਦੇ ਵਜੂਦ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਤ੍ਰਿਕਾਲਾਂ ਆਉਣਗੀਆਂ ਤਾਂ ਰਾਤ ਆਏਗੀ ਤੇ ਸਵੇਰ ਦੀ ਆਸ ਹੋਵੇਗੀ। ਇਕ ਆਏਗੀ ਤਾਂ ਦੂਜੀ ਦਾ ਵੀ ਰਸਤਾ ਬਣੇਗਾ। ਹਨੇਰੇ ਦੀ ਹੋਂਦ ਬਿਨਾਂ ਚਾਨਣ ਦੀ ਵੀ ਕੋਈ ਕਦਰ ਨਹੀਂ ਰਹੇਗੀ। ਪੁਰਾਣੇ ਸਮੇਂ ਵਿਚ ਤਾਂ ਭਿਅੰਕਰ ਤੋਂ ਭਿਅੰਕਰ ਯੁੱਧ ਵੀ ਰਾਤ ਸਮੇਂ ਰੋਕ ਕੇ ਲੋੜੀਂਦਾ ਆਰਾਮ ਸੈਨਿਕਾਂ ਨੂੰ ਦਿੱਤਾ ਜਾਂਦਾ ਸੀ।

ਪਰ ਸਾਡੇ ਪੰਜਾਬੀ ਲੋਕ ਮਾਨਸ ਵਿਚ ਤ੍ਰਿਕਾਲਾਂ ਨੂੰ ਸ਼ੁਭ ਨਹੀਂ ਸਮਝਿਆ ਜਾਂਦਾ। ਸ਼ਾਇਦ ਪੰਜਾਬੀਆਂ ਦੇ ਉਦਮੀ ਤੇ ਮਿਹਨਤੀ ਸੁਭਾਅ ਕਾਰਨ ਇਹ ਵਿਚਾਰ ਪਨਪਿਆ ਹੋਵੇ ਕਿ ਸ਼ਾਮ ਪੈਂਦਿਆਂ ਮਿਹਨਤਾਂ ਤੇ ਚੁਣੌਤੀਆਂ ਠਹਿਰ ਜਾਂਦੀਆਂ ਤੇ ਜ਼ਿੰਦਗੀ ਨੀਂਦ ਦੀ ਆਗੋਸ਼ ਵਿਚ ਜਾਣ ਦਾ ਇਸਰਾਰ ਕਰਨ ਲੱਗਦੀ ਹੈ। ਮੈਨੂੰ ਯਾਦ ਹੈ ਕਿ ਬਚਪਨ ਵਿਚ ਰਾਤ ਨੂੰ ਕਿਸੇ ਸਲਾਹ ਕਰਨ ਦੀ ਗੱਲ ਹੀ ਛੇੜ ਬੈਠੋ ਤਾਂ ਕੋਈ ਵੱਡਾ ਵਡੇਰਾ ਝੱਟ ਟੋਕ ਦੇਂਦਾ ਕਿ ਰਾਤ ਵੇਲੇ ਦੀ ਕੀਤੀ ਸਲਾਹ ਨੇਪਰੇ ਨਹੀਂ ਚੜ੍ਹਦੀ।

ਮੈਂ ਸ਼ਾਮ ਦੀ ਖ਼ੂਬਸੂਰਤੀ ਨੂੰ ਪਹਿਲੀ ਵਾਰ ਕਈ ਸਾਲ ਪਹਿਲਾਂ ਇਕ ਸ਼ਾਮ ਪਿੰਡ ਤੋਂ ਵਾਪਸ ਆਉਂਦਿਆਂ ਸਕੂਟਰ ਦੇ ਪਿੱਛੇ ਬੈਠਿਆਂ ਤੱਕਿਆਂ ਤੇ ਬਸ ਕੀਲੀ ਗਈ। ਸੂਰਜ ਦਾ ਸੁਨਹਿਰੀ ਤੋਂ ਸੰਧੂਰੀ ਹੋਇਆ ਕਿੰਨਾ ਹੀ ਵੱਡਾ ਗੋਲ ਟਿੱਕਾ, ਹਰ ਸ਼ੈਅ ਤੇ ਆਪਣੀ ਰੰਗਤ ਪਸਾਰਦਾ ਬਹੁਤ ਸਹਿਜ ਸਹਿਜ ਆਪਣੇ ਮੁਕਾਮ, ਦੋਮੇਲ ਵੱਲ ਵਧ ਰਿਹਾ ਸੀ। ਖੇਤ ਸੰਧੂਰੀ, ਅੰਬਰ ਸੰਧੂਰੀ, ਧਰਤੀ, ਫ਼ਸਲਾਂ, ਪਾਣੀ, ਬੱਦਲ ਸੰਧੂਰੀ ਲਾਲ। ਇਥੋਂ ਤੱਕ ਕਿ ਧੁੱਪ ਵੀ ਸੰਧੂਰੀ ਜਿਹੀ ਹੋ ਪਈ ਸੀ। ਇਕ ਤਲਿਸਮੀ ਮੁਸਕਾਨ ਜਿਵੇਂ ਸਾਰੇ ਮੰਡਲ ਵਿਚ ਰਚ ਗਈ ਸੀ। ਮੇਰੇ ਅੰਦਰ ਕਿਤੇ ਬਚਪਨ ਦਾ ਸੁਣਿਆ ਵਾਕ ਬੁੜਬੁੜਾਉਂਦਾ ਰਿਹਾ ਕਿ ਸ਼ਾਮ ਦੇ ਸੂਰਜ ਵੱਲ ਨਹੀਂ ਦੇਖੀਦਾ ਪਰ ਤ੍ਰਿਕਾਲਾਂ ਦੀ ਲਾਲੀ ਦਾ ਸੰਮੋਹਨ ਮੈਨੂੰ ਜਕੜ ਵਿਚ ਲੈ ਚੁੱਕਾ ਸੀ।

ਕਸ਼ਮੀਰ ਦੀ ਡਲ ਲੇਕ ਦੀ ਪੇਂਟਿੰਗ ਤਾਂ ਹਰੇਕ ਨੇ ਤੱਕੀ ਹੋਵੇਗੀ, ਜਿਸ ਵਿਚ ਗਹਿਰੀ ਸ਼ਾਮ ਨੂੰ ਡਲ ਲੇਕ ਦੇ ਥਰਥਰਾਉਂਦੇ ਪਾਣੀਆਂ 'ਤੇ ਇਕ ਸ਼ਿਕਾਰਾ ਹੁਣੇ ਡੁੱਬੇ ਸੂਰਜ ਸਾਹਵੇਂ ਤਰ ਰਿਹਾ ਹੈ। ਸ਼ਿਕਾਰਾ ਕਾਲਾ ਹੋ ਚੁੱਕਾ ਹੈ, ਪਰ ਪਾਣੀਆਂ 'ਤੇ ਤ੍ਰਿਕਾਲਾਂ ਦੇ ਸੂਰਜ ਦੀਆਂ ਖਿੱਲਰੀਆਂ ਸੁਨਹਿਰੀ, ਸੰਧੂਰੀ, ਪੀਲੀਆਂ ਤੇ ਸਲੇਟੀ ਕਾਲੋਂ ਦੀ ਭਾਅ ਵਾਲੀਆਂ ਕਿਰਨਾਂ ਦਾ ਜਲਵਾ ਆਪਣੀ ਭਰਪੂਰਤਾ ਦਿਖਾ ਰਿਹਾ ਹੈ।

ਕਿੰਨੀਆਂ ਖ਼ੂਬਸੂਰਤ ਹੁੰਦੀਆਂ ਹਨ ਤ੍ਰਿਕਾਲਾਂ ਜਾਂ ਸ਼ਾਮਾਂ। ਕੁਝ ਛਿਣ ਚੜ੍ਹਦੇ ਤੇ ਛੁਪਦੇ ਸੂਰਜ ਨੂੰ ਕੁਝ ਪਲਾਂ ਦੀ ਵਿਹਲ ਲੈ ਕੇ ਤੱਕੋ। ਸਵੇਰ ਦੀ ਉਦਮੀ, ਸੁਨਹਿਰੀ, ਤਿੱਖੀ ਮੁਸਕਾਨ ਵਾਲਾ, ਜ਼ਰਾ ਕਾਹਲਾ ਸੂਰਜ ਜਦ ਉੱਠਦਾ ਆਉਂਦਾ ਹੈ ਤਾਂ ਪਲੋ-

ਪਲੀ ਲੰਬੇ ਪਰਛਾਵੇਂ ਨਿੱਕੇ ਹੋਈ ਤੁਰੇ ਜਾਂਦੇ ਹਨ। ਸ਼ਾਮ ਦਾ ਭਰਿਆ ਪੂਰਾ ਜਵਾਨੀ ਹੰਢਾ ਚੁੱਕਾ, ਦਿਨ ਭਰ ਮਘ ਕੇ ਪਰਵਾਨ ਚੜ੍ਹਿਆ, ਮਿਹਨਤ ਦੇ ਮਾਣ ਨਾਲ ਰੰਗਿਆ ਸੂਰਜ ਸਹਿਜ ਸੁਭਾ, ਤਿਲਕਦਾ ਸੁਖਾਵਾਂ ਜਿਹਾ ਲੱਗਦਾ, ਆਪਣੇ ਰੰਗਾਂ ਦੀ ਵਿਰਾਸਤ, ਖਲੇਰ ਕੇ ਜਿਵੇਂ ਸੁਖਾਵੀਂ ਪਰ ਮਾਣਮੱਤੀ ਮੁਸਕਾਨ ਵੰਡਦਾ ਸੂਰਜ। ਸੂਰਜ ਵਾਂਗ ਹੀ ਜਿਨ੍ਹਾਂ ਲੋਕਾਂ ਨੇ ਜ਼ਿੰਦਗੀ ਦੇ ਦਿਨ ਭਰ ਅਰਥਾਤ ਆਪਣੀ ਉਮਰ ਵਿਚ ਆਪਣੇ ਕੰਮ ਨੂੰ ਮਿਹਨਤ, ਲਗਨ ਤੇ ਸ਼ੌਕ ਨਾਲ ਕੀਤਾ ਹੁੰਦਾ ਹੈ, ਜ਼ਿੰਦਗੀ ਦੀ ਸ਼ਾਮ ਵੇਲੇ ਉਨ੍ਹਾਂ ਦੇ ਚਿਹਰੇ ’ਤੇ ਵੀ ਅਜਿਹੀ ਹੀ ਭਾਅ ਹੁੰਦੀ ਹੈ।

ਤ੍ਰਿਕਾਲਾਂ ਦਿਨ ਤੇ ਰਾਤ ਵਿਚਲੀ ਆਜ਼ਾਦ ਧਰਤੀ (ਨੋ ਮੈਨਜ਼ ਲੈਂਡ) ਹਨ। ਦਿਨ-ਰਾਤ ਦੀ ਇਸ ਸਰਹੱਦ ’ਤੇ ਚਾਨਣੇ ਰੰਗਾਂ ਦੀ ਕਿੱਕਲੀ ਦਾ ਵਾਰਾ ਪਹਿਰਾ ਸੰਪਨ ਹੋਣ ਪਿੱਛੋਂ, ਅੱਖੀਆਂ ਤੇ ਮਨ, ਰਾਤ ਦੀ ਮਖਮਲੀ, ਲੋਰੀਆਂ ਭਰੀ, ਸਾਂਵਲੀ ਬੁੱਕਲ ਦੇ ਸੁਪਨੇ ਚਿਤਵਦੇ ਹਨ। ਪਰ ਤਾਂ ਹੀ ਜੇ ਜ਼ਿੰਦਗੀ ਵਿਚ ਭਰਪੂਰਤਾ ਹੋਵੇ ਤੇ ਜੀਣ ਦੇ ਸੰਸੇ, ਆਪਣੇ ਵਿਕਰਾਲ ਚਿਹਰੇ ਚੁੱਕੀ ਖੜ੍ਹੇ ਨਾ ਹੋਣ। ਪਰ ਫਿਰ ਵੀ ਇਹ ਠਹਿਰਾਅ ਵੱਲ ਤਿਲਕਦੇ ਪਲਾਂ ਦੀ ਕਲਪਨਾ ਦਾ ਮੁਕਾਮ ਤਾਂ ਹੈ ਹੀ। ਜੇ ਸਰਘੀ ਚਾਨਣ ਦੀ ਸ਼ਹਿਜ਼ਾਦੀ ਹੈ ਤਾਂ ਸ਼ਾਮ ਇਕ ਅਜਿਹੀ ਸੰਧੂਰੀ ਰਾਜਕੁਮਾਰੀ ਹੈ, ਜਿਸ ਦੇ ਆਪਣੀ ਛੜੀ ਘੁਮਾਉਂਦੇ ਹੀ ਸੁਨਹਿਰੀ ਸੁਰਖ ਸ਼ਾਮਿਆਨਾ ਤਣ ਜਾਂਦਾ ਹੈ ਤੇ ਇਕ ਅਜਬ ਕਲਪਿਤ ਜਿਹਾ ਦ੍ਰਿਸ਼ ਸਿਰਜਿਆ ਜਾਂਦਾ ਹੈ। ਅੰਬਰ ਦੇ ਕਿਸੇ ਕੋਨੇ ਪਹਿਲਾ ਤਾਰਾ ਅੱਖ-ਝਮੱਕਾ ਕਰਦਾ ਹੈ ਤਾਂ ਉਸਦਾ ਇਸ਼ਾਰਾ ਉਡੀਕ ਰਹੇ, ਅਸੰਖਾਂ ਤਾਰੇ ਅੰਬਰ ਵਿਚ ਉਤਰਨ ਲਈ ਤਿਆਰ ਹੋਣ ਲੱਗਦੇ ਹਨ। ਦਿਨ ਵੇਲੇ, ਪਿੱਤਲ ਜਿਹੇ ਵਰਗਾ ਲੱਗਦਾ ਚੰਦਰਮਾ ਸੋਨ ਸੁਨਹਿਰੀ ਲਿਬਾਸ ਪਾਉਣ ਨੂੰ ਤਿਆਰ ਹੁੰਦਾ ਹੈ। ਗੱਲ ਕੀ, ਇਸ ਜਾਦੂਗਰਨੀ ਦੇ ਅਨੂਠੇ ਜਲਵੇ ਤੋਂ ਕਿਸੇ ਦਾ ਵੀ, ਉਸ ਦੇ ਰੰਗ ਵਿਚ ਰੰਗੇ ਜਾਣ ਤੋਂ ਬਚ ਕੇ ਨਿਕਲ ਜਾਣਾ ਸੰਭਵ ਹੀ ਨਹੀਂ ਰਹਿੰਦਾ।

ਇਸ ਵੇਲੇ ਸਾਰੇ ਜੀਵ ਤੇ ਜੰਤੂ ਸੰਸਾਰ ਦੀ ਗਤੀ ਦੀ ਦਿਸ਼ਾ ਬਦਲ ਕੇ ਸਵੇਰ ਨਾਲੋਂ ਉਲਟੀ ਹੋ ਜਾਂਦੀ ਹੈ। ਪੰਛੀ ਆਲ੍ਹਣਿਆਂ ’ਚੋਂ ਜਿਸ ਦਿਸ਼ਾ ਵੱਲ ਸਵੇਰ ਵੇਲੇ ਉੱਡੇ ਸਨ, ਸ਼ਾਮ ਵੇਲੇ ਉਸ ਤੋਂ ਉਲਟੀ ਦਿਸ਼ਾ ਯਾਨਿ ਘਰਾਂ ਨੂੰ ਮੁੜਦੇ ਹਨ। ਕੰਮ ਕਾਜੀ ਲੋਕਾਂ ਦੇ ਘਰਾਂ ਨੂੰ ਮੁੜਨ ਕਰਕੇ ਖਿੰਡੇ ਪਰਿਵਾਰ ਮੁੜ ਮਿਲਦੇ ਹਨ ਤੇ ਪਰਿਵਾਰਕ ਅਨੰਦ ਦੇ ਛਿਣਾਂ ਵਿਚ ਉਡੀਕਾਂ ਨੂੰ ਬੂਰ ਪੈਂਦਾ ਹੈ।

ਅਦਬੀ ਜਗਤ ਲਈ ਵੀ ਇਹ ਮਨਭਾਉਂਦਾ ਸਮਾਂ ਹੈ, ਜਦ ਮਹਿਫ਼ਲਾਂ ਜੁੜਦੀਆਂ ਹਨ। ਸਾਹਿਤਕ ਮਿਲਣੀਆਂ ਦੇ ਪਲਾਂ ਵਿਚ ਕਲਾਕਾਰ ਸਿਰਜਕ ਪਲਾਂ ਨਾਲ ਦੋ-ਚਾਰ ਹੁੰਦੇ ਹਨ ਤੇ ਅਕਸਰ ਆਪਸੀ ਬਹਿਸ ਮੁਬਾਹਿਸੇ ਨਵੀਆਂ ਰਚਨਾਵਾਂ ਦੇ ਆਧਾਰ ਬਣਦੇ ਹਨ। ਮੁਹੱਬਤਾਂ ਵਿਚ ਡੁੱਬੇ ਮਨਾਂ ਲਈ ਇਹ ਰੁਮਾਨੀ ਛਿਣ ਹੁੰਦੇ ਹਨ। ਵਿਛੜੇ ਮਿਲਦੇ ਹਨ ਤੇ ਮਿਲੇ ਵਿਛੜ ਸਕਦੇ ਹਨ। ਪ੍ਰਸਿੱਧ ਸ਼ਾਇਰ ਮਰਹੂਮ ਬਾਵਾ ਬਲਵੰਤ ਦੀ ਇਕ ਕਵਿਤਾ ਦੇ ਬੋਲ ਹਨ :

ਤਸੱਵਰ ਵਿਚ ਅਜੇ ਤਕ ਉਹ ਸੁਨਹਿਰੀ ਸ਼ਾਮ ਫਿਰਦੀ ਏ
ਜੋ ਮੇਰੀ ਜ਼ਿੰਦਗੀ ਵਿਚ ਜਿੰਦਗਾਨੀ ਹੋਣ ਆਈ ਸੀ

ਮਨ ਵਿਚ ਖ਼ਿਆਲਾਂ ਦੀ ਭਟਕਣ ਨੂੰ ਵੀ ਆਰਾਮ ਦਰਕਾਰ ਹੁੰਦਾ ਹੈ :
ਮਨ ਪ੍ਰਦੇਸੀ, ਸੰਝ ਪਈ ਘਰ ਆ

ਅਸਲ ਵਿਚ ਜ਼ਿੰਦਗੀ ਦਾ ਹਰ ਗਤੀਸ਼ੀਲ ਆਯਾਮ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਰੂਪ ਵਿਚ ਸਹਿਜ ਭਰਿਆ ਠਹਿਰਾਅ ਲੋੜਦਾ ਹੈ ਤੇ ਸ਼ਾਇਦ ਕੁਦਰਤ ਨੇ ਵੀ ਇਸੇ ਵਾਸਤੇ ਹੀ ਤ੍ਰਿਕਾਲਾਂ ਦਾ ਸੰਕਲਪ ਰਚਿਆ ਹੋਵੇਗਾ। ਅਸੀਂ ਚਾਹੇ ਕਿੰਨੇ ਵੀ ਮਿਹਨਤੀ, ਸਿਰੜੀ, ਹਿੰਮਤੀ ਤੇ ਕਾਮੇ ਹੋਈਏ, ਅੰਦਰ ਸਾਡੇ ਕਿਤੇ ਨਾ ਕਿਤੇ ਉਹ ਬਿੰਦੂ ਪਿਆ ਹੁੰਦਾ ਹੈ ਜੋ ਅੰਦਰੋਂ ਮਨ ਦੀ ਡੋਰ ਨੂੰ ਹੌਲੀ ਜਿਹੇ, ਕਦੇ ਜ਼ੋਰ ਨਾਲ ਖਿੱਚ ਕੇ ਆਰਾਮ ਦੀ ਜ਼ਰੂਰਤ ਦਾ ਆਭਾਸ ਦੇਂਦਾ ਰਹਿੰਦਾ ਹੈ। ਤ੍ਰਿਕਾਲਾਂ ਵੇਲੇ, ਸਾਡੇ ਸਾਰੇ ਅੰਦਰੂਨੀ ਸਰੀਰਕ ਤੇ ਮਾਨਸਿਕ ਪ੍ਰਬੰਧ ਸ਼ਾਮ ਦਾ ਸੁਆਗਤ ਕਰਨ ਨੂੰ ਤਿਆਰ ਹੁੰਦੇ ਹਨ। ਇਹ ਪਲ ਥੋੜ-ਚਿਰੇ ਹੁੰਦੇ ਹਨ। ਪਰ ਕਈ ਥਾਈਂ ਇਸ ਵਰਤਾਰੇ ਦੀ ਇਉਂ ਹੋਂਦ ਨਹੀਂ ਰਹਿੰਦੀ ਤੇ ਇਹ ਪਲ ਬੜੇ ਲੰਬੇ ਹੋ ਜਾਂਦੇ ਹਨ। ਜਿਵੇਂ ਨਾਰਵੇ ਜਿਹੇ ਦੇਸ਼ ਵਿਚ ਜੋ ਉੱਤਰੀ ਧਰੁਵ ਦੇ ਬਹੁਤ ਨਜ਼ਦੀਕ ਹੈ, ਉਥੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਦਾ ਪੱਖ ਰਹਿੰਦਾ ਹੈ। ਗਰਮੀਆਂ ਦੇ ਵੱਡੇ ਦਿਨੀਂ, ਰਾਤ ਦੇ ਮਸਾਂ ਚਾਰ ਕੁ ਘੰਟੇ ਰਹਿ ਜਾਂਦੇ ਹਨ। ਸ਼ਾਮ ਦਾ ਚਾਨਣ ਫੈਲਿਆ ਹੀ ਰਹਿੰਦਾ ਹੈ ਤੇ ਲੋਕਾਂ ਨੂੰ ਖਿੜਕੀਆਂ ਦੇ ਅੱਗੇ ਪਰਦੇ ਕਰ ਕਰ ਕੇ ਰਾਤ ਲਈ ਆਰਾਮ ਦਾ ਮਾਹੌਲ ਬਣਾਉਣਾ ਪੈਂਦਾ ਹੈ। ਸਰਦੀਆਂ ਵਿਚ ਠੀਕ ਇਸ ਤੋਂ ਉਲਟ ਹੁੰਦਾ ਹੈ ਤੇ ਹਨੇਰਾ ਬਹੁਤਾ ਸਮਾਂ ਰਹਿੰਦਾ ਹੈ। ਪਰ ਉਦੋਂ ਬੱਤੀਆਂ ਜਗਾ ਕੇ ਸਾਰੇ ਕੰਮ ਕਾਰ ਜਾਰੀ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦੇਸ਼ਾਂ ਵਿਚ ਮੌਸਮ ਜਿਹੋ ਜਿਹੇ ਮਰਜ਼ੀ ਹੋਣ, ਕੰਮਾਂ ਦੀ ਲਗਾਤਾਰਤਾ ਵਿਚ ਤ੍ਰੇੜ ਨਹੀਂ ਪੈਣ ਦਿੱਤੀ ਜਾਂਦੀ।

ਮਨੁੱਖੀ ਜ਼ਿੰਦਗੀ ਵਿਚ ਵੀ ਜਦੋਂ ਤ੍ਰਿਕਾਲਾਂ ਉਤਰਦੀਆਂ ਹਨ ਅਰਥਾਤ ਬੁਢਾਪਾ ਆਉਂਦਾ ਹੈ, ਉਸ ਵੇਲੇ ਮਿਹਨਤ ਕਰਕੇ ਜ਼ਿੰਦਗੀ ਗੁਜ਼ਾਰਨ ਵਾਲੇ, ਸਤਿਕਾਰ ਨਾਲ ਜੀਣ ਦੇ ਅਧਿਕਾਰੀ ਹੁੰਦੇ ਹਨ, ਕਿਉਂਕਿ ਉਨ੍ਹਾਂ ਆਪਣੇ ਸਾਹਾਂ ’ਤੇ ਆਪਣੀ ਜ਼ਿੰਦਗੀ ਦੀ ਸਾਰੀ ਪੂੰਜੀ (ਖ਼ਾਸ ਕਰਕੇ ਭਾਰਤ ਵਿਚ) ਆਪਣੇ ਬੱਚਿਆਂ ਨੂੰ ਪਰਵਾਨ ਚੜ੍ਹਾਉਣ ਵਿਚ ਖਰਚ ਦਿੱਤੀ ਹੁੰਦੀ ਹੈ। ਪਰੰਤੂ ਅੱਜ ਕੱਲ੍ਹ ਆਮ ਤੌਰ ’ਤੇ ਬਜ਼ੁਰਗੀਅਤ ਇਸ ਬਣਦੇ ਮਾਣ ਸਤਿਕਾਰ ਨੂੰ ਤਰਸ ਜਾਂਦੀ ਹੈ ਕਿਉਂਕਿ ਸਮੇਂ ਦੇ ਨਾਲ ਬੜਾ ਕੁਝ ਬਦਲ ਗਿਆ ਹੈ। ਤੇਜ਼ੀ ਨਾਲ ਭਰੀਆਂ ਹਵਾਵਾਂ ਕਾਰਨ ਨਵੀਂ ਪੀੜ੍ਹੀ ਦਾ ਅਗੇਰੇ ਤੱਕਣਾ ਤੇ ਵਧਣਾ ਤਾਂ ਲਾਜ਼ਮੀ ਹੈ ਪਰ ਪਰਿਵਾਰਾਂ ਵੱਲੋਂ ਪੁਰਾਣੇ, ਢਲਦੇ ਸੂਰਜਾਂ ਵੱਲ ਬੇ-ਖ਼ਬਰੀ ਤੇ ਲਾਪ੍ਰਵਾਹੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਉਨ੍ਹਾਂ ਦੇ ਸਾਹ ਤੇ ਨਿਰਵਾਹ ਤਾਂ ਪਹਿਲਾਂ ਹੀ ਮੁਸ਼ਕਿਲ ਹੋ ਰਹੇ ਹੁੰਦੇ ਹਨ। ਪੱਛਮੀ ਦੇਸ਼ਾਂ ਵਾਂਗ, ਸਾਡੇ ਦੇਸ਼ ਵਿਚ ਵੀ

ਬਿਰਧ ਘਰਾਂ ਦੀ ਗਿਣਤੀ ਵਧ ਰਹੀ ਹੈ ਤੇ ਹੁਣ ਦੇ ਹਾਲਾਤ ਵਿਚ ਇਹ ਜ਼ਰੂਰੀ ਵੀ ਜਾਪਣ ਲੱਗ ਪਏ ਹਨ। ਪਰੰਤੂ ਸਾਰੇ ਬਜ਼ੁਰਗਾਂ ਨੂੰ ਉਹ ਵੀ ਨਸੀਬ ਨਹੀਂ ਹੋ ਸਕਦੇ, ਕਿਉਂਕਿ ਉਥੇ ਵੀ ਖ਼ਰਚ ਹੁੰਦਾ ਹੈ ਜੋ ਹਾਰੀ ਸਾਰੀ ਦੇ ਵੱਸ ਦਾ ਨਹੀਂ ਹੁੰਦਾ। ਵਡੇਰੀ ਉਮਰ ਵਿਚ ਸਰੀਰ ਕਮਜ਼ੋਰ ਹੋ ਕੇ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗਦਾ ਹੈ ਪਰ ਮਨ ਤਾਂ ਉਹੀ ਰਹਿੰਦਾ ਹੈ, ਜੋ ਕਿਸੇ ਵੇਲੇ ਔਲਾਦ 'ਤੇ ਆਪਣਾ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਰਹਿੰਦਾ ਸੀ ਤੇ ਕਰ ਵੀ ਦੇਂਦਾ ਹੈ। ਪਰੰਤੂ ਦੁੱਖ ਦੀ ਗੱਲ ਹੈ ਕਿ ਮੋਹ ਭਰੀ ਸੰਭਾਲ ਦੀ ਅਣਹੋਂਦ ਵਿਚ ਸਾਡੇ ਪਰਿਵਾਰਾਂ ਦੇ ਥੱਕੇ, ਅਣਗੌਲੇ, ਤ੍ਰਿਕਾਲਾਂ ਬਣੇ, ਵਿਸਾਰੇ ਸੂਰਜ ਮੌਸਮ ਵਿਹਾ ਚੁੱਕੀਆਂ ਵੇਲਾਂ ਵਾਂਗ ਸੁੱਕ ਰਹੇ ਹਨ।

ਅਸੀਂ ਧਰਤੀ 'ਤੇ ਰਹਿਣ ਵਾਲੇ ਮਨੁੱਖਾਂ ਨੇ ਤਾਂ ਆਪਣੇ ਆਪਹੁਦਰੇ ਤੇ ਕੁਦਰਤ ਵਿਰੋਧੀ ਵਰਤਾਰਿਆਂ ਦੀ ਵਾਹੋਦਾਹੀ ਨਾਲ ਕੁਦਰਤ ਦੇ ਵਸੀਲਿਆਂ ਨੂੰ ਵੀ ਅਤਿ ਮਸ਼ੀਨੀਕਰਨ ਦੀ ਭੇਂਟ ਚਾੜ੍ਹ ਦਿੱਤਾ ਹੈ ਤੇ ਉਹ ਧਰਤੀ ਦੀਆਂ ਤ੍ਰਿਕਾਲਾਂ ਨੂੰ ਨੇੜੇ ਖਿੱਚਣ ਵਿਚ ਲੱਗੇ ਹੋਏ ਹਨ।

ਜਿਥੇ ਇਕ ਸਾਵੇਂ ਸੁਭਾਅ ਵਾਲੇ ਚਾਨਣੇ ਦਿਨ ਦੀ ਸ਼ਾਮ ਠਹਿਰਾਅ ਭਰੀ ਹੁੰਦੀ ਹੈ। ਉਥੇ ਮਸਨੂਈ ਲਿਸ਼ਕੋਰ ਭਰੀ ਜ਼ਿੰਦਗੀ ਵਰਗੇ ਦਿਨ ਦੀਆਂ ਤ੍ਰਿਕਾਲਾਂ ਕਈ ਵਾਰ ਚੁੰਧਿਆਈਆਂ ਅੱਖਾਂ ਨੂੰ ਅਥਾਹ ਹਨੇਰੇ ਦਾ ਅਹਿਸਾਸ ਕਰਵਾ ਕੇ ਅਗਾਊਂ ਹੀ ਮੌਤ ਦੇ ਰਸਤੇ ਤੋਰ ਦੇਂਦੀਆਂ ਹਨ। ਜਿਵੇਂ ਕਈ ਫਿਲਮੀ ਅਭਿਨੇਤਾ ਤੇ ਅਭਿਨੇਤਰੀਆਂ ਦੀ ਤੇਜ਼ ਤਰਾਰ ਤੇ ਚਮਕ ਦਮਕ ਭਰੀ ਜ਼ਿੰਦਗੀ ਦੇ ਪਾਸਾ ਮੋੜਨ ਸਾਰ ਹੀ ਉਹ ਕਈ ਮਾਨਸਿਕ ਬਿਮਾਰੀਆਂ ਦੇ ਰਾਹ ਪੈ ਜਾਂਦੇ ਹਨ। ਫਿਰ ਨਿਰਾਸਤਾ ਦੀਆਂ ਗਹਿਰਾਈਆਂ ਦੇ ਅੰਦਰ ਡਿੱਗ ਕੇ ਕਈ ਵਾਰ ਜ਼ਿੰਦਗੀ ਤਕ ਖ਼ਤਮ ਕਰ ਬਹਿੰਦੇ ਹਨ।

ਤ੍ਰਿਕਾਲਾਂ ਦਾ ਇਹ ਸਾਂਵਲਾ ਸਲੋਨਾ ਤੇ ਰੰਗਲਾ ਅਚੰਭਾ ਤਾਂ ਸਾਡੀ ਧਰਤੀ ਦਾ ਕ੍ਰਿਸ਼ਮਾ ਹੈ। ਬ੍ਰਹਿਮੰਡ ਵਿਚ ਹੋਰ ਖ਼ਬਰੇ ਕਿੰਨੀਆਂ ਧਰਤੀਆਂ, ਅੰਬਰ ਤੇ ਸੂਰਜ ਹਨ ਤੇ ਪਤਾ ਨਹੀਂ ਕਿਹੜੇ ਰੰਗਾਂ ਦੀਆਂ ਸਰਘੀਆਂ ਤੇ ਕਿਹੜੇ ਰੰਗਾਂ ਦੀਆਂ ਉਨ੍ਹਾਂ ਦੀਆਂ ਤ੍ਰਿਕਾਲਾਂ ਹੁੰਦੀਆਂ ਹੋਣਗੀਆਂ। 'ਜਪੁਜੀ ਸਾਹਿਬ' ਅਨੁਸਾਰ :

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥"

ਤੇ

"ਧਰਤੀ ਹੋਰੁ ਪਰੈ ਹੋਰੁ ਹੋਰੁ ॥"

ਇਸ ਬ੍ਰਹਿਮੰਡ ਦੀ ਅਨੰਤਤਾ ਦੇ ਤਲਿਸਮ ਵੀ ਅਨੇਕਾਂ ਹਨ, ਪਰੰਤੂ ਧਰਤੀ ਦੀਆਂ ਖ਼ੂਬਸੂਰਤ ਤ੍ਰਿਕਾਲਾਂ ਅਨੇਕਾਂ ਸੁੰਦਰ ਤੇ ਅਰਥਵਾਨ ਸੁਨੇਹੇ ਜ਼ਿੰਦਗੀ ਨੂੰ ਭੇਜਦੀਆਂ ਰਹਿੰਦੀਆਂ ਹਨ। ਜਿਵੇਂ, ਦਿਨ ਦੀ ਤਪਸ਼ ਤੇ ਤੇਜ਼ੀ ਨੂੰ ਸਹਿਜ ਸੁਹਜ ਤੇ ਸੀਤਲ ਸਲੀਕੇ ਭਰੀ ਸ਼ਾਇਸਤਗੀ ਦਾ, ਕਾਹਲੀਆਂ ਨੂੰ ਆਰਾਮ ਦਾ, ਦਿਨ ਵੇਲੇ ਰੋਜ਼ੀ ਰੋਟੀ ਤੇ ਕੰਮਾਂ ਧੰਦਿਆਂ ਲਈ ਖਿੱਲਰੇ ਪਰਿਵਾਰਾਂ ਨੂੰ ਮੁੜ ਮਿਲਣ ਬੈਠਣ ਦਾ, ਦਿਨ ਵੇਲੇ

ਆਹਾਰ ਸ਼ਿਕਾਰ ਲਈ ਭੌਂਦੇ ਜਾਨਵਰਾਂ ਨੂੰ ਗੁਫ਼ਾਵਾਂ ਵਿਚ ਮੁੜਨ ਦਾ ਤੇ ਰਾਤ ਨੂੰ ਵਿਚਰਨ ਤੇ ਸ਼ਿਕਾਰ ਕਰਨ ਵਾਲੇ (ਨਿਸ਼ਾਚਰ) ਜੀਵਾਂ ਨੂੰ ਚੁਸਤ ਫੁਰਤ ਹੋ ਜਾਣ ਦਾ। ਧਰਤੀ ਅੰਬਰ ਤੇ ਹਰੇਕ ਵਸਤੂ ਨੂੰ ਸੰਧੂਰੀ ਲਾਲੀ ਨੂੰ ਅਰਪਿਤ ਹੋ ਕੇ ਸਮਰਪਣ ਸਿਖਾਉਣ ਦਾ, ਮੁਹੱਬਤਾਂ ਨੂੰ ਕੁਝ ਪਲ ਆਪਣੇ ਨਾਮ ਲਿਖ ਲੈਣ ਦਾ, ਬੂਟਿਆਂ ਨੂੰ ਰਾਤ ਨੂੰ ਫੁੱਲ ਪੰਖੜੀਆਂ ਸਿਰਜਣ ਲਈ ਤਿਆਰ ਹੋਣ ਦਾ, ਖ਼ਿਆਲਾਂ ਦੇ ਵਹਾਵਾਂ ਨੂੰ ਠਹਿਰਾਅ ਦਾ ਤੇ ਕਿਰਤੀਆਂ ਨੂੰ ਚੈਨ ਦੀ ਤਰਜ਼ ਵਿਚ ਦਾਖ਼ਲ ਹੋ ਕੇ ਟਿਕਾਅ ਦਾ ਨਿਓਤਾ ਹਨ ਤ੍ਰਿਕਾਲਾਂ ਤਾਂ ਕਿ ਜ਼ਿੰਦਗੀ ਰਾਤ ਨੂੰ ਸੁਪਨੇ ਤੱਕਣ ਪਿੱਛੋਂ, ਅਗਲੀ ਸਵੇਰ ਦਾ ਸੁਆਗਤ ਕਰ ਕੇ ਉਨ੍ਹਾਂ ਸੁਪਨਿਆਂ ਦੀ ਪੂਰਤੀ ਵੱਲ ਤੁਰ ਸਕੇ।

## ਸਬੱਬਾਂ ਦਾ ਵਿਧੀ ਵਿਧਾਨ

ਕਈ ਵਾਰ ਹਿੰਦੀ ਫਿਲਮ ਵੇਖਦਿਆਂ, ਮੌਕਾ ਮੇਲਾਂ ਦੇ ਸਹਾਰੇ ਚਲਦੀ ਕਹਾਣੀ 'ਤੇ ਅਕਸਰ ਅਸੀਂ ਕਿੰਤੂ ਪਰੰਤੂ ਕਰਦੇ ਹਾਂ। ਪਰੰਤੂ ਜ਼ਿੰਦਗੀ ਕਈ ਵਾਰੀ ਸੱਚਮੁੱਚ ਹੀ ਅਜਿਹੇ ਮੌਕਾ ਮੇਲ ਜਾਂ ਸਬੱਬ ਬਣਾ ਦੇਂਦੀ ਹੈ ਕਿ ਓਹ ਜ਼ਿੰਦਗੀ ਦੇ ਸਫ਼ਰ ਵਿਚ ਸਦਾ ਲਈ ਜ਼ਿੰਦਗੀ ਦੀ ਕੋਈ ਕੜੀ ਬਣ ਕੇ ਅੰਕਿਤ ਹੋ ਜਾਂਦੇ ਹਨ। ਕਦੀ ਉਹ ਸੋਚ ਤੇ ਅਜਿਹਾ ਅਸਰ ਵੀ ਪਾ ਜਾਂਦੇ ਹਨ ਕਿ ਆਉਣ ਵਾਲੇ ਪਲਾਂ ਦੇ ਰੰਗ ਹੀ ਬਦਲ ਜਾਂਦੇ ਹਨ, ਸਤਰੰਗੀਆਂ ਮੁਸਕਰਾਉਂਦੀਆਂ ਹਨ ਤੇ ਕਦੀ ਇਸ ਦੇ ਉਲਟ ਬੜਾ ਪਿਆਰਾ ਕੁਝ ਖੁਹਾ ਬਹਿੰਦੇ ਹਾਂ। ਇਹ ਸਬੱਬ ਅਣਕਿਆਸੇ ਆਉਂਦੇ ਹਨ ਤੇ ਸਾਡੇ ਕਿਆਸ ਦੀਆਂ ਹੱਦਾਂ ਤੋਂ ਕਿਤੇ ਪਾਰ ਤੱਕ ਆਪਣੀਆਂ ਪੈੜਾਂ ਛੱਡ ਜਾਂਦੇ ਹਨ।

ਮੇਰੀ ਬੇਟੀ ਨੂੰ ਆਲ ਇੰਡੀਆ ਲੈਵਲ ਦੇ ਟੈਸਟ ਦੇ ਆਧਾਰ 'ਤੇ ਐੱਮ.ਬੀ.ਬੀ.ਐੱਸ. ਵਿਚ ਮਹਾਰਾਸ਼ਟਰ ਦੇ ਸ਼ਹਿਰ ਔਰੰਗਾਬਾਦ ਵਿਚ ਸੀਟ ਮਿਲੀ। ਉਸ ਨੂੰ ਦਾਖਲ ਕਰਾਉਣ ਦੀਆਂ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਦੇ ਦੌਰਾਨ ਹੀ, ਮੈਂ ਨਾਲ-ਨਾਲ ਆਪਣੀ ਬੇਟੀ ਨੂੰ ਸਮਝਾਉਂਦੀ ਰਹੀ ਕਿ ਪੜ੍ਹਨ ਵੱਲ ਧਿਆਨ ਦੇਵੀਂ ਤੇ ਜੇ ਕੋਈ ਲੜਕਾ ਤੈਨੂੰ ਕਹੇ ਕਿ ਮੈਂ ਤੈਨੂੰ ਪਸੰਦ ਕਰਦਾ ਹਾਂ ਤਾਂ ਤੇ ਤੂੰ ਕਹਿ ਦੇਵੀਂ ਕਿ ਮੈਂ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੰਦੀ...ਵਗੈਰਾ, ਵਗੈਰਾ। ਉਹ ਅੱਛਾ-ਅੱਛਾ ਕਰਦੀ ਰਹੀ ਤੇ ਮੈਨੂੰ ਤਸੱਲੀ ਜਿਹੀ ਹੋ ਗਈ ਕਿ ਮੇਰੀ ਬੇਟੀ ਸਮਝਦਾਰ ਹੈ। ਅਸਲ ਵਿਚ ਮੈਡੀਕਲ ਕਾਲਜ ਦੇ ਮਾਹੌਲ ਬਾਰੇ ਜੋ ਸੁਣਿਆ ਸੀ ਤੇ ਬੇਟੀ ਦੇ ਪਹਿਲੀ ਵਾਰ ਘਰ ਤੋਂ ਬਾਹਰ ਰਹਿਣ ਕਰਕੇ ਮੈਂ ਪਹਿਲਾਂ ਤੋਂ ਹੀ ਫ਼ਿਕਰਮੰਦ ਸਾਂ ਤੇ ਅਜਿਹੀਆਂ ਗੱਲਾਂ ਨਾਲ ਆਪਣੇ ਮਨ ਨੂੰ ਵੀ ਤਸੱਲੀ ਦੇ ਰਹੀ ਸਾਂ। ਆਖ਼ਰ ਉਸ ਨੂੰ ਕਾਲਜ ਦੇ ਹੋਸਟਲ ਵਿਚ ਛੱਡ ਕੇ ਸਾਡੇ ਉਥੋਂ ਵਾਪਸ ਆਉਣ ਦਾ ਦਿਨ ਆ ਗਿਆ। ਆਉਣ ਤੋਂ ਪਹਿਲਾਂ ਸ਼ਾਮ ਵੇਲੇ ਅਸੀਂ ਬੇਟੀ ਨੂੰ ਹੋਸਟਲ ਮਿਲਣ ਵਾਸਤੇ ਗਏ। ਉਸ ਵਕਤ ਹੋਰ ਵੀ ਕਈ ਲੜਕੀਆਂ ਦੇ ਰਿਸ਼ਤੇਦਾਰ ਜਾਂ ਵਾਕਫ਼ ਮਿਲਣ ਆਏ ਹੋਏ ਸਨ। ਸਾਡੇ ਨੇੜੇ ਹੀ ਬੜੀ ਸੋਹਣੀ ਪੱਗੜੀ ਬੰਨ੍ਹੀ ਇਕ ਸੁਨੱਖਾ ਲੜਕਾ ਸਕੂਟਰ 'ਤੇ ਬੈਠਾ ਬੈਠਾ ਹੀ ਇਕ ਕੁੜੀ ਨਾਲ ਗੱਲ ਕਰ ਰਿਹਾ ਸੀ। ਫਿਰ ਜਿਵੇਂ ਕਿ ਆਮ ਤੌਰ 'ਤੇ ਹੁੰਦਾ ਹੈ, ਪੰਜਾਬ ਤੋਂ ਬਾਹਰ ਦੋ ਸਰਦਾਰ ਮਿਲਦਿਆਂ ਹੀ ਆਪਸ ਵਿਚ ਗੱਲੀਂ ਲੱਗ ਜਾਂਦੇ ਹਨ। ਮੇਰੇ ਪਤੀ ਵੀ ਉਸ ਲੜਕੇ ਨਾਲ ਗੱਲਾਂ ਕਰਨ ਲੱਗ ਪਏ। ਪਤਾ ਲੱਗਾ ਕਿ ਉਹ ਦੋਵੇਂ ਭੈਣ-ਭਰਾ ਹਨ ਤੇ ਕਿਸੇ

ਮਿਲਟਰੀ ਅਫ਼ਸਰ ਦੇ ਬੱਚੇ ਹਨ। ਐੱਮ.ਬੀ.ਬੀ.ਐੱਸ. ਪਿੱਛੋਂ ਇੰਟਰਨਸ਼ਿਪ ਮੁਕਾ ਕੇ ਪੋਸਟ ਗ੍ਰੈਜੂਏਸ਼ਨ ਦੀ ਸੀਟ ਮਿਲਣ ਦੀ ਉਡੀਕ ਵਿਚ ਹਨ। ਇਸ ਪਿੱਛੋਂ ਅਸੀਂ ਵਾਪਸ ਆ ਗਏ ਪਰ ਉਹ ਚਿਹਰਾ ਮਨ ਵਿਚ ਉਕਰਿਆ ਰਿਹਾ। ਅਸੀਂ ਦੋ-ਤਿੰਨ ਮਹੀਨੇ ਪਿੱਛੋਂ ਬੇਟੀ ਨੂੰ ਮਿਲਣ ਜਾਂਦੇ ਰਹੇ। ਕੋਈ ਸਵਾ ਕੁ ਸਾਲ ਪਿੱਛੋਂ ਅਚਾਨਕ ਇਕ ਦਿਨ ਮੇਰੀ ਬੇਟੀ ਦਾ ਫੋਨ ਆਇਆ। ਮੇਰੇ ਫੋਨ ਚੁੱਕਣ ’ਤੇ ਕਹਿਣ ਲੱਗੀ, “ਪਾਪਾ ਨੂੰ ਕਹੋ ਦੂਜੇ ਕਮਰੇ ’ਚੋਂ ਦੂਜਾ ਫੋਨ ਉਹ ਵੀ ਚੁੱਕ ਲੈਣ, ਮੈਂ ਦੋਹਾਂ ਨਾਲ ਗੱਲ ਕਰਨੀ ਹੈ।” (ਉਦੋਂ ਲੈਂਡਲਾਈਨ ਹੀ ਹੁੰਦੀ ਸੀ ਫਿਰ ਉਸਨੇ ਕਿਹਾ ਕਿ ਜਦੋਂ ਤੁਸੀਂ ਇਥੇ ਮੈਨੂੰ ਦਾਖਲ ਕਰਵਾਉਣ ਆਏ ਸੀ, ਇਕ ਲੜਕੇ ਜਗਰੂਪ ਨੂੰ ਦੇਖਿਆ ਸੀ। ਉਸਨੇ ਮੈਨੂੰ ਪਰਪੋਜ਼ ਕੀਤਾ ਹੈ। ਨਾਲ ਹੀ ਉਸਨੇ ਦੱਸਿਆ ਕਿ ਉਸ ਨੂੰ ਅੱਖਾਂ ਦੇ ਵਿਭਾਗ ਵਿਚ ਪੋਸਟ ਗ੍ਰੈਜੂਏਸ਼ਨ ਮਿਲ ਗਈ ਹੈ। ਸਾਡੀਆਂ ਅੱਖਾਂ ਸਾਹਮਣੇ ਔਰੰਗਾਬਾਦ ਦਾ ਸਾਰਾ ਚਲਚਿੱਤਰ ਘੁੰਮ ਗਿਆ। ਮੈਂ ਬੇਟੀ ਨੂੰ ਕਿਹਾ, ਤੂੰ ਉਸ ਨੂੰ ਕਹਿਣਾ ਸੀ ਕਿ ਮੈਂ ਅਜੇ ਪੜ੍ਹਨਾ ਹੈ। ਉਹ ਅੱਗੋਂ ਬੋਲੀ ਮੈਂ ਕਿਹਾ ਸੀ, ਪਰ ਉਹ ਕਹਿੰਦਾ ਸੀ ਕਿ ਮੈਂ ਪੜ੍ਹਾਈ ਵਿਚ ਰੁਕਾਵਟ ਥੋੜ੍ਹਾ ਬਣਨਾ ਹੈ। ਫਿਰ ਸਾਡੇ ਘਰ ਵਿਚ ਇਸ ਸੰਬੰਧੀ ਕਸ਼ਮਕਸ਼ ਸ਼ੁਰੂ ਹੋ ਗਈ। ਸਾਲ ਦੇ ਅੰਦਰ ਹੀ ਉਸ ਦੇ ਮਾਪੇ ਤਾਂ ਮੰਨ ਗਏ ਪਰ ਅਸੀਂ ਡੇਢ ਕੁ ਸਾਲ ਲਟਕਾ ਵਾਲੀ ਸਥਿਤੀ ਵਿਚ ਰਹੇ। ਪਹਿਲਾਂ ਤਾਂ ਮੇਰੇ ਪਤੀ ਤੇ ਬਾਅਦ ਵਿਚ ਰਿਸ਼ਤੇਦਾਰਾਂ ਵੱਲੋਂ ਕੋਈ ਚੰਗਾ ਹੁੰਗਾਰਾ ਨਾ ਮਿਲਿਆ। ਆਖ਼ਰਕਾਰ ਸਭ ਦੇ ਸਹਿਮਤ ਹੋਣ ਪਿੱਛੋਂ ਬੇਟੀ ਦੀ ਐੱਮ.ਬੀ.ਬੀ.ਐੱਸ. ਦੇ ਆਖ਼ਰੀ ਸਾਲ ਵਿਚ, ਅਸੀਂ ਲੜਕੇ ਦੇ ਘਰ ਜਾ ਕੇ ਦੋਹਾਂ ਦੀ ਮੰਗਣੀ ਕਰ ਆਏ।

ਇਸ ਤੋਂ ਤਿੰਨ ਚਾਰ ਮਹੀਨੇ ਪਿੱਛੋਂ ਦੀ ਗੱਲ ਹੈ। ਬੇਟੀ ਛੁੱਟੀਆਂ ਵਿਚ ਘਰ ਆਈ ਹੋਈ ਸੀ। ਉਸ ਨੂੰ ਅੱਖਾਂ ਵਿਚ ਕੁਝ ਤਕਲੀਫ਼ ਜਾਪੀ। ਜਿਸ ਵਾਕਫ਼ ਡਾਕਟਰ ਨੂੰ ਦਿਖਾਇਆ ਉਸ ਨੇ ਆਪਣੀ ਅਸਮਰੱਥਾ ਜ਼ਾਹਰ ਕਰਦਿਆਂ ਸ਼ਹਿਰ ਦੇ ਇਕ ਹੋਰ ਡਾਕਟਰ ਵੱਲ ਭੇਜ ਦਿੱਤਾ। ਅਜੇ ਦੂਸਰੇ ਡਾਕਟਰ ਵੱਲ ਜਾਣਾ ਹੀ ਸੀ ਕਿ ਸਾਡੇ ਭਾਵੀ ਦਾਮਾਦ ਯਾਨੀ ਡਾ. ਜਗਰੂਪ ਦਾ ਫ਼ੋਨ ਆ ਗਿਆ ਕਿ ਮੈਂ ਲੁਧਿਆਣੇ ਆਇਆ ਹੋਇਆ ਹਾਂ ਤੇ ਕੀ ਅੰਮ੍ਰਿਤਸਰ ਵੀ ਆ ਜਾਵਾਂ ? ਸਾਡੇ ਹਾਂ ਕਹਿਣ ’ਤੇ ਉਹ ਆ ਗਿਆ। ਉਸ ਨੂੰ ਬੇਟੀ ਦੀਆਂ ਅੱਖਾਂ ਦੀ ਸਥਿਤੀ ਦੱਸੀ ਤੇ ਅਸੀਂ ਉਸ ਨੂੰ ਨਾਲ ਹੀ ਲੈ ਕੇ ਡਾਕਟਰ ਵੱਲ ਗਏ। ਅੱਗੇ ਨੇਤਰ ਮਾਹਰ ਨੇ ਚੈਕਅਪ ਤੋਂ ਪਿੱਛੋਂ ਕਿਹਾ ਦੋਹਾਂ ਅੱਖਾਂ ਵਿਚ ਰੈਟੀਨਾ ਡਿਟੈਚਮੈਂਟ (ਅੱਖਾਂ ਦੀ ਇਕ ਤਕਲੀਫ਼ ਜਿਸ ਵਿਚ ਅੱਖ ਦਾ ਮੂਰਤੀ ਪਟ ਆਪਣੀ ਥਾਂ ਤੋਂ ਵੱਖ ਹੋ ਜਾਂਦਾ ਹੈ) ਹੋ ਰਹੀ ਹੈ, ਇਕ ਵਿਚ ਜ਼ਰਾ ਘੱਟ ਪਰ ਦੂਜੀ ਵਿਚ ਕਾਫ਼ੀ ਹੈ। ਜੇਕਰ ਫੌਰੀ ਤੌਰ ’ਤੇ ਓਪ੍ਰੇਸ਼ਨ ਨਾ ਕੀਤਾ ਗਿਆ ਤਾਂ ਅੱਖਾਂ ਦੀ ਰੌਸ਼ਨੀ ਸਦਾ ਲਈ ਖ਼ਤਮ ਹੋ ਜਾਵੇਗੀ। ਹੁਣ ਵੀ ਜਿੰਨੀ ਨਜ਼ਰ ਜਾ ਚੁੱਕੀ ਹੈ ਵਾਪਸ ਨਹੀਂ ਆਏਗੀ। ਮੈਂ ਸੁਣ ਕੇ ਸੁੰਨ ਹੋ ਗਈ ਅਤੇ ਉਥੇ ਹੀ ਬੈਠ ਗਈ। ਅੱਖਾਂ ਅੱਗੇ ਆਏ ਹਨੇਰੇ ’ਚੋਂ ਸਿਰਫ਼ ਅੱਥਰੂ ਵਗ ਰਹੇ ਸਨ। ਕੀ ਹੋਵੇਗਾ ਮੇਰੀ ਬੇਟੀ ਦਾ ਭਵਿੱਖ ? ਫਿਰ ਉਸ ਵੇਲੇ ਜਗਰੂਪ

ਨੇ ਹੀ ਤਸੱਲੀ ਦੇਂਦਿਆਂ ਕਿਹਾ, "ਕੋਈ ਗੱਲ ਨਹੀਂ। ਨੁਕਸ ਤਾਂ ਕਿਸੇ ਦੇ ਵੀ, ਕਦੀ ਵੀ ਪੈ ਸਕਦਾ ਹੈ। ਫ਼ਿਕਰ ਨਾ ਕਰੋ, ਮੈਂ ਓਪ੍ਰੇਸ਼ਨ ਸਮੇਂ ਨਾਲ ਰਹਾਂਗਾ।" ਅੰਨ੍ਹਾ ਕੀ ਭਾਲੇ ਦੋ ਅੱਖਾਂ ? ਬੇਟੀ ਦੀਆਂ ਅੱਖਾਂ ਵਿਚ ਨੁਕਸ ਪੈਣ ਦੇ ਦਿਨੀਂ ਉਸ ਦੇ ਅਚਾਨਕ ਆਉਣ ਵਾਲੇ ਸਬੱਬ ਕਾਰਨ ਅਸੀਂ ਉਸ ਔਖੀ ਸਥਿਤੀ 'ਚੋਂ ਬਚ ਗਏ ਸਾਂ ਕਿ ਉਨ੍ਹਾਂ ਨੂੰ ਕਿੰਝ ਦੱਸੀਏ! ਹਰੇਕ ਦੀ ਸੋਚਣੀ ਵੱਖ-ਵੱਖ ਹੁੰਦੀ ਹੈ। ਖ਼ੈਰ ਉਹ ਦਸ ਬਾਰਾਂ ਦਿਨ ਰਿਹਾ। ਦੋਹਾਂ ਅੱਖਾਂ ਦਾ ਵਾਰੀ-ਵਾਰੀ ਓਪ੍ਰੇਸ਼ਨ ਕਰਵਾਇਆ ਗਿਆ। ਜੋ ਪ੍ਰਮਾਤਮਾ ਦੀ ਕਿਰਪਾ ਨਾਲ ਕਾਮਯਾਬ ਰਿਹਾ। ਫਿਰ ਸਾਨੂੰ ਨਵੇਂ ਫਿਕਰ ਨੇ ਘੇਰ ਲਿਆ ਕਿ ਭਾਵੀ ਕੁੜਮ, ਇਸ ਗੱਲ ਨੂੰ ਪਤਾ ਨਹੀਂ ਕਿਸ ਤਰ੍ਹਾਂ ਲੈਣ। ਪਰ ਜਗਰੂਪ ਨੇ ਸਭ ਨੂੰ ਇੰਜ ਸਮਝਾਇਆ ਕਿ ਸਭ ਕੁਝ ਠੀਕ-ਠਾਕ ਹੋ ਗਿਆ। ਇਸ ਤਰ੍ਹਾਂ ਇਕ ਸ਼ਾਮ ਸਬੱਬੀਂ ਮਿਲਿਆ ਉਹ ਅਜਨਬੀ ਲੜਕਾ ਸਾਡਾ ਅਤਿ ਪਿਆਰਾ ਅਜੀਜ਼ ਬਣ ਗਿਆ।

ਇੰਜ ਦੀ ਹੀ ਇਕ ਹੋਰ ਘਟਨਾ ਯਾਦ ਆ ਰਹੀ ਹੈ, ਜਿਸ ਕਾਰਨ ਮੈਂ ਅੱਜ ਤਕ ਜੀ ਰਹੀ ਹਾਂ। ਅਸੀਂ ਤਰਨ ਤਾਰਨ ਰਹਿੰਦੇ ਸਾਂ ਤੇ ਮੈਂ ਤੀਜੀ ਜਮਾਤ ਵਿਚ ਪੜ੍ਹਦੀ ਸਾਂ। ਸਾਲਾਨਾ ਇਮਤਿਹਾਨ ਚੱਲ ਰਹੇ ਸਨ। ਇਕ ਦਿਨ ਪੇਪਰ ਤੋਂ ਬਾਦ ਅਸੀਂ ਨੇੜੇ ਦੇ ਹੀ ਘਰਾਂ ਵਿਚ ਰਹਿਣ ਵਾਲੀਆਂ ਅੱਠ-ਦਸ ਲੜਕੀਆਂ ਖੇਡ ਰਹੀਆਂ ਸਾਂ। ਅਚਾਨਕ ਇਕ ਕੁੜੀ ਬੋਲੀ ਕਿ ਚਲੋ ਦਰਬਾਰ ਸਾਹਿਬ ਮੱਥਾ ਟੇਕ ਕੇ ਆਈਏ। ਪੇਪਰਾਂ ਦੇ ਦਿਨਾਂ ਵਿਚ ਰੱਬ ਤੋਂ ਡਰ ਜ਼ਿਆਦਾ ਹੀ ਲੱਗਦਾ ਹੈ। ਸੋ ਸਭ ਕੁੜੀਆਂ ਜਾਣ ਲਈ ਤਿਆਰ ਹੋ ਗਈਆਂ ਤੇ ਚਲੀਆਂ ਗਈਆਂ। ਉਥੇ ਜਾ ਕੇ ਇਕ ਸ਼ਰਾਰਤੀ ਕੁੜੀ ਸਭ ਨੂੰ ਨਾਲ ਲੈ ਕੇ ਪੌੜੇ ਵਿਚ ਜਾ ਵੜੀ ਕਿ ਚਲੋ ਇਸ਼ਨਾਨ ਕਰੀਏ। ਪਰ ਮੈਂ ਨਾਂਹ ਕਰਦੀ ਰਹੀ। ਘਰਦਿਆਂ ਤੇ ਪਾਣੀ, ਦੋਹਾਂ ਤੋਂ ਡਰ ਲੱਗ ਰਿਹਾ ਸੀ। ਪਰ ਕੁੜੀਆਂ ਆਪਣੀ ਥਾਂ ਡਰ ਰਹੀਆਂ ਸੀ ਕਿ ਜੇ ਇਹ ਨਾ ਨਹਾਤੀ ਤਾਂ ਆਪਣੇ ਘਰ ਜਾ ਕੇ ਦੱਸ ਦੇਵੇਗੀ ਤੇ ਉਥੋਂ ਗੱਲ ਸਾਰਿਆਂ ਦੇ ਘਰੀਂ ਪਹੁੰਚ ਸਕਦੀ ਹੈ। ਸੋ ਉਨ੍ਹਾਂ ਮੈਨੂੰ ਮਜਬੂਰ ਕਰਕੇ ਮਨਾ ਲਿਆ। ਫਿਰ ਜਦ ਮੈਂ ਪਾਣੀ ਵਿਚ ਗਈ, ਕੁਝ ਪਤਾ ਹੀ ਨਾ ਲੱਗਾ ਕਿਵੇਂ ਡੁੱਬ ਗਈ। ਨਾ ਪੈਰ ਤਿਲਕਿਆ, ਨਾ ਕੋਈ ਡਰ ਦੀ ਚੀਕ ਵੱਜੀ। ਬਸ ਕੁਝ ਦੇਰ ਦੇ ਵਕਫ਼ੇ ਪਿੱਛੋਂ ਜਾਪਿਆ ਜਿਵੇਂ ਅੱਖਾਂ ਤੇ ਪੀਲਾ ਚਾਨਣ ਜਿਹਾ ਪਿਆ, ਜਿਵੇਂ ਮੈਂ ਝੂਲੇ ਵਿਚ ਸਾਂ ਤੇ ਫਿਰ ਅਚਾਨਕ ਚੇਤਨਾ ਆਈ। ਮੈਂ ਇਕ ਕੁੜੀ ਦਾ ਹੱਥ ਫੜ ਕੇ ਬਾਹਰ ਆ ਰਹੀ ਸਾਂ। ਸਾਰੀਆਂ ਕੁੜੀਆਂ ਮੇਰੇ ਦੁਆਲੇ ਹੋ ਗਈਆਂ ਕਿ ਤੂੰ ਤਾਂ ਡੁੱਬ ਗਈ ਸੈਂ ਤੇ ਅਸੀਂ ਬੜਾ ਰੌਲਾ ਪਾਇਆ। ਪਰ ਮੈਨੂੰ ਕਿਸੇ ਦਾ ਵੀ ਰੌਲਾ ਨਾ ਸੁਣਿਆ। ਅੱਜ ਸੋਚਾਂ ਤਾਂ ਇਹ ਗੱਲ ਵੀ ਕੁਝ ਮੁਸ਼ਕਿਲ ਲੱਗਦੀ ਹੈ। ਆਪਣੀ ਉਮਰ ਤੇ ਭਾਰ ਜਿੰਨੇ ਦੂਜੇ ਬੱਚੇ ਨੂੰ ਕੋਈ ਆਸਾਨੀ ਨਾਲ ਪੌੜੀ 'ਤੇ ਖੜ੍ਹ ਕੇ ਖਿੱਚ ਲਵੇ। ਸ਼ਾਇਦ ਮੈਂ ਜਿਸ ਪਲ ਪਾਣੀ ਦੇ ਉਛਾਲ ਨਾਲ ਬਾਹਰ ਆਈ ਹੋਵਾਂਗੀ ਉਸੇ ਵੇਲੇ ਕਿਸੇ ਕੁੜੀ ਦੇ ਹੱਥ ਵਿਚ ਮੇਰੀ ਗੁੱਤ ਜਾਂ ਹੱਥ ਆ ਗਿਆ ਤੇ ਇਸ ਗ਼ਜ਼ਬ ਦੇ ਸਬੱਬ ਸਦਕਾ ਮੈਂ ਇਹ ਘਟਨਾ ਦੱਸਣ ਦੇ ਯੋਗ

ਹੋ ਸਕੀ, ਜਿਸ ਨੂੰ ਘਰਦਿਆਂ ਤੋਂ ਲੁਕਾਉਣ ਵਾਸਤੇ ਸਾਰੀਆਂ ਇਕ ਦੂਜੀ ਨੂੰ ਸਹੁੰਆਂ ਪਾਉਂਦੀਆਂ ਰਹੀਆਂ ਸਨ।

ਏਸੇ ਤਰ੍ਹਾਂ ਹੀ ਕੁਝ ਸਾਲ ਪਹਿਲਾਂ ਦੀ ਗੱਲ ਹੈ। ਸਾਡੇ ਪਿੰਡ ਦਾ ਇਕ ਆਦਮੀ ਕੁਝ ਢਿੱਠਾ ਮੱਠਾ ਸੀ। ਉਸਦਾ ਲੜਕਾ ਸਕੂਟਰ 'ਤੇ ਉਸ ਨੂੰ ਨੇੜਲੇ ਕਸਬੇ ਦੇ ਡਾਕਟਰ ਕੋਲ ਲੈ ਗਿਆ। ਦੁਆਈ ਲੈ ਕੇ ਆਉਂਦਿਆਂ ਵਾਪਸੀ 'ਤੇ ਸਕੂਟਰ ਰਸਤੇ ਵਿਚ ਆਉਂਦੀ ਰੋਹੀ ਦੀ ਇਕ ਪੁਲੀ 'ਤੇ ਬੰਦ ਹੋ ਗਿਆ। ਬਜ਼ੁਰਗ ਉਤਰ ਕੇ ਇਕ ਪਾਸੇ ਬੈਠ ਗਿਆ ਤੇ ਮੁੰਡਾ ਸਕੂਟਰ ਨੂੰ ਕਿੱਕਾਂ ਮਾਰਨ ਲੱਗ ਪਿਆ। ਜਦ ਸਕੂਟਰ ਸਟਾਰਟ ਹੋਇਆ, ਲੜਕੇ ਨੇ ਪਿਤਾ ਨੂੰ ਬੈਠਣ ਵਾਸਤੇ ਕਿਹਾ। ਪਰ ਉਸਦੇ ਪਿਤਾ ਦੇ ਪ੍ਰਾਣ ਪੰਖੇਰੂ ਤਦ ਤਕ ਉਥੇ ਬੈਠਿਆਂ ਹੀ ਉੱਡ ਚੁੱਕੇ ਸਨ।

ਕਈ ਸਹਿਜ ਸੁਭਾ ਵਾਪਰਦੀਆਂ ਘਟਨਾਵਾਂ, ਅਜਿਹੇ ਸਬੱਬ ਦਾ ਰੂਪ ਧਾਰਨ ਕਰ ਜਾਂਦੀਆਂ ਹਨ ਕਿ ਸਦਾ ਲਈ ਜ਼ਿੰਦਗੀ ਵਿਚ ਆਪਣੇ ਕਿਸੇ ਅੰਸ਼ ਦੀ ਪਾਹ ਛੱਡ ਜਾਂਦੀਆਂ ਹਨ। ਫਿਰ ਅਸੀਂ ਜ਼ਿੰਦਗੀ ਭਰ ਉਨ੍ਹਾਂ ਦੀ ਛੱਡੀ ਕਸੈਲ 'ਚੋਂ ਨਹੀਂ ਨਿਕਲ ਸਕਦੇ।

ਕਦੀ ਕਿਸੇ ਪਲ ਕੋਈ ਘਟਨਾ, ਕੋਈ ਹਰਕਤ ਇੰਜ ਦਾ ਸਬੱਬ ਬਣ ਕੇ ਆਉਂਦੀ ਹੈ ਕਿ ਕਮਜ਼ੋਰ ਤੋਂ ਕਮਜ਼ੋਰ ਬੰਦੇ ਨੂੰ ਵੀ ਮਜਬੂਤੀ ਨਾਲ ਤਣੇ ਰਹਿਣ ਦਾ ਹੌਂਸਲਾ ਦੇ ਜਾਂਦੀ ਹੈ। ਗੱਲ ਉਦੋਂ ਦੀ ਹੈ ਜਦੋਂ ਮੈਂ ਪੰਜ ਜਾਂ ਛੇ ਸਾਲ ਦੀ ਹੋਵਾਂਗੀ। ਪਰ ਸਾਰਾ ਕੁਝ ਬਿਲਕੁਲ ਸਾਫ ਸਾਫ ਯਾਦ ਹੈ। ਅਸੀਂ ਤਰਨ ਤਾਰਨ, ਅੰਮ੍ਰਿਤਸਰ ਨੂੰ ਜਾਂਦੀ ਮੇਨ ਰੋਡ 'ਤੇ ਬਣੇ ਇਕ ਘਰ ਵਿਚ ਕਿਰਾਏ 'ਤੇ ਰਹਿੰਦੇ ਸਾਂ। ਮਕਾਨ ਮਾਲਕ ਟਾਟਾ ਰਹਿੰਦੇ ਸਨ। ਮਕਾਨ ਮਾਲਕਣ ਦਾ ਭਰਾ ਨਛੱਤਰ ਸਿੰਘ ਘਰ ਦੀ ਦੇਖਭਾਲ ਕਰਦਾ ਸੀ। ਉਪਰਲੀ ਮੰਜ਼ਿਲ 'ਤੇ ਅਸੀਂ ਰਹਿੰਦੇ ਸਾਂ। ਹੇਠਲਾ ਹਿੱਸਾ ਉਸਨੇ ਕਿਸੇ ਖ਼ੂਬਸੂਰਤ ਤੇ ਤੇਜ਼ ਤਰਾਰ ਔਰਤ ਨੂੰ ਕਿਰਾਏ 'ਤੇ ਦੇ ਦਿੱਤਾ। ਉਸਦੇ ਦੋ ਛੋਟੇ ਛੋਟੇ ਬੱਚੇ ਸਨ। ਉਸਦੀ ਸੱਸ ਬਿਲਕੁਲ ਸਧਾਰਨ ਸੀ। ਛੀਟ ਦਾ ਘੱਗਰਾ ਪਾਉਂਦੀ ਤੇ ਉਸਦਾ ਘਰਵਾਲਾ ਵੀ ਬਿਲਕੁਲ ਹੀ ਸਿੱਧਾ ਸਾਦਾ ਪੰਸਾਰੀ ਸੀ, ਜਿਸ ਦੀ ਇਕ ਅੱਖ ਵਿਚ ਚਿੱਟਾ ਪਿਆ ਹੋਇਆ ਸੀ। ਉਹ ਸ਼ਾਇਦ ਮਾੜੀ ਮੋਟੀ ਨਰਸ ਹੋਵੇ, ਪਰ ਘਰ ਦੇ ਬਾਹਰ ਉਸਨੇ ਬੋਰਡ 'ਤੇ 'ਲੇਡੀ ਡਾਕਟਰ ਲੀਲਾਵੰਤੀ' ਵੱਡੇ-ਵੱਡੇ ਅੱਖਰਾਂ ਵਿਚ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਵਿਚ ਲਿਖਾਇਆ ਹੋਇਆ ਸੀ। ਮਰੀਜ਼ ਤਾਂ ਕੋਈ ਭੁੱਲਿਆ ਭਟਕਿਆ ਹੀ ਆਉਂਦਾ ਪਰ ਸ਼ਹਿਰ ਦਾ ਇਕ ਅਮੀਰ ਆਦਮੀ ਰੋਜ਼ਾਨਾ ਸ਼ਾਮ ਨੂੰ ਆਇਆ ਕਰਦਾ ਸੀ, ਜਿਸ ਤੋਂ ਸ਼ਾਇਦ ਬਚਿੱਤਰ ਸਿੰਘ ਚਿੜ੍ਹਦਾ ਸੀ। ਇਸ ਵਰਤਾਰੇ ਦਾ ਸੱਚ ਹੁਣ ਏਨੇ ਸਾਲਾਂ ਪਿੱਛੋਂ ਸਮਝ ਵਿਚ ਆ ਰਿਹਾ ਹੈ।

ਉਸ ਦਿਨ ਸ਼ਾਮ ਨੂੰ ਮੈਂ ਖੇਡਦਿਆਂ ਖੇਡਦਿਆਂ ਪੌੜੀਆਂ ਵੱਲ ਆਈ ਤਾਂ ਹਨੇਰੇ ਦੇ ਘੁਸਮੁਸੇ ਵਿਚ ਨਛੱਤਰ ਸਿੰਘ ਖੜ੍ਹਾ ਦਿਸਿਆ। ਉਸਦੇ ਸੱਜੇ ਹੱਥ ਵਿਚ ਨੰਗੀ ਤਲਵਾਰ ਸੀ। ਮੈਂ ਕੁਝ ਬੋਲਣ ਹੀ ਲੱਗੀ ਸਾਂ ਕਿ ਉਸਨੇ ਇਸ਼ਾਰੇ ਨਾਲ ਮੈਨੂੰ ਚੁੱਪ ਰਹਿਣ ਦਾ

ਇਸ਼ਾਰਾ ਕੀਤਾ। ਮੈਂ ਚੁੱਪ ਕਰਕੇ ਉੱਪਰ ਆ ਗਈ। ਕੁਝ ਹੀ ਦੇਰ ਪਿੱਛੋਂ ਹੇਠਾਂ ਰੌਲਾ ਪੈ ਗਿਆ। ਸਾਰੇ ਘਰ ਦੇ ਜਲਦੀ ਨਾਲ ਦਰਵਾਜ਼ੇ ਬੰਦ ਕਰਕੇ ਸੌਂ ਗਏ। ਸਵੇਰੇ ਉੱਠਦਿਆਂ ਹੀ ਥੱਲੇ ਦੇ ਘਰ ਵਿਚ ਕਿੰਨੇ ਸਾਰੇ ਲੋਕ ਇਕੱਠੇ ਹੋਏ ਪਏ ਸਨ। ਕਿਸੇ ਨੂੰ ਕਹਿੰਦਿਆਂ ਸੁਣਿਆ ਕਿ ਕਿਸੇ ਨੇ ਉਸ ਰੋਜ਼ ਆਉਣ ਵਾਲੇ ਸਰਾਫ਼ ਦੇ ਢਿੱਡ ਵਿਚ ਤਲਵਾਰ ਖੋਭ ਦਿੱਤੀ ਹੈ। ਮੈਨੂੰ ਨਛੱਤਰ ਸਿੰਘ ਦਾ ਉਹੀ ਕਿਰਪਾਨ ਵਾਲਾ ਸੀਨ ਚੇਤੇ ਸੀ। ਮੇਰੇ ਬਾਲ ਮਨ ਨੂੰ ਯਕੀਨ ਹੋ ਗਿਆ ਕਿ ਉਸੇ ਨੇ ਹੀ ਤਲਵਾਰ ਮਾਰੀ ਹੈ। ਮੈਨੂੰ ਘਰਦਿਆਂ ਨੇ ਵਾਰ ਵਾਰ ਬਹੁਤ ਪੱਕਾ ਕੀਤਾ, ਸਖ਼ਤੀ ਨਾਲ ਬਾਰ ਬਾਰ ਸਮਝਾਇਆ ਕਿ ਤੈਨੂੰ ਜਿਹੜਾ ਮਰਜ਼ੀ ਪੁੱਛੇ ਕਿ ਕੀ ਹੋਇਆ ਸੀ, ਤੂੰ ਕਹਿਣਾ ਮੈਨੂੰ ਨਹੀਂ ਪਤਾ। ਪੁਲਿਸ ਵਾਲੇ ਸਾਰੇ ਗੁਆਂਢੀਆਂ ਦੀਆਂ ਗਵਾਹੀਆਂ ਲੈ ਰਹੇ ਸਨ। ਮੈਨੂੰ ਵੀ ਪੁੱਛਿਆ। ਘਰ ਦੇ ਸਾਹਮਣੇ ਖੜ੍ਹੇ ਸਨ। ਉਨ੍ਹਾਂ ਦਾ ਕਿਹਾ ਮੈਨੂੰ ਯਾਦ ਸੀ ਪਰ ਉਸ ਪੌੜੀਆਂ ਵਿਚ ਤਲਵਾਰ ਫੜੀ ਖੜ੍ਹੇ ਨਛੱਤਰ ਸਿੰਘ ਦਾ ਪ੍ਰਤੀਬਿੰਬ ਵੀ ਉਸੇ ਪਲ ਮੇਰੇ ਸਾਹਮਣੇ ਸੀ। ਮੈਂ ਕਿਹਾ ਇਕ ਆਦਮੀ ਨੇ ਕਿਰਪਾਨ ਮਾਰੀ ਸੀ। ਉਸਦਾ ਨਾਮ ਮੈਂ ਘਰ ਦਿਆਂ ਤੋਂ ਡਰਦੀ ਲੁਕਾ ਗਈ।ਇਕ ਪਲ ਦੇ ਸਬੱਬ ਕਾਰਨ ਮੈਂ ਸਾਰੇ ਘਰਦਿਆਂ ਤੋਂ ਡਰੇ ਬਿਨਾਂ ਸੱਚ ਬੋਲ ਸਕੀ ਸਾਂ। ਝਿੜਕਾਂ ਤਾਂ ਬਹੁਤ ਪਈਆਂ ਪਰ ਮੈਨੂੰ ਆਪਣੇ ਮਨੋਂ ਸੱਚ ਬੋਲਣ ਦੀ ਤਸੱਲੀ ਰਹੀ ਸੀ।

ਕੁਝ ਪਲ ਵੀ ਸਬੱਬ ਬਣਨ ਲਈ ਖ਼ੁਦ ਪਹਿਲ ਕਰਕੇ ਸਾਨੂੰ ਇਸ਼ਾਰਾ ਕਰਦੇ ਹਨ ਤੇ ਅਸੀਂ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ’ਤੇ ਚੱਲਦਿਆਂ ਪਲਾਂ ਦੀ ਸਮਰੱਥਾ ਨੂੰ ਸਾਕਾਰ ਕਰਦੇ ਹਾਂ। ਮੇਰੀ ਛੋਟੀ ਤੇ ਇਕੋ ਇਕ ਭੈਣ 1993 ਵਿਚ ਸਵਰਗਵਾਸ ਹੋ ਗਈ। ਉਸਦਾ ਘਰ ਕਸਬੇ ਤੋਂ ਬਾਹਰਵਾਰ ਫਾਰਮ ਹਾਊਸ ’ਤੇ ਹੈ। ਉਸ ਵਕਤ ਉਨ੍ਹਾਂ ਦੇ ਦੋਵੇਂ ਬੱਚੇ ਹੋਸਟਲ ਵਿਚ ਰਹਿ ਕੇ ਪੜ੍ਹਦੇ ਸਨ ਤੇ ਆਪ ਉਹ ਦੋਵੇਂ ਨੌਕਰ ਸਮੇਤ ਘਰ ਵਿਚ ਰਹਿੰਦੇ ਸਨ। ਪਤਨੀ ਦੀ ਅਚਾਨਕ ਜੁਦਾਈ ਕਾਰਨ ਮੇਰਾ ਭਣਵਈਆ ਕੁਲਵੰਤ ਬਹੁਤ ਬੇਚੈਨ ਤੇ ਬੇਦਿਲ ਸੀ। ਇਕ ਦਿਨ ਸਾਨੂੰ ਬੁਲਾ ਕੇ ਉਸਨੇ ਘਰ ਦਾ ਸਾਰਾ ਗਹਿਣਾ ਦੇ ਕੇ ਕਿਹਾ—ਇਹ ਆਪਣੇ ਬੈਂਕ ਦੇ ਲਾਕਰ ਵਿਚ ਰੱਖ ਲਓ। ਅਸੀਂ ਉਸ ਸਾਮਾਨ ਦੀਆਂ ਦੋ ਲਿਸਟਾਂ ਬਣਾ ਲਈਆਂ। ਇਕ ਲਿਸਟ ਉਥੇ ਉਨ੍ਹਾਂ ਦੀ ਅਲਮਾਰੀ ਵਿਚ ਰੱਖ ਦਿੱਤੀ। ਦੂਜੀ ਨੂੰ ਗਹਿਣੇ ਵਾਲੇ ਪਰਸ ਵਿਚ ਪਾ ਕੇ ਲਾਕਰ ਵਿਚ ਰੱਖ ਦਿੱਤਾ।

ਇੰਜ ਤਕਰੀਬਨ ਇਕ ਸਾਲ ਨਿਕਲ ਗਿਆ। ਇਕ ਦਿਨ ਸਾਨੂੰ ਅਚਾਨਕ ਖ਼ਿਆਲ ਆਇਆ ਕਿ ਹੁਣ ਸਮਾਨ ਵਾਪਸ ਕਰ ਆਉਣਾ ਚਾਹੀਦਾ ਹੈ। ਅਸੀਂ ਉਸੇ ਦਿਨ ਹੀ ਸ਼ਾਮ ਨੂੰ ਚਲੇ ਗਏ। ਮੈਂ ਕੁਲਵੰਤ ਨੂੰ ਸਾਮਾਨ ਨੂੰ ਲਿਸਟ ਨਾਲ ਮਿਲਾਉਣ ਵਾਸਤੇ ਕਿਹਾ। ਉਹ ਮਨ੍ਹਾ ਕਰਦਾ ਰਿਹਾ ਪਰ ਮੈਂ ਉਸਦੇ ਸਾਹਮਣੇ ਇਕ ਇਕ ਚੀਜ਼ ਲਿਸਟ ਨਾਲ ਮਿਲਾਈ ਤੇ ਹਵਾਲੇ ਕਰ ਦਿੱਤੀ। ਆਪਣੇ ਮਨੋਂ ਸੁਰਖਰੂ ਹੋ ਕੇ ਅਸੀਂ ਦੋਵੇਂ ਅਗਲੇ ਦਿਨ ਤੜਕਸਾਰ ਵਾਪਸ ਆ ਗਏ। ਉਸੇ ਦਿਨ ਦੁਪਹਿਰੇ ਕੁਲਵੰਤ ਦੇ ਦੋਸਤ

ਦਾ ਫ਼ੋਨ ਆਇਆ ਕਿ ਕੁਲਵੰਤ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਮੌਕੇ 'ਤੇ ਹੀ ਮੌਤ ਹੋ ਗਈ। ਉਸੇ ਵੇਲੇ ਉਸ ਦੁੱਖ ਦੀ ਘੜੀ ਵਿਚ ਵੀ ਮਨ ਨੂੰ ਇਸ ਗੱਲ ਦਾ ਸਕੂਨ ਜ਼ਰੂਰ ਰਿਹਾ ਕਿ ਅਸੀਂ ਉਸਦੀ ਅਮਾਨਤ ਉਸਦੇ ਹੱਥਾਂ ਵਿਚ ਵਾਪਸ ਸੌਂਪ ਦਿੱਤੀ ਸੀ। ਜੇ ਇਕ ਵੀ ਦਿਨ ਘੌਲ ਕਰਦੇ ਤਾਂ ਸਦਾ ਵਾਸਤੇ ਮਨ 'ਤੇ ਬੋਝ ਰਹਿੰਦਾ।

ਫਿਰ ਚੌਥੇ ਵਾਲੇ ਦਿਨ ਜਦ ਕੁਲਵੰਤ ਦੀਆਂ ਅਸਥੀਆਂ ਲੈ ਕੇ ਜਾਣ ਲੱਗਿਆਂ ਕਾਰ ਵਿਚ ਬੈਠੀ ਤਾਂ ਮੈਨੂੰ ਸਾਲ ਪਹਿਲਾਂ ਉਸਦੇ ਮੂੰਹੋਂ ਸਬੱਬੀ ਨਿਕਲੇ ਸ਼ਬਦ ਯਾਦ ਆਏ (ਜਦ ਪਿਛਲੇ ਸਾਲ ਮੇਰੀ ਭੈਣ ਦੀਆਂ ਅਸਥੀਆਂ ਲੈ ਕੇ ਨਿਕਲੇ ਸਾਂ)। ਲੋਕ ਮਨ ਦੇ ਵਿਸ਼ਵਾਸ ਅਨੁਸਾਰ ਜਦ ਕਿਸੇ ਦੇ ਫੁੱਲ ਪ੍ਰਵਾਹ ਕਰਨ ਨਿਕਲਣਾ ਹੁੰਦਾ ਹੈ, ਘਰ ਦਾ ਕੋਈ ਜੀ ਉਸਦਾ ਨਾਮ ਲੈ ਕੇ ਹਰ ਕਮਰੇ ਵਿਚ ਜਾ ਕੇ ਆਵਾਜ਼ਾਂ ਦੇਂਦਾ ਹੈ ਕਿ ਚੱਲ ਫਲਾਣਿਆ ਜਾਂ ਫਲਾਣੀਏ...ਚੱਲੀਏ। ਪਿਛਲੇ ਸਾਲ ਜਦ ਘਰੋਂ ਅਜਿਹੀ ਸਥਿਤੀ ਵਿਚ ਨਿਕਲੇ ਸਾਂ ਤਾਂ ਮੈਨੂੰ ਸੁਣੀ ਹੋਈ ਗੱਲ ਯਾਦ ਆ ਗਈ ਸੀ। ਮੈਂ ਉਸ ਨੂੰ ਕਿਹਾ ਕਿ ਤੁਸੀਂ ਪਰਮਿੰਦਰ ਨੂੰ ਆਵਾਜ਼ ਤਾਂ ਦਿੱਤੀ ਹੀ ਨਹੀਂ, ਚਲੋ ਵਾਪਸ ਮੁੜੀਏ। ਪਰ ਉਸਨੇ ਬੇਹੱਦ ਦੁਖੀ, ਬੇਚੈਨ ਲਹਿਜ਼ੇ ਵਿਚ ਕਿਹਾ ਸੀ, ਕੋਈ ਗੱਲ ਨਹੀਂ, ਹੁਣ ਇਸ ਤੋਂ ਬੁਰਾ ਕੀ ਹੋ ਸਕਦਾ ਹੈ ?" ਤੇ ਅੱਜ ਬੱਚੇ ਯਤੀਮ ਹੋ ਚੁੱਕੇ ਸਨ।

# ਅਚੇਤਨ ਵਿਚ ਬੈਠਾ ਦਾਨਵ—ਡਰ

ਡਰ ਮਨੁੱਖ ਦੇ ਹੋਂਦ ਵਿਚ ਆਉਣ ਸਾਰ ਹੀ ਉਸਦੇ ਮਨ ਵਿਚ ਆਪਣੀ ਥਾਂ ਬਣਾ ਲੈਂਦਾ ਹੈ। ਛੋਟਾ ਬਾਲ ਹਨੇਰੇ ਤੋਂ, ਉੱਚੀ ਆਵਾਜ਼ ਤੇ ਇਕੱਲੇਪਣ ਤੋਂ ਡਰ ਜਾਂਦਾ ਹੈ। ਫਿਰ ਵਿਕਸਿਤ ਹੋਣ ਦੀ ਕਿਰਿਆ ਦੌਰਾਨ ਕਈ ਸਥਿਤੀਆਂ 'ਚੋਂ ਲੰਘਦਿਆਂ ਕਈ ਹੋਰ ਡਰ ਉਸਦੇ ਮਨ ਵਿਚ ਬੈਠ ਜਾਂਦੇ ਹਨ ਤੇ ਕਈ ਨਿਕਲ ਵੀ ਜਾਂਦੇ ਹਨ। ਪਰ ਕਈ ਡਰ ਤਾਂ ਆਪਣਾ ਪਰਛਾਵਾਂ ਸਦਾ ਲਈ ਜ਼ਿੰਦਗੀ 'ਤੇ ਛੱਡ ਜਾਂਦੇ ਹਨ।

ਇੰਜ ਵੀ ਹੁੰਦਾ ਹੈ ਕਿ ਕਈ ਡਰ ਹਾਲਾਤ ਹੇਠ ਦੱਬ ਜਾਂਦੇ ਹਨ ਤੇ ਇਕ ਦਿਨ ਅਚਾਨਕ ਯਾਦਦਾਸ਼ਤ ਦੀਆਂ ਤਹਿਆਂ ਹੇਠੋਂ ਨਿਕਲ ਸੱਪ ਵਾਂਗ ਫਨ ਚੁੱਕ ਲੈਂਦੇ ਹਨ। ਬਚਪਨ ਵਿਚ ਇਕ ਵਾਰ ਮੈਂ ਸਰੋਵਰ ਵਿਚ ਡੁੱਬਦੀ ਡੁੱਬਦੀ ਬਚ ਗਈ ਸਾਂ। ਫਿਰ ਇਹ ਘਟਨਾ ਵਿਸਰੀ ਹੀ ਰਹੀ। ਬਾਅਦ ਵਿਚ ਮੈਂ ਕਈ ਵਾਰ ਸਰੋਵਰ ਵਿਚ ਨਹਾਤੀ ਵੀ। ਕਾਲਜ ਦੇ ਦਿਨੀਂ ਜਦੋਂ ਮੈਂ ਕੰਨਿਆ ਮਹਾਂਵਿਦਿਆਲਾ ਜਲੰਧਰ ਪੜ੍ਹਦੀ ਸਾਂ, ਸਾਡੀ ਜਮਾਤ ਦੀਆਂ ਲੜਕੀਆਂ ਦਾ ਟਰਿੱਪ ਕਾਂਜਲੀ ਝੀਲ 'ਤੇ ਗਿਆ। ਉਥੇ ਬੋਤਲ ਬੁਰਸ਼ ਦੇ ਵੱਡੇ ਵੱਡੇ ਬਿਰਖਾਂ ਦੇ ਮੋਟੇ ਟਾਹਣ ਦੂਰ ਤਕ ਪਾਣੀ ਉੱਤੇ ਸਮਾਨਾਂਤਰ ਫੈਲੇ ਦੇਖੇ ਤਾਂ ਮੈਂ ਰਹਿ ਨਾ ਸਕੀ ਤੇ ਬਾਕੀ ਲੜਕੀਆਂ ਦੀ ਦੇਖਾ-ਦੇਖੀ ਇਕ ਟਾਹਣ 'ਤੇ ਅੱਠ ਦਸ ਕਦਮ ਤੁਰਦੀ ਚਲੀ ਗਈ। ਅਚਾਨਕ ਪੈਰ ਤਿਲਕਿਆ ਪਰ ਇਕ ਨਿੱਕੀ ਜਿਹੀ ਟਾਹਣੀ ਨਾਲ ਅੜ ਗਿਆ। ਓਨੀ ਦੇਰ ਨੂੰ ਮੈਂ ਤਾਂ ਸੰਭਲ ਗਈ, ਪਰ ਉਹ ਨਿੱਕੀ ਸ਼ਾਖ ਟੁੱਟ ਕੇ 'ਛਪਾਕ' ਪਾਣੀ ਵਿਚ ਡਿੱਗ ਪਈ। ਦਿਲ ਦਹਿਲ ਗਿਆ। 'ਹੁਣੇ ਇਸ ਦੀ ਥਾਵੇਂ ਮੈਂ ਹੋਣਾ ਸੀ।' ਫਿਰ ਮੈਂ ਬਹੁਤ ਸੰਭਲ ਕੇ ਹੌਲੀ-ਹੌਲੀ ਵਾਪਸ ਆਈ। ਦਿਲ ਅਜੇ ਵੀ ਧੜਕ ਰਿਹਾ ਸੀ। ਨਾਲ ਆਏ ਅਧਿਆਪਕ ਨੂੰ ਪੁੱਛਿਆ ਕਿ ਇਥੇ ਪਾਣੀ ਕਿੰਨਾ ਕੁ ਗਹਿਰਾ ਹੋਵੇਗਾ। ਉਨ੍ਹਾਂ ਕਿਹਾ ਕਿ ਕੋਈ ਪੰਝੀ ਤੀਹ ਫੁੱਟ ਗਹਿਰਾ ਤਾਂ ਹੋਵੇਗਾ ਹੀ, ਮੇਰਾ ਅੰਦਰ ਕੰਬ ਗਿਆ। 'ਮੈਨੂੰ ਤਾਂ ਤਰਨਾ ਵੀ ਨਹੀਂ ਆਉਂਦਾ'। ਉਸੇ ਪਲ ਹੀ ਪਤਾ ਨਹੀਂ ਕਿੰਜ ਉਹ ਬਚਪਨ ਦੀ ਡੁੱਬਣ ਵਾਲੀ ਘਟਨਾ ਵੀ ਕਿਤੋਂ ਉੱਭਰ ਕੇ ਮੇਰੇ ਮਨ ਵਿਚ ਤਣ ਕੇ ਖਲੋ ਗਈ ਤੇ ਮੁੜ ਕਦੀ ਵੀ ਨਾ ਭੁੱਲੀ। ਫਿਰ ਤਾਂ ਪਾਣੀ ਦੇ ਡਰ ਨੇ ਮੈਨੂੰ ਏਨਾ ਜਕੜ ਲਿਆ ਕਿ ਤਫ਼ਰੀਹ ਦੇ ਪਲਾਂ ਵਿਚ ਪਾਣੀ ਵਿਚ ਕਿਸ਼ਤੀ ਆਦਿ ਦੀ ਕਿਸੇ ਵੀ ਸੈਰ ਵੇਲੇ ਸਹਿਜ ਹੋ ਕੇ ਆਨੰਦ ਮਾਣ ਹੀ ਨਾ ਸਕੀ। ਬੱਚਿਆਂ ਨਾਲ ਕਿਸੇ ਵੀ ਥਾਂ 'ਤੇ ਕਿਸ਼ਤੀ ਵਿਚ ਬੈਠਿਆਂ ਮੈਂ ਅਕਸਰ

ਚਲਾਉਣ ਵਾਲੇ ਨੂੰ ਪੁੱਛਦੀ ਰਹਿੰਦੀ ਕਿ "ਇਥੇ ਪਾਣੀ ਕਿੰਨਾ ਕੁ ਡੂੰਘਾ ਹੈ ਤੇ ਜੇ ਕੋਈ ਕਿਸ਼ਤੀ ਡੁੱਬਣ ਲੱਗੇ ਤਾਂ ਕੋਈ ਬਚਾਉਣ ਵਾਲੇ ਆ ਜਾਂਦੇ ਹਨ ?" ਆਦਿ ਆਦਿ। ਬੱਚੇ ਹੋਰ ਘੁੰਮਣ ਦੀ ਜ਼ਿਦ ਕਰਦੇ ਪਰ ਮੈਂ ਵਾਪਸ ਮੁੜਨ ਲਈ ਬਹਾਨੇ ਲੱਭਦੀ।

ਕਿਸੇ ਦੇ ਅੰਦਰ ਬੈਠਾ ਡਰ ਕਈ ਵਾਰ ਹਾਸੋਹੀਣੀਆਂ ਸਥਿਤੀਆਂ ਵੀ ਪੈਦਾ ਕਰ ਦੇਂਦਾ ਹੈ। ਇਸ ਤਰ੍ਹਾਂ ਦੀ ਸਥਿਤੀ ਦਰਸਾਉਂਦਾ ਇਕ ਚੁਟਕਲਾ ਆਮ ਪ੍ਰਚਲਤ ਹੈ ਕਿ ਇਕ ਜੱਟ ਮੁੰਡੇ ਦੀ ਬਾਣੀਏ ਦੇ ਹਾਣੀ ਮੁੰਡੇ ਨਾਲ ਲੜਾਈ ਹੋ ਗਈ। ਸਬੱਬੀ ਬਾਣੀਏ ਦਾ ਦਾਅ ਚੱਲ ਗਿਆ ਤੇ ਉਹ ਜੱਟ ਮੁੰਡੇ ਨੂੰ ਢਾਹ ਕੇ ਉਸਦੀ ਹਿੱਕ 'ਤੇ ਚੜ੍ਹ ਬੈਠਾ ਪਰ ਉੱਪਰ ਬੈਠਾ ਰੋਈ ਜਾਵੇ। ਕਿਸੇ ਵੇਖਣ ਵਾਲੇ ਨੇ ਪੁੱਛ ਲਿਆ ਕਿ ਤੂੰ ਤਾਂ ਉੱਪਰ ਬੈਠਾ ਏਂ, ਫਿਰ ਵੀ ਰੋ ਰਿਹਾ ਏਂ। ਉਹ ਕਹਿਣ ਲੱਗਾ ਕਿ ਜਦੋਂ ਇਹ ਉੱਪਰ ਆ ਗਿਆ, ਇਹਨੇ ਮੈਨੂੰ ਨਹੀਂ ਛੱਡਣਾ।"

ਕੁਝ ਗੁਆ ਦੇਣ ਦਾ ਡਰ ਵੀ ਹੁੰਦਾ ਹੈ ਤੇ ਉਸ 'ਚੋਂ ਸਭ ਤੋਂ ਵੱਡਾ ਡਰ ਹੁੰਦਾ ਹੈ ਜ਼ਿੰਦਗੀ ਗੁਆ ਦੇਣ ਦਾ। ਬਚਪਨ ਵਿਚ ਮਰਨ ਤੋਂ ਡਰ ਨਹੀਂ ਲੱਗਦਾ ਕਿਉਂਕਿ ਜ਼ਿੰਦਗੀ ਦੀ ਕੀਮਤ ਦਾ ਹੀ ਪਤਾ ਨਹੀਂ ਹੁੰਦਾ। ਜਵਾਨੀ ਆਪਣੇ ਜੋਸ਼ ਵਿਚ ਮਸਤ, ਇਸ ਤਰ੍ਹਾਂ ਦਾ ਕੁਝ ਸੋਚਣਾ ਹੀ ਨਹੀਂ ਚਾਹੁੰਦੀ। ਜਵਾਨੀ ਹੀ ਹੈ ਜੋ ਆਪਣੀ ਆਈ 'ਤੇ ਆ ਜਾਵੇ ਤਾਂ ਖ਼ਤਰੇ ਦੇ ਮੂੰਹ ਵਿਚ ਸਿੱਧੀ ਛਲਾਂਗ ਲਾ ਸਕਦੀ ਹੈ। ਪਰ ਇਸ ਦੀ ਰਵਾਨੀ ਦਾ ਵੇਗ ਮੱਠਾ ਪੈਂਦਿਆਂ ਹੀ ਜਦੋਂ ਰਿਸ਼ਤਿਆਂ ਦਾ ਤਾਣਾ ਬਾਣਾ ਘੇਰ ਲੈਂਦਾ ਹੈ ਤਾਂ ਕੁਝ ਗੁਆਉਣ ਦਾ ਖ਼ਿਆਲ ਆਉਂਦਿਆਂ ਹੀ ਤ੍ਰਹਿਣ ਲੱਗਦੇ ਹਾਂ ਤੇ ਡਰ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਉਲਟ ਕਈ ਵਾਰ ਕਿਸੇ ਦੀ ਜ਼ਿੰਦਗੀ ਵਿਚ ਅਜਿਹੀਆਂ ਘਟਨਾਵਾਂ ਦਾ ਤਾਂਤਾ ਹੀ ਲੱਗ ਜਾਂਦਾ ਹੈ। 'ਫਿਰ ਮੁਸ਼ਕਿਲੇਂ ਇਤਨੀ ਪੜੀ ਕਿ ਆਸਾਨ ਹੋ ਗਈ' ਵਾਲੀ ਗੱਲ ਵੀ ਹੋ ਜਾਂਦੀ ਹੈ। 'ਦਰਦ ਕਾ ਹੱਦ ਸੇ ਗੁਜ਼ਰ ਜਾਨਾ ਹੈ, ਹੈ ਦੁਆ ਹੋ ਜਾਨਾ' ਵਾਂਗ ਕੁਝ ਨਵਾਂ ਵੀ ਵਾਪਰ ਜਾਂਦਾ ਹੈ। ਅੰਗਰੇਜ਼ੀ ਦੀ ਇਕ ਫ਼ਿਲਮ ਵਿਚ ਦਿਖਾਇਆ ਗਿਆ ਸੀ ਕਿ ਇਕ ਆਦਮੀ ਮੌਤ ਨੂੰ ਏਨਾ ਨੇੜਿਓਂ ਦੇਖ ਲੈਂਦਾ ਹੈ ਕਿ ਉਸਦੇ ਮਨ ਵਿਚੋਂ ਮੌਤ ਦਾ ਡਰ ਮੂਲੋਂ ਹੀ ਨਿਕਲ ਜਾਂਦਾ ਹੈ ਤੇ ਫਿਰ ਉਹ ਹੈਰਾਨੀਜਨਕ ਕਾਰਨਾਮੇ ਕਰ ਗੁਜ਼ਰਦਾ ਹੈ।

ਡਰ ਜਾਣਕਾਰੀ ਦਾ ਵੀ ਹੁੰਦਾ ਹੈ ਤੇ ਅਨਜਾਣਤਾ ਦਾ ਵੀ। ਕਹਾਵਤ ਹੈ ਕਿ ਆਪਣੇ ਪਿੰਡ ਦੀਆਂ ਮੜ੍ਹੀਆਂ ਤੇ ਬੇਗਾਨੇ ਪਿੰਡ ਦੇ ਛੱਪੜ ਤੋਂ ਡਰ ਲੱਗਦਾ ਹੈ। ਪਿੰਡ ਦੀਆਂ ਮੜ੍ਹੀਆਂ ਕੋਲੋਂ ਲੰਘਦਿਆਂ, ਉਥੇ ਆ ਚੁੱਕੇ ਜਾਣੂ ਪਛਾਣੂ ਯਾਦ ਆਉਂਦੇ ਹਨ ਤੇ ਮਨ ਵਿਚ ਇਕ ਅਗਿਆਤ ਜਿਹਾ ਭੈਅ ਛਾ ਜਾਂਦਾ ਹੈ। ਪਰ ਦੂਜੇ ਪਿੰਡ ਬਾਰੇ ਇਸ ਤਰ੍ਹਾਂ ਦਾ ਕੁਝ ਪਤਾ ਨਹੀਂ ਹੁੰਦਾ। ਇਸੇ ਤਰ੍ਹਾਂ ਆਪਣੇ ਪਿੰਡ ਦੇ ਛੱਪੜ ਤਾਂ ਲੋਕਾਂ ਨੇ ਤਰੇ ਹੋਏ ਹੁੰਦੇ ਹਨ ਪਰ ਬੇਗ਼ਾਨੇ ਪਿੰਡ ਦੇ ਛੱਪੜ ਦੀ ਗਹਿਰਾਈ ਬਾਰੇ ਕੋਈ ਅੰਦਾਜ਼ਾ ਨਹੀਂ ਲੱਗ ਸਕਦਾ ਹੁੰਦਾ।

ਡਰ ਵੀ ਕਈ ਕਈ ਭੇਸ ਬਦਲਦਾ ਹੈ। ਕਈ ਵਾਰ ਕਿਸੇ ਦੀ ਮੌਜੂਦਗੀ ਦਾ ਛੱਪਾ

ਕਿਸੇ ਹੋਰ ਤੇ ਇੰਜ ਪੈਂਦਾ ਹੈ ਕਿ ਦੂਜਾ ਸਹਿਜ ਨਹੀਂ ਰਹਿ ਸਕਦਾ। ਜਿਵੇਂ ਕਈ ਬੱਚੇ ਪਿਓ ਜਾਂ ਕਿਸੇ ਰਿਸ਼ਤੇਦਾਰ ਤੋਂ ਡਰਦੇ ਹੁੰਦੇ ਹਨ। ਉਨ੍ਹਾਂ ਦੀ ਹਾਜ਼ਰੀ ਵਿਚ ਚੰਗੇ ਤੇਜ਼ ਤਰਾਰ ਲੋਕ ਵੀ ਖਿਸਿਆ ਕੇ ਉੱਠ ਜਾਣ ਦੀ ਹੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਦੀ ਸਥਿਤੀ ਨੂੰ ਦਰਸਾਉਂਦੀ ਇਕ ਕਹਾਣੀ ਅਕਬਰ ਤੇ ਬੀਰਬਲ ਦੇ ਨਾਮ ਨਾਲ ਵੀ ਜੋੜੀ ਜਾਂਦੀ ਹੈ। ਕਹਿੰਦੇ ਹਨ—ਇਕ ਵਾਰ ਬਾਦਸ਼ਾਹ ਅਕਬਰ ਬੀਰਬਲ ਨਾਲ ਨਾਰਾਜ਼ ਹੋ ਗਿਆ ਤਾਂ ਬੀਰਬਲ ਨੂੰ ਦਰਬਾਰ ਵਿਚੋਂ ਕੱਢ ਦਿੱਤਾ। ਕਈ ਦਿਨਾਂ ਪਿੱਛੋਂ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਸਨੇ ਬੀਰਬਲ ਨੂੰ ਲੱਭਣ ਵਾਸਤੇ ਇਕ ਤਰੀਕਾ ਅਪਣਾਇਆ। ਇਕ ਭੇਡ ਦਾ ਲੇਲਾ ਮੰਗਵਾਇਆ। ਇਕ ਆਦਮੀ, ਜਿਸ ਨੂੰ ਕੋਈ ਸਜ਼ਾ ਦੇਣੀ ਸੀ, ਨੂੰ ਬੁਲਾ ਕੇ ਉਸ ਲੇਲੇ ਦਾ ਭਾਰ ਉਸਦੇ ਸਾਹਮਣੇ ਹੀ ਤੋਲਿਆ ਤੇ ਲੇਲਾ ਉਸ ਆਦਮੀ ਦੇ ਹਵਾਲੇ ਕਰ ਦਿੱਤਾ। ਉਸ ਨੂੰ ਹਿਦਾਇਤ ਕੀਤੀ ਕਿ ਤੂੰ ਇਕ ਮਹੀਨੇ ਪਿੱਛੋਂ ਇਸ ਸ਼ਾਹੀ ਲੇਲੇ ਨੂੰ ਵਾਪਸ ਕਰਨਾ ਹੈ ਤੇ ਯਾਦ ਰੱਖਣਾ ਕਿ ਇਸ ਦਾ ਭਾਰ ਅੱਜ ਜਿੰਨਾ ਹੀ ਹੋਣਾ ਚਾਹੀਦਾ ਹੈ। ਨਾ ਰੱਤੀ ਭਰ ਵਧੇ ਤੇ ਨਾ ਹੀ ਘਟੇ। ਉਹ ਆਦਮੀ ਪਰੇਸ਼ਾਨ ਹੋ ਗਿਆ ਕਿ ਇੰਜ ਕਿਵੇਂ ਹੋ ਸਕਦਾ ਹੈ। ਪਰ ਹੁਕਮ ਸ਼ਾਹੀ ਸੀ ਤੇ ਜਾਨ ਵੀ ਬਚਾਉਣੀ ਸੀ। ਖ਼ੈਰ ਉਸਨੇ ਲੁਕੇ ਹੋਏ ਬੀਰਬਲ ਨੂੰ ਲੱਭਿਆ ਤੇ ਉਸਦੀ ਸਲਾਹ ਅਨੁਸਾਰ ਇਕ ਮਹੀਨਾ ਲੇਲੇ ਨੂੰ ਸਾਂਭਿਆ। ਜਦੋਂ ਅਕਬਰ ਨੇ ਲੇਲੇ ਦਾ ਭਾਰ ਤੁਲਵਾਇਆ ਤਾਂ ਭਾਰ ਪਹਿਲੇ ਜਿੰਨਾ ਵੇਖ ਕੇ ਹੈਰਾਨ ਰਹਿ ਗਿਆ। ਅਕਬਰ ਨੇ ਉਸ ਆਦਮੀ ਨੂੰ ਪੁੱਛਿਆ ਕਿ ਸੱਚੋ ਸੱਚ ਦੱਸ ਇਹ ਭਾਰ ਨੂੰ ਬਰਾਬਰ ਕਿਵੇਂ ਰੱਖਿਆ ? ਤਾਂ ਉਸ ਆਦਮੀ ਨੇ ਦੱਸਿਆ ਕਿ ਜਹਾਂ ਪਨਾਹ ਮੈਂ ਦਿਨ ਵੇਲੇ ਲੇਲੇ ਨੂੰ ਪੂਰਾ ਰੱਜ ਕੇ ਖੁਆਉਂਦਾ ਸਾਂ, ਇਸ ਦੀ ਵਧੀਆ ਸੇਵਾ ਕਰਦਾ ਰਿਹਾ ਸਾਂ। ਰਾਤ ਨੂੰ ਜੰਗਲ 'ਚੋਂ ਪਕੜ ਕੇ ਲਿਆਂਦਾ ਇਕ ਬਘਿਆੜ ਇਸ ਦੇ ਸਾਹਮਣੇ ਬੰਨ੍ਹ ਦੇਂਦਾ ਸਾਂ। ਪੂਰੀ ਰਾਤ ਬਘਿਆੜ ਨੂੰ ਦੇਖਦਿਆਂ ਸਹਿਮ ਕਾਰਨ ਇਸ ਦੇ ਖਾਧੇ ਪੀਤੇ ਦਾ ਅਸਰ ਖ਼ਤਮ ਹੋ ਜਾਂਦਾ ਸੀ। ਅਕਬਰ ਨੇ ਪੁੱਛਿਆ ਤੈਨੂੰ ਇਹ ਸਲਾਹ ਕਿਸ ਨੇ ਦਿੱਤੀ ਤਾਂ ਡਰਦਿਆਂ ਉਸ ਨੇ ਦੱਸ ਦਿੱਤਾ ਕਿ ਬੀਰਬਲ ਨੇ ਮੈਨੂੰ ਇਹ ਸਲਾਹ ਦਿੱਤੀ ਸੀ। ਅਕਬਰ ਦੀ ਸਕੀਮ ਕਾਮਯਾਬ ਹੋ ਗਈ।

ਆਮ ਤੌਰ 'ਤੇ ਡਰ ਦਾ ਜ਼ਿੰਦਗੀ ਨਾਲ ਲੁਕਣਮੀਟੀ ਵਾਲਾ ਰਿਸ਼ਤਾ ਹੁੰਦਾ ਹੈ। ਉੱਚੀ ਤੋਂ ਉੱਚੀ ਥਾਂ 'ਤੇ ਚੜ੍ਹਨ ਨੂੰ ਦਿਲ ਕਰਦਾ ਹੈ ਤੇ ਡਿੱਗਣ ਦਾ ਡਰ ਵੀ ਅੰਦਰ ਹੀ ਅੰਦਰ ਹੌਸਲੇ ਨੂੰ ਪਿਛਾਂਹ ਖਿੱਚਣ ਦੇ ਆਹਰ ਵਿਚ ਰਹਿੰਦਾ ਹੈ। ਪਾਣੀਆਂ ਵਿਚ ਅਠਖੇਲੀਆਂ ਕਰਨ ਦੀ ਲੋਚ ਉਭਰਦੀ ਹੈ ਪਰ ਡੁੱਬਣ ਦਾ ਡਰ ਨਾਲ ਹੀ ਰੀੜ੍ਹ ਦੀ ਹੱਡੀ ਵਿਚ ਰੀਂਗਣ ਲੱਗਦਾ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਡਰ ਦਾ ਸਾਡੇ ਮਨ ਤੋਂ ਬਾਹਰ ਕੋਈ ਵਜੂਦ ਹੀ ਨਹੀਂ ਹੁੰਦਾ ਤੇ ਸੋਚਵਾਨ ਮਨ ਆਪਣੀ ਬੁੱਧੀ, ਵਿਵੇਕ ਨਾਲ ਅਚੇਤਨ ਵਿਚ ਬੈਠੇ ਇਸ ਦਾਨਵ ਨੂੰ ਕਾਬੂ ਕਰ ਸਕਦਾ ਹੈ। ਡਰ 'ਤੇ ਕਾਬੂ ਪਾ ਚੁੱਕੇ ਲੋਕ ਉੱਚੀਆਂ-ਉੱਚੀਆਂ ਚੋਟੀਆਂ ਸਰ ਕਰ ਸਕਦੇ ਹਨ, ਪਾਣੀਆਂ ਵਿਚ ਲਹਿਰਦੇ

ਅਨੰਦ ਲੈਂਦੇ ਹਨ। ਹਵਾਵਾਂ ਵਿਚ ਉੱਡਣ ਵਾਲੇ ਜਾਣਦੇ ਹਨ ਕਿ ਮੌਤ ਜੇਬ ਵਿਚ ਪਈ ਹੈ ਪਰ ਇਸ ਦਾ ਅਰਥ ਇਹ ਹਰਗਿਜ਼ ਹੀ ਨਹੀਂ ਕਿ ਉੱਡੋ ਹੀ ਨਾ। ਕੁਝ ਤਾਂ ਮਨੁੱਖੀ ਮਨ ਵਿਚ ਅਜਿਹਾ ਹੁੰਦਾ ਹੈ ਜੋ ਸਭ ਡਰਾਂ ਨੂੰ ਪਛਾੜ ਕੇ ਬੰਦੇ ਨੂੰ ਆਪਣੀ ਪੁੱਠ ਚਾੜ੍ਹ ਕੇ ਅਣਹੋਣੇ ਕਾਰਜਾਂ ਲਈ ਤਤਪਰ ਰੱਖਦਾ ਹੈ। ਲੋਕ ਸ਼ੂਕਦੀਆਂ ਤੂਫ਼ਾਨੀ ਨਦੀਆਂ ਵਿਚ ਰਾਫਟਿੰਗ ਕਰਦੇ ਹਨ। ਉੱਚੇ ਅੰਬਰੀਂ ਕਿਕਲੀਆਂ ਪਾਉਂਦੇ ਹਨ ਤੇ ਹੋਰ ਅਨੇਕ ਅਸੰਭਵ ਕਾਰਜ ਕਰਦੇ ਹਨ ਤੇ ਅਜਿਹੇ ਲੋਕ ਹੀ ਜ਼ਿੰਦਗੀ ਦੇ ਅਸਲੀ ਸ਼ਾਹ ਸੁਆਰ ਹੁੰਦੇ ਹਨ।

# ਰਾਹਾਂ ਕੁਰਾਹਾਂ ਦੀ ਉਲਝੀ ਤਾਣੀ

ਕਿਸੇ ਵੀ ਸਮਾਜ ਵਿਚ ਲੋਕਾਂ ਦਾ ਆਮ ਰੁਝਾਣ ਪ੍ਰਚਲਤ ਧਾਰਨਾਵਾਂ ਨੂੰ ਮੰਨਣ ਤੇ ਪਹਿਲਾਂ ਬਣੀਆਂ ਲੀਹਾਂ ’ਤੇ ਚੱਲਣ ਦਾ ਹੀ ਹੁੰਦਾ ਹੈ ਕਿਉਂਕਿ ਇਹ ਆਸਾਨ ਲੱਗਦਾ ਹੈ। ਹੌਲੀ-ਹੌਲੀ ਇਹ ਲੀਹਾਂ, ਭਾਵੇਂ ਕੋਈ ਵਿਚਾਰ ਹੋਣ, ਰਸਮੋ-ਰਿਵਾਜ਼ ਹੋਣ ਤੇ ਭਾਵੇਂ ਧਾਰਮਿਕ ਅਕੀਦੇ ਹੋਣ, ਜ਼ਿੰਦਗੀ ਵਿਚ ਏਨੇ ਗਹਿਰੇ ਪੈਂਠ ਜਾਂਦੇ ਹਨ ਕਿ ਉਨ੍ਹਾਂ ਨਾਲ ਧੀਆਂ-ਪੁੱਤਾਂ ਤੋਂ ਵੀ ਵੱਧ ਲਗਾਅ ਹੋ ਜਾਂਦਾ ਹੈ। ਫਿਰ ਉਨ੍ਹਾਂ ਤੋਂ ਦੂਰ ਜਾਣਾ ਜਾਂ ਕਿਸੇ ਵੱਲੋਂ ਕੁਝ ਵੱਖਰਾ ਕਰਨਾ ਉਨ੍ਹਾਂ ਨੂੰ ਪਾਪ ਜਾਪਣ ਲੱਗਦਾ ਹੈ। ਪਰੰਤੂ ਸਮਾਜ ਵਿਚ ਕਈ ਲੋਕ ਅਜਿਹੇ ਵੀ ਪੈਦਾ ਹੋ ਜਾਂਦੇ ਹਨ ਜੋ ਆਪਣੀ ਸੋਚ ਦੇ ਚਾਨਣ ਵਿਚ ਤੁਰਦੇ ਆਪਣੇ ਬਲਬੂਤੇ, ਕੁਝ ਵੱਖਰਾ ਕਰਨਾ ਤੇ ਦੂਜਿਆਂ ਨੂੰ ਵੀ ਉਸ ਚਾਨਣ ਵਿਚ ਲਿਆਉਣਾ ਚਾਹੁੰਦੇ ਹਨ। ਪਰ ਆਪਣੇ ਤਾਣੇ ਬਾਣੇ ਵਿਚ, ਆਖ਼ਰੀ ਹੱਦ ਤੱਕ ਉਲਝਿਆ ਸਮਾਜ ਅਜਿਹੇ ਮਨੁੱਖਾਂ ਨੂੰ ‘ਕੁਰਾਹੀਏ’ ਦਾ ਖ਼ਿਤਾਬ ਦੇ ਦੇਂਦਾ ਹੈ। ਜਦੋਂ ਕਿ ਲੀਹ ਤੋਂ ਹਟ ਕੇ ਤੁਰਨ ਦੀ ਪਹਿਲ ਕਰਨ ਵਾਲੇ ਉਹ ਕਥਿਤ ‘ਕੁਰਾਹੀਏ’ ਅਤਿਅੰਤ ਜ਼ਹੀਨ ਹੁੰਦੇ ਹਨ, ਉਹ ਸਮੇਂ ਨਾਲ ਜਰਜਰ ਹੋ ਚੁੱਕੀਆਂ ਰੀਤਾਂ ’ਤੇ ਸਵਾਲੀਆ ਚਿੰਨ੍ਹ ਲਾਉਂਦੇ ਤਬਦੀਲੀ ਦੀ ਹਵਾ ਰੁਮਕਾਉਣਾ ਚਾਹੁੰਦੇ ਹਨ। ਅਸਲ ਵਿਚ ਉਹ ਵਰਤਮਾਨ ਸਮੇਂ ਤੋਂ ਅਗੇਰੇ ਸੋਚ ਰਹੇ ਹੁੰਦੇ ਹਨ। ਪਰ ਆਪਣੀ ਦਲਦਲੀ ਸਮਝ ਵਿਚ ਫਸੇ ਲੋਕ ਉਨ੍ਹਾਂ ਨੂੰ ਹੀ ਭਟਕੇ ਹੋਏ ਸਮਝ ਰਹੇ ਹੁੰਦੇ ਹਨ।

ਇਤਿਹਾਸ ਵਿਚ ਅਨੇਕ ਗਵਾਹੀਆਂ ਹਨ ਕਿ ਰੌਸ਼ਨ ਦਿਮਾਗ਼ ਮਨੁੱਖਾਂ ਨੇ ਹੀ ਦੁਨੀਆ ਦੀਆਂ ਵਿਵਸਥਾਵਾਂ ਵਿਚ ਇਨਕਲਾਬ ਲਿਆਂਦੇ ਹਨ। ਕਈ ਵਾਰ ਤਾਂ ਉਹ ਕਾਮਯਾਬ ਹੋ ਵੀ ਗਏ ਪਰੰਤੂ ਹਰ ਵਾਰ ਏਵੇਂ ਨਹੀਂ ਹੋਇਆ। ਖ਼ੁਦ ਅਨਜਾਣ ਹੁੰਦਿਆਂ ਸਮਾਜ ਦੇ ਆਪੇ ਬਣੇ ਕਥਿਤ ਚੌਧਰੀ, ਨਵੇਂ ਵਿਚਾਰ ਦੇਣ ਵਾਲੇ ਮਨੁੱਖਾਂ ਦੇ ਪਿੱਛੇ ਪੈ ਜਾਂਦੇ ਰਹੇ, ਸ਼ਰਮਸ਼ਾਰ ਕਰਦੇ ਰਹੇ, ਮਾਫ਼ੀਆਂ ਮੰਗਵਾਉਂਦੇ ਰਹੇ ਤੇ ਸਜ਼ਾਵਾਂ ਦੀ ਦੇਂਦੇ ਰਹੇ। ਇਥੋਂ ਤਕ ਕਿ ਜ਼ਿੰਦਗੀ ਹੀ ਖ਼ਤਮ ਕਰ ਦੇਂਦੇ ਰਹੇ, ਪਰ ਅਜਿਹੇ ਲੋਕ ਸਮੇਂ-ਸਮੇਂ ਫਿਰ ਵੀ ਸਿਰ ਚੁੱਕਦੇ ਰਹੇ ਤੇ ਆਪਣਾ ਕਾਰਜ ਕਰਦੇ ਹੀ ਰਹੇ। ਸਮਾਂ ਬੀਤਣ ਪਿੱਛੋਂ ਜਦੋਂ ਦੋਸ਼ੀ ਗਰਦਾਨੇ ਗਏ ਉਨ੍ਹਾਂ ਕਥਿਤ ‘ਕੁਰਾਹੀਆਂ’ ਦੀ ਸੋਚ ਸਹੀ ਸਿੱਧ ਹੁੰਦੀ ਰਹੀ ਤਾਂ ਉਨ੍ਹਾਂ ਨੂੰ ਸਤਿਕਾਰਿਆ ਤੇ ਪੂਜਿਆ ਗਿਆ।

ਸਿੱਖ ਧਰਮ ਵਿਚ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਸਮਕਾਲੀ

ਸਮਾਜ ਨੇ 'ਕੁਰਾਹੀਆ' ਕਿਹਾ, ਕਿਉਂਕਿ ਉਨ੍ਹਾਂ ਨੇ ਬੇਕਾਰ ਤੇ ਗ਼ਲਤ ਸੋਚ ਵਾਲੀਆਂ ਰਸਮਾਂ ਖ਼ਿਲਾਫ਼ ਉਂਗਲ ਚੁੱਕੀ ਸੀ।

ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਖ਼ਿਤਾਬ ਨਾਲ ਨਿਵਾਜੇ ਜਾਣ ਵਾਲੇ ਪਹਿਲੇ ਮਨੁੱਖ ਨਹੀਂ ਸਨ। ਸਗੋਂ ਇਹ ਲੜੀ ਉਨ੍ਹਾਂ ਤੋਂ ਕਿਤੇ ਪਹਿਲਾਂ (ਸ਼ਾਇਦ ਮਨੁੱਖਤਾ ਦੇ ਆਦਿ ਤੋਂ) ਤੇ ਪਿੱਛੋਂ ਵੀ ਚਲਦੀ ਆ ਰਹੀ ਹੈ।

ਇਕ ਜਾਨ ਫਲੈਮਸਟੈਡ ਨਾਮ ਦਾ ਤਾਰਾ ਵਿਗਿਆਨੀ, ਮਸ਼ਹੂਰ ਵਿਗਿਆਨੀ ਸਰ ਆਈਜ਼ਕ ਨਿਊਟਨ ਦਾ ਸਮਕਾਲੀ ਸੀ। ਉਸਨੇ ਉਸ ਵਕਤ ਦੇ ਤਾਰਾ ਵਿਗਿਆਨ ਦੀਆਂ ਗ਼ਲਤੀਆਂ ਨੂੰ ਸੁਧਾਰ ਕੇ ਸਹੀ ਕੀਤਾ ਤੇ ਖ਼ੁਦ ਨਿਊਟਨ ਤੱਕ ਨੂੰ ਉਹ ਲੋੜੀਂਦੀ ਜਾਣਕਾਰੀ ਦਿੱਤੀ ਸੀ। ਉਸੇ ਆਧਾਰ 'ਤੇ ਨਿਊਟਨ ਮਹਾਨ ਖੋਜਾਂ ਕਰ ਸਕਿਆ ਸੀ। ਪਰ ਉਸ ਵਕਤ ਹੋਰਨਾਂ ਤਾਂ ਕੀ ਖ਼ੁਦ ਨਿਊਟਨ ਵੱਲੋਂ ਫਲੈਮਸਟੈਡ ਨੂੰ ਬੇਇਜ਼ਤ ਕੀਤਾ ਗਿਆ। ਕੁਲ ਮਿਲਾ ਕੇ ਇਸ ਤਰ੍ਹਾਂ ਦੇ ਹਾਲਾਤ ਬਣੇ ਰਹੇ ਕਿ ਫਲੈਮਸਟੈਡ ਆਪਣੀ ਖੋਜ ਦਾ ਬਣਦਾ ਸਨਮਾਨ ਨਾ ਲੈ ਸਕਿਆ। ਜਿਊਂਦੇ ਜੀਅ ਸਿਰਫ਼ ਈਰਖਾ, ਗ਼ਰੀਬੀ ਤੇ ਅਪਮਾਨ ਹੀ ਉਸਦੇ ਹਿੱਸੇ ਆਏ ਭਾਵੇਂ ਉਸਦੀ ਮੌਤ ਪਿੱਛੋਂ ਇਹ ਸਿੱਧ ਹੋ ਗਿਆ ਕਿ ਉਸਨੇ ਮਨੁੱਖਤਾ ਨੂੰ ਬੇਮਿਸਾਲ ਜਾਣਕਾਰੀ ਦਿੱਤੀ ਸੀ।

ਵਿਗਿਆਨੀ ਪ੍ਰੀਸਟਲੇ, ਜਿਸ ਨੇ ਉਸ ਵੇਲੇ ਦੇ ਪ੍ਰਚਲਿਤ ਮਿਥ ਕਿ ਸੂਰਜ ਧਰਤੀ ਦੀ ਪਰਿਕਰਮਾ ਕਰਦਾ ਹੈ, ਦੇ ਉਲਟ (ਆਪਣੀ ਖੋਜ ਦੇ ਆਧਾਰ 'ਤੇ) ਕਿਹਾ ਕਿ ਸੂਰਜ ਨਹੀਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਪਰ ਧਾਰਮਿਕ ਆਕਾਵਾਂ, ਜੋ ਹਰ ਯੁੱਗ ਵਿਚ ਹੀ ਨਵੇਂ ਸੱਚਾਂ ਦੀ ਖੋਜ ਕਰਨ ਵਾਲੇ ਮਨੁੱਖਾਂ ਦੀ ਵਿਰੋਧਤਾ ਕਰਦੇ ਆਏ ਹਨ, ਨੂੰ ਉਸਦਾ ਇਹ ਕਹਿਣਾ ਬਹੁਤ ਨਾਗਵਾਰ ਗੁਜ਼ਰਿਆ ਕਿ ਇਹ ਸਾਡੇ ਉਪਦੇਸ਼ਾਂ ਦੇ ਉਲਟ ਬੋਲ ਰਿਹਾ ਹੈ। ਧਾਰਮਿਕ ਲੋਕਾਂ ਦੀ ਸਭਾ ਨੇ ਉਸ ਨੂੰ ਬੁਲਾ ਕੇ ਕਿਹਾ ਕਿ ਉਸਨੇ ਧਰਮ ਨੂੰ ਅਪਮਾਨਿਤ ਕੀਤਾ ਹੈ ਤੇ ਹੁਣ ਉਹ ਆਪਣੇ ਸ਼ਬਦ ਵਾਪਸ ਲਵੇ, ਗ਼ਲਤੀ ਮੰਨੇ। ਪਰ ਉਸ ਸ੍ਵੈਮਾਨੀ ਮਨੁੱਖ ਨੇ ਆਪਣੇ ਸੱਚ ਤੋਂ ਥਿੜਕਣਾ ਗਵਾਰਾ ਨਾ ਕੀਤਾ ਤੇ ਇਸ ਦੋਸ਼ ਬਦਲੇ ਉਸ ਨੂੰ ਫਾਹੇ ਲਾ ਦਿੱਤਾ ਗਿਆ। ਇਹੋ ਜਿਹੀ ਸਥਿਤੀ 'ਚੋਂ ਹੀ ਖਗੋਲ ਦੂਰਬੀਨ ਨੂੰ ਸੁਧਾਰ ਕੇ ਲੋਕਾਂ ਨੂੰ ਅੰਬਰ ਦੇ ਅਚੰਭਿਆਂ ਦੇ ਦਰਸ਼ਨ ਕਰਵਾਉਣ ਵਾਲੇ ਗਲੈਲੀਓ ਨੂੰ ਵੀ ਗੁਜ਼ਰਨਾ ਪਿਆ ਸੀ। ਉਸਨੇ ਦੂਰਬੀਨ ਰਾਹੀਂ ਦਿਖਾ ਕੇ ਸਿੱਧ ਕੀਤਾ ਸੀ ਕਿ ਧਰਤੀ ਹੀ ਸੂਰਜ ਦੁਆਲੇ ਘੁੰਮਦੀ ਹੈ, ਨਾ ਕਿ ਸੂਰਜ ਧਰਤੀ ਦੁਆਲੇ। ਇਕ ਵਾਰ ਫਿਰ ਧਾਰਮਿਕ ਗੁਰੂ ਹਰਕਤ ਵਿਚ ਆਏ ਤੇ ਉਸ ਨੂੰ ਵੀ ਘੋਰ ਪਾਪ ਕਰਨ ਦਾ ਦੋਸ਼ੀ ਠਹਿਰਾਇਆ ਗਿਆ। ਉਸ ਨੂੰ ਕਿਹਾ ਗਿਆ ਕਿ ਆਪਣੇ ਸ਼ਬਦ ਵਾਪਸ ਲੈ। ਪਹਿਲੀ ਪੇਸ਼ੀ ਵਿਚ ਤਾਂ ਗਲੈਲੀਓ ਅੜਿਆ ਰਿਹਾ ਕਿ ਮੈਂ ਤਾਂ ਪ੍ਰਯੋਗ ਰਾਹੀਂ ਸਿੱਧ ਕਰਕੇ ਲੋਕਾਂ ਨੂੰ ਆਪਣਾ ਸੱਚ ਦਿਖਾਇਆ ਹੈ। ਪਰ ਬਹੁਤ ਪਰੇਸ਼ਾਨ ਕੀਤੇ ਜਾਣ ਪਿੱਛੋਂ ਉਸਨੇ ਬਹੁਤ ਮਜ਼ਬੂਰ ਹੋ ਕੇ ਲਿਖ ਦਿੱਤਾ ਕਿ ਮੈਂ ਗ਼ਲਤ ਸਾਂ ਤੇ ਮੈਂ ਪ੍ਰਚਲਤ ਧਾਰਨਾਵਾਂ ਦੇ ਉਲਟ ਨਹੀਂ ਹਾਂ। ਪਰ ਚਰਚ ਤੋਂ ਬਾਹਰ ਬੁੜਬੁੜਾਉਂਦਾ ਰਿਹਾ ਕਿ ਧਰਤੀ ਤਾਂ ਫਿਰ

ਵੀ ਘੁੰਮਦੀ ਹੈ। ਉਹ ਮੌਤ ਤੋਂ ਤਾਂ ਬਚ ਗਿਆ ਪਰ ਨਜ਼ਰਬੰਦੀ ਦੀ ਸਜ਼ਾ ਉਸ ਨੂੰ ਫਿਰ ਵੀ ਮਿਲ ਹੀ ਗਈ।

ਇੰਜ ਹੀ ਸਾਡੇ ਘਰਾਂ ਵਿਚ ਜਗਦੇ ਬਿਜਲੀ ਦੇ ਬਲਬ ਦੀ ਕਾਢ ਕੱਢਣ ਵਾਲੇ ਅਲਵਾ ਐਡੀਸਨ ਨੂੰ ਵੀ ਇਕ ਵਾਰ ਏਨਾ ਮਾਰਿਆ ਗਿਆ ਸੀ ਕਿ ਉਹ ਸਦਾ ਲਈ ਬੋਲਾ ਹੋ ਗਿਆ। ਉਹ ਰੇਲਗੱਡੀ ਦੇ ਇਕ ਡੱਬੇ ਵਿਚ ਸਟੇਸ਼ਨ ਮਾਸਟਰ ਤੋਂ ਇਜਾਜ਼ਤ ਲੈ ਕੇ ਪ੍ਰਯੋਗ ਕਰਿਆ ਕਰਦਾ ਸੀ । ਇਕ ਦਿਨ ਉਸ ਦੇ ਹੱਥੋਂ ਫਾਸਫੋਰਸ ਦਾ ਇਕ ਟੁਕੜਾ ਡਿੱਗ ਪਿਆ ਤੇ ਅੱਗ ਲੱਗ ਗਈ, ਜਿਸ ਨੂੰ ਜਲਦੀ ਹੀ ਬੁਝਾ ਵੀ ਲਿਆ ਗਿਆ। ਕੇਵਲ ਐਡੀਸ਼ਨ ਦੀ ਪ੍ਰਯੋਗਸ਼ਾਲਾ ਹੀ ਸੜੀ ਸੀ। ਇਸੇ ਕਸੂਰ ਪਿੱਛੇ ਉਸ ਨੂੰ ਬੋਲਾ ਹੋ ਜਾਣਾ ਪਿਆ। ਪਰ ਫਿਰ ਵੀ ਉਹ ਆਪਣੇ ਰਸਤੇ ਤੁਰਿਆ ਹੀ ਰਿਹਾ।

ਇਸ ਗ਼ੈਰ ਇਖ਼ਲਾਕੀ ਮਾਨਸਿਕਤਾ ਨੇ ਕੋਮਲ ਭਾਵੀ ਸ਼ਾਇਰਾਂ ਤੱਕ ਨੂੰ ਵੀ ਨਹੀਂ ਬਖ਼ਸ਼ਿਆ । ਇਕ ਸ਼ਾਹਕਾਰ ਸਮਝੀ ਜਾਂਦੀ ਵਿਸ਼ਵ ਪ੍ਰਸਿੱਧ ਕਵਿਤਾ 'ਡਿਵਾਇਨ ਕਾਮੇਡੀ) ਜਿਸ ਨੂੰ ਇਟੇਲੀਅਨ ਭਾਸ਼ਾ ਸਿਰਜਣ ਵਾਲੀ ਕਿਹਾ ਜਾਂਦਾ ਹੈ, ਦੇ ਲੇਖਕ ਦਾਂਤੇ ਨੂੰ ਹਕੂਮਤ ਵੱਲੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਹ ਵੀ ਫੁਰਮਾਨ ਸੀ ਕਿ ਜੇ ਕਿਤੇ ਉਹ ਦੇਸ਼ ਵਾਪਸੀ ਕਰੇ ਤਾਂ ਜ਼ਿੰਦਾ ਧਰਤੀ ਵਿਚ ਦਬਾ ਦਿੱਤਾ ਜਾਵੇ। ਇਹ ਮਹਾਨ ਕਾਵਿ-ਰਚਨਾ ਉਸਨੇ ਜਲਾਵਤਨੀ ਦੇ ਦਿਨੀਂ ਹੀ ਰਚੀ ਤੇ ਦਰਸਾ ਦਿੱਤਾ ਕਿ ਸਿਰਜਕ ਮਨ ਵਿਪਰੀਤ ਹਾਲਾਤ ਵਿਚ ਵੀ ਆਪਣੀ ਸਮਰਥਾ ਨਹੀਂ ਗੁਆਉਂਦਾ।

ਆਮ ਤੌਰ 'ਤੇ ਲੋਕ ਜਲਦੀ ਜਲਦੀ ਕਿਸੇ ਤਬਦੀਲੀ ਲਈ ਤਿਆਰ ਨਹੀਂ ਹੁੰਦੇ ਭਾਵੇਂ ਉਹ ਹਾਂ-ਪੱਖੀ ਤੇ ਉਨ੍ਹਾਂ ਲਈ ਫਾਇਦੇਮੰਦ ਹੀ ਹੋਵੇ। ਜਦ ਭਾਫ਼ ਇੰਜਣ ਵਾਲੀ ਰੇਲ ਚੱਲੀ ਤਾਂ ਲੋਕ ਨਾਰਾਜ਼ ਹੋ ਗਏ ਕਿ ਇਸ ਦੇ ਸ਼ੋਰ ਨਾਲ ਮੁਰਗੀਆਂ ਆਂਡੇ ਨਹੀਂ ਦੇਣਗੀਆਂ ਤੇ ਗਾਵਾਂ ਭੱਜ ਜਾਣਗੀਆਂ। ਪਰ ਬਾਅਦ ਵਿਚ ਰੇਲਗੱਡੀ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਈ। ਇਹ ਸਿਰਜਕ ਲੋਕ ਅਸਲ ਵਿਚ ਸੁਪਨਸਾਜ਼ ਹੁੰਦੇ ਹਨ। ਆਪਣੇ ਵਕਤਾਂ ਤੋਂ ਕਿਤੇ ਅਗੇਰੇ ਸੋਚ ਰਹੇ ਹੁੰਦੇ ਹਨ। ਭਾਰਤੀ ਇਤਿਹਾਸ ਵਿਚ ਇਕ ਮੁਗ਼ਲ ਬਾਦਸ਼ਾਹ ਨੂੰ 'ਮੂਰਖ ਬਾਦਸ਼ਾਹ' ਦੀ ਉਪਾਧੀ ਦਿੱਤੀ ਗਈ ਹੈ। ਉਸਨੇ ਕਈ ਨਵੇਂ ਤਜਰਬੇ ਕੀਤੇ ਸਨ। ਉਸਨੇ ਰਾਜਧਾਨੀ ਬਦਲੀ ਤੇ ਖ਼ਜ਼ਾਨੇ ਨੂੰ ਦੂਰ ਮਹਾਰਾਸ਼ਟਰ ਵਿਚ (ਹੁਣ ਦੇ) ਦੌਲਤਾਬਾਦ ਵਿਚ ਲੈ ਗਿਆ । ਇਸ ਵਿਚ ਕਈ ਆਦਮੀ ਤੇ ਘੋੜੇ ਆਦਿ ਮਾਰੇ ਗਏ । ਅਮੀਰ, ਵਜ਼ੀਰ ਨਾਰਾਜ਼ ਵੀ ਹੋਏ। ਉਸ ਨੂੰ ਆਪਣੇ ਹੋਰ ਇੰਜ ਦੇ ਕਈ ਫ਼ੈਸਲੇ ਵੀ ਮੁੜ ਉਲਟਾਉਣੇ ਪਏ, ਰਾਜਧਾਨੀ ਵੀ ਵਾਪਸ ਲਿਆਂਦੀ। ਇਕ ਫ਼ੈਸਲਾ ਉਸਦਾ ਉਸ ਵੇਲੇ ਸੋਨੇ ਚਾਂਦੀ ਦੇ ਚੱਲਦੇ ਸਿੱਕਿਆਂ ਦੀ ਥਾਂ ਤਾਂਬੇ ਦੇ ਸਿੱਕੇ ਚਲਾਉਣਾ ਸੀ। ਉਦੋਂ ਤਾਂ ਉਸ ਨੂੰ ਆਪਣਾ ਇਹ ਫ਼ੈਸਲਾ ਵੀ ਪਰਤਾਉਣਾ ਪਿਆ ਸੀ। ਪਰ ਇਤਿਹਾਸ ਗਵਾਹ ਹੈ ਤੇ ਸਾਡੀਆਂ ਯਾਦਾਂ ਵਿਚ ਵੀ ਹੈ ਕਿ ਤਾਂਬੇ ਦੇ ਸਿੱਕੇ ਚਲਦੇ ਰਹੇ ਸਨ, ਕਈਆਂ ਸਦੀਆਂ ਬਾਅਦ ਹੀ ਸਹੀ।

ਹਨੇਰੇ ਮਨਾਂ ਵਾਲੇ, ਕਦੀ ਵੀ ਸੁਹਿਰਦ ਤੇ ਮਨੁੱਖਤਾ ਦੇ ਭਲੇ ਵਾਲੇ ਵਿਚਾਰਾਂ 'ਤੇ

ਚੱਲਣ ਵਾਲਿਆਂ ਨੂੰ ਸਹਿਣ ਨਹੀਂ ਕਰਦੇ। ਅਮਰੀਕਾ ਵਿਚੋਂ ਗ਼ੁਲਾਮੀ ਖ਼ਤਮ ਕਰਨ ਦਾ ਸੁਪਨਾ ਤੱਕਦੇ ਤੇ ਇਸ ਮੰਤਵ ਦਾ ਬਿੱਲ ਪਾਸ ਕਰਵਾਉਣ ਵਾਲੇ ਅਬਰਾਹਮ ਲਿੰਕਨ ਨੂੰ ਗੋਲੀ ਮਾਰ ਕੇ ਖ਼ਤਮ ਕਰ ਦਿੱਤਾ ਗਿਆ ਸੀ।

ਮਹਾਨ ਫ਼ਿਲਾਸਫ਼ਰ ਸੁਕਰਾਤ ਬਾਰੇ ਤਾਂ ਸਾਰੇ ਹੀ ਜਾਣਦੇ ਹਨ ਕਿ ਹਕੂਮਤ ਵੱਲੋਂ ਉਸ ਨੂੰ ਜ਼ਹਿਰ ਦਾ ਪਿਆਲਾ ਪਿਆ ਕੇ ਮੌਤ ਦੇ ਦਿੱਤੀ ਗਈ ਸੀ। ਉਹ ਉੱਚੇ ਅਸੂਲਾਂ ’ਤੇ ਜੀਵਨ ਜਿਊਣ ਵਾਲਾ ਮਹਾਨ ਵਿਚਾਰਵਾਨ ਸੀ। ਲੋਕ ਉਸਦੀ ਇੱਜ਼ਤ ਕਰਦੇ ਸਨ ਪਰ ਹਕੂਮਤ ਨੇ ਉਸ ਉੱਤੇ ਦੇਸ਼ ਦੇ ਨੌਜੁਆਨਾਂ ਨੂੰ ਵਿਗਾੜਨ ਦਾ ਦੋਸ਼ ਲਾਇਆ ਸੀ। ਆਮ ਲੋਕ ਉਸ ਨੂੰ ਕਿੰਨਾ ਪਿਆਰ ਕਰਦੇ ਸਨ, ਇਸ ਦੀ ਉਦਾਹਰਣ ਹੈ ਕਿ ਜੋ ਅਫ਼ਸਰ ਸੁਕਰਾਤ ਵਾਸਤੇ ਜ਼ਹਿਰ ਦਾ ਪਿਆਲਾ ਲੈ ਕੇ ਆਇਆ ਸੀ, ਉਹ ਆ ਕੇ ਫੁੱਟ ਫੁੱਟ ਕੇ ਰੋ ਪਿਆ ਤੇ ਇਕ ਪਾਸੇ ਜਾ ਕੇ ਸੁਕਰਾਤ ਵੱਲ ਪਿੱਠ ਕਰਕੇ ਖੜ੍ਹਾ ਹੋ ਗਿਆ। ਸੁਕਰਾਤ ਨੇ ਪਲੈਟੋ ਰਾਹੀਂ ਉਸ ਨੂੰ ਬੁਲਾਇਆ। ਉਸ ਨਾਲ ਹੱਥ ਮਿਲਾਇਆ ਤੇ ਪਿਆਲਾ ਲੈ ਲਿਆ। ਫਿਰ ਜਲਦੀ ਹੀ ਲੋਕਾਂ ਨੇ ਉਸ ਨੂੰ ਸਜ਼ਾ ਦੇਣ ਵਾਲਿਆਂ ਦਾ ਬਾਈਕਾਟ ਕੀਤਾ, ਕਈਆਂ ਨੂੰ ਮਾਰ ਵੀ ਦਿੱਤਾ। ਪਰ ਉਹ ਮਹਾਨ ਤੇ ਬਹਾਦਰ ਦਾਰਸ਼ਨਿਕ ਤਾਂ ਜਾ ਚੁੱਕਾ ਸੀ, ਜਿਸ ਨੂੰ ਕੁਰਾਹੀਆ ਗਰਦਾਨ ਕੇ ਮਾਰ ਦਿੱਤਾ ਗਿਆ ਸੀ।

ਅਸਲ ਵਿਚ ਮਨੁੱਖਤਾ ਦੇ ਅਸੂਲਾਂ ਤੋਂ ਖਿਸਕੇ ਹੋਏ ਲੋਕ, ਸੱਚੇ, ਜ਼ਹੀਨ ਤੇ ਬਹਾਦਰ ਲੋਕਾਂ ਨੂੰ, ਜੋ ਅਸਲ ਵਿਚ ਜ਼ਿੰਦਗੀ ਦੇ ਸ਼ਹਿਨਸ਼ਾਹ ਹੁੰਦੇ ਹਨ, ਆਨੇ-ਬਹਾਨੇ ਸਜ਼ਾਵਾਂ ਦੇਂਦੇ ਹੀ ਆਏ ਹਨ। ਪਰ ਇਹ ਸਜ਼ਾਵਾਂ ਦੇਣ ਵਾਲੇ, ਆਪੇ ਬਣੇ ਚੌਧਰੀ ਕਿਸ ਹੱਦ ਤਕ ਕਮੀਨੇ ਤੇ ਬੇਅਸੂਲੇ ਹੋ ਸਕਦੇ ਹਨ, ਦੀ ਇਕ ਉਦਾਹਰਣ, ਪੰਦਰਵੀਂ ਸਦੀ ਵਿੱਚ ਹੋਈ ਫਰਾਂਸ ਦੀ ਇਕ ਵੀਰਾਂਗਣਾ ਜਾਨ ਆਫ ਆਰਕ ਦੀ ਜ਼ਿੰਦਗੀ ਦੀ ਹੈ। ਉਸਨੇ ਪੰਦਰਾਂ ਸਾਲਾਂ ਦੀ ਉਮਰ ਵਿਚ ਫਰਾਂਸ ਨੂੰ ਅੰਗਰੇਜ਼ਾਂ ਪਾਸੋਂ ਆਜ਼ਾਦ ਕਰਵਾਉਣ ਲਈ ਲੋਕਾਂ ਦੀ ਅਗਵਾਈ ਕੀਤੀ ਸੀ। ਉਸ ਨੇ ਮਰਦਾਂ ਵਾਲੇ ਕੱਪੜੇ ਪਾਏ ਤੇ ਆਪਣੇ ਦੇਸ਼ ਦੇ ਦਿਲ ਛੱਡ ਚੁੱਕੇ ਲੋਕਾਂ ਨੂੰ ਗੁਲਾਮੀ ਤੋਂ ਆਜ਼ਾਦ ਹੋਣ ਲਈ ਪ੍ਰੇਰਿਆ ਵੀ, ਫਿਰ ਉਸਨੇ ਜੰਗ ਦੀ ਅਗਵਾਈ ਕੀਤੀ। ਉਹ ਇਕ ਕਿਸਾਨ ਦੀ ਬੇਟੀ ਸੀ ਪਰ ਹੌਸਲੇ, ਸਿਆਣਪ ਤੇ ਦੇਸ਼ ਭਗਤੀ ਵਿਚ ਵੱਡੇ ਜਰਨੈਲਾਂ ਨੂੰ ਉਸਨੇ ਮਾਤ ਪਾ ਦਿੱਤਾ ਸੀ। ਉਸ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ ਤੇ ਉਸਦੀ ਕਮਾਨ ਹੇਠ ਫਰਾਂਸੀਸੀਆਂ ਨੇ ਲਗਾਤਾਰ ਜਿੱਤਾਂ ਪ੍ਰਾਪਤ ਕੀਤੀਆਂ। ਫਿਰ ਜਾਨ ਆਫ ਆਰਕ ਨੇ ਫਰਾਂਸ ਦੇ ਸ਼ਹਿਜ਼ਾਦੇ ਪ੍ਰਿੰਸ ਵਿਲੀਅਮ ਨੂੰ ਗੱਦੀ ’ਤੇ ਬਿਠਾ ਦਿੱਤਾ। ਪੈਰਿਸ ਅਜੇ ਆਜ਼ਾਦ ਨਹੀਂ ਸੀ ਹੋਇਆ। ਜੌਨ ਚਾਹੁੰਦੀ ਸੀ ਕਿ ਪੈਰਿਸ ਨੂੰ ਵੀ ਜਲਦੀ ਹੀ ਆਜ਼ਾਦ ਕਰਵਾ ਲਿਆ ਜਾਵੇ ਪਰ ਗੱਦੀ ’ਤੇ ਮਸਾਂ ਬੈਠਾ ਵਿਲੀਅਮ, ਜੌਨ ਨੂੰ ਪੂਰਾ ਸਾਥ ਨਹੀਂ ਸੀ ਦੇ ਰਿਹਾ। ਬਹੁਤ ਕਹੇ ਜਾਣ ’ਤੇ ਜੋਨ ਨੂੰ ਅੱਧ-ਪਚੱਧੀ ਮਦਦ ਮਿਲੀ ਜੋ ਕਾਮਯਾਬ ਹੋਣ ਲਈ ਨਾ-ਕਾਫ਼ੀ ਸੀ। ਜੌਨ ਨੂੰ ਮੋਢੇ ’ਤੇ ਇਕ ਤੀਰ ਵੱਜਾ ਪਰ ਉਹ ਜਲਦੀ ਹੀ ਮਲ੍ਹਮ ਪੱਟੀ ਕਰਵਾ ਕੇ

ਫਿਰ ਤੋਂ ਮੁਹਾਜ਼ 'ਤੇ ਆ ਗਈ। ਪਰੰਤੂ ਉਸਦੇ ਆਪਣੇ ਦੇਸ਼ ਵਾਸੀਆਂ ਨੇ ਹੀ ਉਸ ਬਹਾਦਰ ਲੜਕੀ ਨੂੰ, ਜੋ ਸਿਆਣਪ, ਹੌਂਸਲੇ ਤੇ ਜਾਂਬਾਜ਼ੀ ਦੀ ਆਪਣੀ ਮਿਸਾਲ ਆਪ ਸੀ, ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ। ਅੰਗਰੇਜ਼ਾਂ ਨੇ ਜੌਨ 'ਤੇ ਮੁਕੱਦਮਾ ਚਲਾਉਣ ਲਈ ਆਪਣੇ ਹੱਥ ਠੋਕੇ ਫਰਾਂਸੀਸੀ ਜੱਜਾਂ ਦਾ ਇਕ ਟੋਲਾ ਨਿਯੁਕਤ ਕੀਤਾ, ਜਿਨ੍ਹਾਂ ਨੇ ਉਸ ਉੱਪਰ ਅਨੇਕਾਂ ਦੋਸ਼ ਲਾਏ। ਜਿਨ੍ਹਾਂ 'ਚੋਂ ਪ੍ਰਮੁੱਖ ਸਨ—ਉਸ ਉਪਰ ਦੈਵੀ ਸ਼ਕਤੀ ਦੇ ਨਾਮ ਹੇਠ ਜਾਦੂਗਰਨੀ ਹੋਣਾ (ਜੌਨ ਕਹਿੰਦੀ ਰਹੀ ਸੀ ਕਿ ਮੈਨੂੰ ਫਰਾਂਸ ਨੂੰ ਆਜ਼ਾਦ ਕਰਵਾਉਣ ਲਈ ਦੈਵੀ ਸ਼ਕਤੀਆਂ ਆਵਾਜ਼ਾਂ ਦੇਂਦੀਆਂ ਹਨ)। ਦੂਜਾ ਦੋਸ਼ ਜੋ ਉਸ 'ਤੇ ਲਾਇਆ ਗਿਆ ਸੀ, ਉਹ ਸੀ ਮਰਦਾਵੇਂ ਕੱਪੜੇ ਪਾ ਕੇ ਔਰਤਪੁਣੇ ਦੀ ਬੇਇਜ਼ਤੀ ਕਰਨਾ ਤੇ ਚਰਚ ਨੂੰ ਅਣਗੌਲੇ ਕਰਕੇ ਸਿੱਧਾ ਪ੍ਰਮਾਤਮਾ ਨੂੰ ਸੰਬੋਧਿਤ ਹੋਣਾ। ਜੌਨ ਬਹਾਦਰੀ ਨਾਲ ਇਕੱਲੀ ਹੀ ਸਭ ਨਾਲ ਬਹਿਸ ਕਰਦੀ ਰਹੀ ਪਰ ਅਖ਼ੀਰ ਵਿਚ ਉਪਰੋਕਤ ਅਧਾਰਾਂ 'ਤੇ ਹੀ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਪਰ ਇਨ੍ਹਾਂ ਖੜਪੈਂਚਾਂ ਦਾ ਅੰਗਰੇਜ਼ ਆਕਾ 'ਅਰਲ ਆਫ ਵਾਰਵਿੱਕ' ਉਸ ਨੂੰ ਜਿਉਂਦੀ ਰਹਿਣ ਦੇਣ ਕਰਕੇ ਨਾਰਾਜ਼ ਹੋ ਗਿਆ। ਫਿਰ ਜੌਨ ਦੇ ਦੇਸ਼ਵਾਸੀ ਜੱਜਾਂ ਦੇ ਪ੍ਰਮੁੱਖ ਸਰ ਕੋਚਨ ਨੇ ਕਿਹਾ ਕਿ ਨਰਾਜ਼ ਨਾ ਹੋਵੋ, ਅਸੀਂ ਉਸ ਨੂੰ ਹੁਣ ਹੀ ਪਕੜ ਲੈਣਾ ਹੈ ਤੇ ਉਨ੍ਹਾਂ ਉਸ ਨੂੰ ਫੜ ਲਿਆ। ਉਸ ਨੂੰ ਜੇਲ੍ਹ ਵਿਚ ਪਾਉਣ ਲਈ ਕੇਵਲ ਮਰਦਾਵੇਂ ਕੱਪੜੇ ਦਿੱਤੇ ਗਏ ਤੇ ਉਹੀ ਪਾਉਣ ਲਈ ਮਜਬੂਰ ਵੀ ਕੀਤਾ ਗਿਆ। ਫਿਰ ਖ਼ੁਦ ਹੀ ਉਸ 'ਤੇ ਆਪਣੀ ਮਰਦਾਵੇਂ ਕੱਪੜੇ ਨਾ ਪਾਉਣ ਦੀ ਕਸਮ ਤੋੜਨ ਦਾ ਇਲਜ਼ਾਮ ਲਾ ਕੇ ਮੌਤ ਦੀ ਸਜ਼ਾ ਦੇ ਦਿੱਤੀ ਗਈ। ਉਸ ਨੂੰ ਜਿਉਂਦਿਆਂ ਅੱਗ ਵਿਚ ਸਾੜ ਦਿੱਤਾ ਗਿਆ। ਇਸ ਸਾਰੇ ਪ੍ਰਕਰਣ ਦੌਰਾਨ ਉਸ ਦੁਆਰਾ ਬਣਾਏ ਬਾਦਸ਼ਾਹ ਪ੍ਰਿੰਸ ਵਿਲੀਅਮ ਨੇ ਹਾਅ ਦਾ ਨਾਅਰਾ ਤਕ ਨਾ ਮਾਰਿਆ। ਅਜਿਹੇ ਕਥਿਤ 'ਕੁਰਾਹੀਏ' ਮਨੁੱਖਤਾ ਦੇ ਜਨਮ ਤੋਂ ਹੀ ਪੈਦਾ ਹੁੰਦੇ ਰਹੇ ਹਨ ਤੇ ਆਪਣੇ ਨਵੇਂ ਰਸਤੇ ਤਲਾਸ਼ਦੇ ਸਗੋਂ ਲੋਕਾਂ ਨੂੰ ਵੀ ਦਰਸਾਉਂਦੇ ਰਹੇ ਹਨ। ਅਜਿਹੇ ਕਾਰਨਾਂ ਕਰਕੇ ਵਿਰੋਧਤਾਵਾਂ ਸਹਿੰਦੇ ਤੇ ਜ਼ੁਲਮ ਝੱਲਦੇ ਆਏ ਹਨ। ਹੋ ਸਕਦਾ ਹੈ ਮਨੁੱਖ ਦੀ ਜੰਗਲੀ ਅਵਸਥਾ ਸਮੇਂ, ਸਭ ਤੋਂ ਪਹਿਲਾਂ ਪੱਤਿਆਂ ਜਾਂ ਜਾਨਵਰ ਦੀ ਖੱਲ ਨਾਲ ਸਰੀਰ ਢੱਕਣ ਵਾਲੇ ਦੀ ਵੀ ਵਿਰੋਧਤਾ ਹੋਈ ਹੋਵੇ। ਕੋਈ ਸੰਦ ਬਣਾ ਕੇ ਜੀਵਨ ਕਿਰਿਆਵਾਂ ਸੌਖੀਆਂ ਕਰ ਲੈਣ ਵਾਲਿਆਂ ਨਾਲ ਵੀ ਇਵੇਂ ਹੀ ਬੀਤੀ ਹੋਵੇ ਕਿਉਂਕਿ ਲੀਕ ਤੋਂ ਹਟ ਕੇ ਚੱਲਣ ਵਾਲੇ ਸਦਾ ਹੀ ਲੀਕ ਵਿਚ ਉਲਝੇ ਲੋਕਾਂ ਦੇ ਗ਼ੁੱਸੇ ਦਾ ਸ਼ਿਕਾਰ ਹੁੰਦੇ ਆਏ ਹਨ। ਪਰ ਆਖ਼ਰ ਵਿਚ ਸਮਾਂ ਇਨ੍ਹਾਂ ਦੇ ਪੈਰਾਂ ਵਿਚ ਝੁਕਦਾ ਰਿਹਾ ਹੈ। ਇਨ੍ਹਾਂ ਲੋਕਾਂ ਕਾਰਨ ਹੀ ਸਮਾਜ ਨੇ ਸਦਾ ਤਰੱਕੀ ਦੀਆਂ ਪੌੜੀਆਂ 'ਤੇ ਪੈਰ ਰੱਖੇ ਨਹੀਂ ਤਾਂ ਸਦਾ ਲਈ ਮਨੁੱਖ ਸ਼ਾਇਦ ਇਕ ਦੂਜੇ ਨੂੰ ਕੱਟ ਕੱਟ ਕੇ ਹੀ ਖਾਂਦੇ ਰਹਿੰਦੇ।

ਭਾਰਤ ਵਿਚ ਕੰਪਿਊਟਰ ਨਾ ਲਿਆਂਦੇ ਗਏ ਹੁੰਦੇ ਤਾਂ ਉਹ ਦੁਨੀਆ ਦੇ ਦੇਸ਼ਾਂ ਵਿਚ ਸ਼ਾਇਦ ਸਭ ਤੋਂ ਪੱਛੜਿਆ ਹੋਇਆ ਰਹਿੰਦਾ। ਪਰ ਭਾਰਤ ਵਿਚ ਕੰਪਿਊਟਰ ਲਿਆਉਣ ਦੀ ਵੀ ਵਿਰੋਧਤਾ ਉਦੋਂ ਹੋਈ ਸੀ।

ਇਕ ਹੋਰ ਸੱਚ ਇਹ ਵੀ ਹੈ ਕਿ ਜਦ ਵੀ ਜਨੂੰਨੀ ਲੋਕਾਂ ਨੇ ਕਿਸੇ ਚਾਨਣੇ ਮਨ ਮਸਤਕ ਵਾਲੇ ਇਨਸਾਨ ਨੂੰ ਆਪਣੇ ਹਨੇਰੇ ਪੰਜਿਆਂ ਵਿਚ ਘੁੱਟ ਕੇ ਖ਼ਤਮ ਕੀਤਾ, ਝੱਟ ਹੀ ਪਿੱਛੋਂ ਉਸਦੀ ਵਿਚਾਰਧਾਰਾ ਅਪਣਾ ਵੀ ਲਈ। ਉਸਦੇ ਬੁੱਤ ਬਣਾ ਕੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਗਈ। ਜਿਵੇਂ ਸੁਕਰਾਤ ਨੂੰ ਮਾਰਨ ਤੋਂ ਜਲਦੀ ਹੀ ਪਿੱਛੋਂ ਉਸਦੀ ਵਿਚਾਰਧਾਰਾ ਅਪਣਾ ਲਈ ਗਈ ਸੀ। ਏਥਨਜ਼ ਵਾਲਿਆਂ ਨੇ ਜਿਜ਼ੀਪਸ ਨੂੰ ਸੁਕਰਾਤ ਦਾ ਤਾਂਬੇ ਦਾ ਬੁੱਤ ਬਣਾਉਣ ਦਾ ਆਦੇਸ਼ ਦਿੱਤਾ ਸੀ। ਇੰਜ ਹੀ ਜੌਨ ਆਫ਼ ਆਰਕ ਦੀ ਯਾਦਗਾਰ ਉਸ 'ਤੇ ਮੁਕੱਦਮਾ ਚਲਾਉਣ ਵਾਲੀ ਸਰਕਾਰ ਨੇ ਹੀ ਬਣਾਈ ਸੀ। ਸਦੀਆਂ ਪਿੱਛੋਂ ਉਸ ਨੂੰ ਸੇਂਟ (ਸੰਤ) ਦਾ ਖ਼ਿਤਾਬ ਵੀ ਦਿੱਤਾ ਗਿਆ।

ਗੁਰੂ ਨਾਨਕ ਦੇ ਅਸੂਲਾਂ ਨੂੰ ਅੱਜ ਸਾਰਾ ਸੰਸਾਰ ਲਾਸਾਨੀ ਮੰਨ ਰਿਹਾ ਹੈ। ਪਰ ਆਪਣੇ ਸਮੇਂ ਵਿਚ ਉਹ ਵੀ 'ਕੁਰਾਹੀਏ' ਸਨ।

ਫਿਰ ਵੀ ਕੋਈ ਸਾਰਥਕ ਵਤੀਰਾ ਕਦੇ ਰੁਕਿਆ ਨਹੀਂ, ਬਿਸ਼ਨੋਈ ਕਬੀਲੇ ਦੇ ਲੋਕ ਖੇਜੜੀ ਨਾਮ ਦੇ ਬਿਰਖਾਂ ਨੂੰ ਬਚਾਉਂਦੇ ਕੱਟੇ ਗਏ ਸਨ, ਹਰਿਆਣਾ ਤੇ ਪੰਜਾਬ ਵਿਚ ਜਾਤਾਂ ਦੇ ਜੰਜਾਲ ਵਿਚੋਂ ਨਿਕਲ ਕੇ ਵਿਆਹ ਕਰਵਾਉਣ ਵਾਲਿਆਂ ਨੂੰ ਕਥਿਤ ਪੰਚ ਖੜਪੰਚ ਅਜੇ ਵੀ ਇੱਜ਼ਤ ਦੇ ਨਾਂ 'ਤੇ ਸਜ਼ਾਵਾਂ ਦੇ ਰਹੇ ਹਨ।

ਅਸਲ ਵਿਚ ਸਾਡੇ ਦੇਸ਼ ਨੂੰ ਬਹੁਤ ਸਾਰੇ ਜਾਂਬਾਜ਼ 'ਕੁਰਾਹੀਆ' ਦੀ ਜ਼ਰੂਰਤ ਹੈ ਜੋ ਭ੍ਰਿਸ਼ਟਾਚਾਰ, ਕਾਲਾ ਬਾਜ਼ਾਰੀ, ਗ਼ਲਤ ਰਾਜਨੀਤੀ ਤੇ ਹੋਰ ਸਾਰੀਆਂ ਬੁਰਾਈਆਂ ਤੋਂ ਇਸ ਨੂੰ ਮੁਕਤ ਕਰਾ ਸਕਣ ਤੇ ਹਾਲਾਤ ਸਾਜ਼ਗਾਰ ਹੋ ਸਕਣ।

# ਰੱਜ ਦੀ ਹਕੀਕਤ

ਰੱਜ, ਪੰਜਾਬੀ ਭਾਸ਼ਾ ਦਾ ਐਸਾ ਸ਼ਬਦ ਹੈ, ਜਿਸ ਨੂੰ ਬੋਲਦਿਆਂ ਤਾਂ ਕੀ ਸੁਣਦਿਆਂ ਵੀ ਇਕ ਭਰਪੂਰਤਾ ਜਿਹੀ ਦਾ ਅਹਿਸਾਸ ਹੁੰਦਾ ਹੈ। ਇਕ ਤ੍ਰਿਪਤ, ਸੰਤ੍ਰਿਪਤ ਮਨ ਦਾ ਭਾਵ ਜਾਗਦਾ ਹੈ ਜਿਥੇ ਭੁੱਖ ਦੀ ਹੱਦ ਖ਼ਤਮ ਹੁੰਦੀ ਹੈ। ਪਰੰਤੂ ਅਸਲੀਅਤ ਵਿਚ ਰੱਜ ਦੀ ਕੋਈ ਹੋਂਦ ਹੈ ਵੀ ? ਇਸ ਪ੍ਰਸ਼ਨ ਦਾ ਉਤਰ ਬਹੁਤ ਘੱਟ ਮਿਲਦਾ ਹੈ।

'ਦੇਖ ਬਹੁ ਰੰਗ ਤਮਾਸ਼ੇ ਅੱਖੀਆਂ ਨਾ ਰੱਜੀਆਂ।'

ਜਦ ਅੱਖੀਆਂ ਹੀ ਨਹੀਂ ਰੱਜਦੀਆਂ ਤਾਂ ਮਨ ਕਿਸ ਤਰ੍ਹਾਂ ਭਰੇਗਾ। ਆਖ਼ਰ ਰੱਜ ਦੇ ਸੁਨੇਹੇ ਤਾਂ ਇਨ੍ਹਾਂ ਬਲੌਰੀ ਝਰੋਖਿਆਂ ਰਾਹੀਂ ਹੀ ਮਿਲਣੇ ਹਨ। ਕੋਈ ਖ਼ੂਬਸੂਰਤ ਚੀਜ਼ ਤੱਕਦੇ ਹਾਂ ਤਾਂ ਮਨ ਨੂੰ ਤਸੱਲੀ ਮਿਲਦੀ ਹੈ ਅਤੇ ਝੱਟ ਹੀ ਉਸ ਨੂੰ ਪਾਉਣ ਦੀ ਇੱਛਾ ਜਾਗਰਤ ਹੋਣ ਲੱਗਦੀ ਹੈ। ਤਾ-ਉਮਰ ਸਵਾਦਲੇ ਪਕਵਾਨ ਖਾਂਦੇ ਹਾਂ। ਪੇਟ ਤੋਂ ਰੱਜ ਦਾ ਇਸ਼ਾਰਾ ਮਿਲ ਵੀ ਜਾਂਦਾ ਹੈ ਪਰ ਕੁਝ ਹੀ ਦੇਰ ਪਿੱਛੋਂ ਮਨ ਅਤੇ ਪੇਟ ਉਸੇ ਕਿਰਿਆ ਨੂੰ ਦੁਹਰਾਉਣ ਲਈ ਫਿਰ ਤੋਂ ਤਿਆਰ ਹੁੰਦੇ ਹਨ। ਇਹ ਸਿਲਸਿਲਾ ਉਮਰ ਭਰ ਸਾਨੂੰ ਆਪਣੇ ਚੱਕੀ ਘੇਰੇ ਵਿਚ ਵਲ ਕੇ ਜਕੜੀ ਰੱਖਦਾ ਹੈ। ਪਰ ਰੱਜ ਕੇਵਲ ਖਾਣ ਦੇ ਦਾਇਰੇ ਤੱਕ ਹੀ ਸੀਮਤ ਨਹੀਂ। ਇਸ ਦੇ ਪਸਾਰਾਂ ਦਾ ਦਾਇਰਾ ਸਾਰੀ ਜ਼ਿੰਦਗੀ ਨੂੰ ਹੀ ਇੱਛਾਵਾਂ ਰਾਹੀਂ ਕਲਾਵੇ ਵਿਚ ਲਈ ਬੈਠਾ ਹੈ। ਮਹਾਤਮਾ ਬੁੱਧ ਨੇ ਕਿਹਾ ਸੀ, "ਇੱਛਾਵਾਂ ਦੁੱਖਾਂ ਦਾ ਮੂਲ ਹਨ।" ਹੁਣ ਜੇ ਇਸੇ ਬਾਰੇ ਹੀ ਸੋਚੀਏ ਤਾਂ ਜਦ ਇੱਛਾ ਕਰਦੇ ਹਾਂ, ਕੋਈ ਚਾਹਤ ਜਾਗਦੀ ਹੈ ਤਾਂ ਪੂਰੀ ਕਰਨ ਵਾਸਤੇ ਆਕਾਸ਼ ਪਾਤਾਲ ਫੋਲੇ ਜਾਂਦੇ ਹਨ। ਕੋਈ ਕੱਚੇ ਘੜੇ 'ਤੇ ਝਨਾਂ ਤਰਦਾ ਹੈ, ਕੋਈ ਪਰਬਤ ਚੀਰ ਕੇ ਵਿਚਾਲਿਓਂ ਨਹਿਰ ਵਗਾ ਦਿੰਦਾ ਹੈ, ਕੋਈ ਸੁਪਨੇ ਦੀ ਪੈੜ ਲੱਭਦੇ ਵਰ੍ਹਿਆਂ ਤਕ ਸਮੁੰਦਰ ਤਰਦੇ ਹਨ, ਪਹਾੜਾਂ ਦੀਆਂ ਕੁੰਦਰਾਂ ਫੋਲਦੇ ਹਨ। ਕਈ ਥਲਾਂ ਦੀ ਰੇਤ ਛਾਣਦੇ ਫਿਰਦੇ ਹਨ। ਕੋਈ ਅਮੀਰ ਬਣਨ ਵਾਸਤੇ ਦਿਨ ਰਾਤ ਮਿਹਨਤ ਕਰਦਾ ਹੈ ਤੇ ਕੋਈ ਜ਼ਿੰਦਗੀ ਦਾ ਉਚੇਰਾ ਮੁਕਾਮ ਲੱਭਣ ਵਾਸਤੇ ਦਿਨ ਰਾਤ ਇਕ ਕਰਦਾ ਹੈ। ਇੰਜ ਜ਼ਿੰਦਗੀ ਦੇ ਦਾਇਰੇ ਨਵੇਂ ਰਸਤੇ ਅਤੇ ਨਵੀਆਂ ਇਬਾਰਤਾਂ ਸਿਰਜਦੇ ਹਨ। ਹੁਣ ਜੇ ਇੱਛਾਵਾਂ ਹੀ ਨਾ ਹੋਣ ਤਾਂ ਕੋਈ ਕੁਝ ਵੀ ਨਾ ਕਰੇ। ਜ਼ਿੰਦਗੀ ਦਾ ਕਾਰੋਬਾਰ ਹੀ ਨਾ ਚੱਲੇ ਤੇ ਇਸ ਦੀ ਸਾਰੀ ਬਹੁਲਤਾ ਤੇ ਰੰਗ-ਬਰੰਗਤਾ ਹੀ ਖ਼ਤਮ ਹੋ ਜਾਵੇ। ਸੋ ਬੁੱਧਵਾਦ ਸੋਚ ਦੇ ਪੱਧਰ 'ਤੇ ਇੱਛਾਵਾਂ ਦੀ ਪੂਰਤੀ ਦਾ ਇਕ ਉਹ ਬਿੰਦੂ ਭਾਲਦਾ ਹੈ ਜਿਸ ਨੂੰ ਰੱਜ, ਤਸੱਲੀ ਜਾਂ ਸਹਿਜ ਕਹਿ ਸਕਦੇ ਹਾਂ ਅਰਥਾਤ ਇੱਛਾਵਾਂ ਇਕ ਨਿਸਚਿਤ ਵਹਾਅ ਵਿਚ ਚੱਲਣ।

ਗੁਰੂ ਨਾਨਕ ਦੇਵ ਜੀ ਨੇ ਤਾਂ ਜ਼ਿੰਦਗੀ ਦੀ ਸਫ਼ਲਤਾ ਸਾਰੇ ਦੁੱਖਾਂ ਸੁੱਖਾਂ ਦੇ ਸੰਤੁਲਨ ਵਿਚ ਹੀ ਆਂਕੀ ਹੈ ਤੇ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਮਾਣਦਿਆਂ ਹੋਇਆਂ ਸਹਿਜ ਰੱਜ ਜਾਂ ਮੁਕਤੀ ਵੱਲ ਇਸ਼ਾਰਾ ਕੀਤਾ ਹੈ।

'ਹਸੰਦਿਆਂ ਖੇਲੰਦਿਆਂ ਖਾਵੰਦਿਆਂ ਪਹਿਨੰਦਿਆਂ ਵਿਚਹੁ ਹੋਵੈ ਮੁਕਤ ॥'

ਸੋ ਰੱਜ ਤਕ ਪਹੁੰਚਣ ਦੇ ਤਰੀਕੇ ਵੱਖ-ਵੱਖ ਹੋ ਸਕਦੇ ਹਨ ਪਰ ਇਹ ਅਵਸਥਾ ਕਿਤੇ ਨਾ ਕਿਤੇ ਮੌਜੂਦ ਅਵੱਸ਼ ਹੈ ਤੇ ਇਹ ਵੀ ਸੱਚ ਹੈ ਕਿ ਇਸ ਦਾ ਆਭਾਸ ਕਿਸੇ ਵਿਰਲੇ ਨੂੰ ਹੀ ਹੁੰਦਾ ਹੈ ਅਰਥਾਤ ਦੁੱਖਾਂ ਸੁੱਖਾਂ ਦੇ ਦਾਇਰੇ ਤੋਂ ਉਚੇਰੀ ਪਰਮ ਅਨੰਦ ਦੀ ਸਥਿਤੀ।

ਇਕ ਤਰੀਕੇ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਜਿਹੀ ਸਥਿਤੀ ਜਿਥੇ ਕੋਈ ਵੀ ਇੱਛਾ ਨਹੀਂ, ਅੱਤ ਨਿਰਾਸ਼ਤਾ ਜਾਂ ਉਦਾਸੀ ਦੀ ਹਾਲਤ ਵੀ ਹੋ ਸਕਦੀ ਹੈ। 'ਜੀਵੇ ਆਸਾ ਮਰੇ ਨਿਰਾਸਾ'...ਤੇ ਇਹ ਸਥਿਤੀ ਸਭ ਇੱਛਾਵਾਂ ਦੀ ਪੂਰਤੀ ਦੀ ਚਾਅ ਭਰੀ ਤਸੱਲੀ ਵੀ ਹੋ ਸਕਦੀ ਹੈ। ਪਰ ਆਮ ਮਨੁੱਖੀ ਜੀਵਨ ਵਿਚ ਇਸ ਤਸੱਲੀ ਦੀ ਉਮਰ ਛਿਣ ਭਰ ਤੋਂ ਵਧੇਰੇ ਨਹੀਂ ਹੁੰਦੀ। ਉਦਾਸ ਹੁੰਦੇ ਹਾਂ ਤਾਂ ਹਰੇਕ ਆਸ ਹੀ ਬੇਮਾਨੀ ਲੱਗਦੀ ਹੈ ਤੇ ਦੂਜੇ ਪਾਸੇ ਆਸਵੰਦ ਹੋਣ ਦੀ ਕੋਈ ਹੱਦ ਵੀ ਕਿਧਰੇ ਹੈ ਨਹੀਂ। ਕਿਸੇ ਰੱਜ ਵੱਲ ਨੂੰ ਤੁਰਦੀ ਆਸ ਕਈ ਵਾਰ ਮਨੁੱਖ ਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਸਿਆਸਤਦਾਨ ਨਜਾਇਜ਼ ਢੰਗਾਂ ਨਾਲ ਪੈਸਾ ਕਮਾਉਣ ਲੱਗਦੇ ਹਨ ਤਾਂ ਅੰਬਾਰਾਂ ਦੇ ਅੰਬਾਰ ਪੈਸਾ ਕਬਜ਼ੇ ਵਿਚ ਕਰ ਕੇ ਵੀ ਉਨ੍ਹਾਂ ਦਾ ਮਨ ਨਹੀਂ ਭਰਦਾ। ਕੋਈ ਜੁੱਤੀਆਂ ਖਰੀਦਣ ਲੱਗਦਾ ਹੈ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਜੁੱਤੀਆਂ ਹੀ ਖਰੀਦ ਕੇ ਕਮਰੇ ਭਰੀ ਜਾਂਦਾ ਹੈ। ਸ਼ਾਇਦ ਹੀ ਉਨ੍ਹਾਂ ਵੱਲੋਂ ਕਦੇ ਹਰੇਕ ਜੋੜਾ ਪਹਿਨਣ ਦੀ ਵਾਰੀ ਆਉਂਦੀ ਹੋਵੇ। ਸਾੜੀਆਂ ਜਾਂ ਗਹਿਣੇ ਖਰੀਦਣ ਦੀ ਭੁੱਖ ਜਾਗਦੀ ਹੈ ਤਾਂ ਕਿਧਰੇ ਨਹੀਂ ਰੁਕਦੀ। ਇਵੇਂ ਹੀ ਜ਼ਮੀਨਾਂ ਪਲਾਟਾਂ ਤੇ ਇਮਾਰਤਾਂ ਤੇ ਕਬਜ਼ੇ ਕਰਨ ਦਾ ਝੱਸ ਹੈ। ਹੁਣ ਜਾਇਜ਼ ਨਜਾਇਜ਼ ਢੰਗਾਂ ਨਾਲ ਇਹਨਾਂ ਮਣਾਂ-ਮੂੰਹੀ ਪੈਸਾ ਕਮਾਉਣ ਵਾਲਿਆਂ ਨੂੰ ਕੋਈ ਪੁੱਛੇ ਕਿ ਆਖ਼ਿਰ ਇਕ ਇਨਸਾਨ ਨੂੰ ਖ਼ੁਸ਼ਹਾਲ ਜ਼ਿੰਦਗੀ ਜਿਊਣ ਵਾਸਤੇ ਕਿੰਨੇ ਕੁ ਪੈਸੇ ਦੀ ਜ਼ਰੂਰਤ ਹੋ ਸਕਦੀ ਹੈ? ਅੰਤਾਂ ਦਾ ਇਕੱਠਾ ਕੀਤਾ ਪੈਸਾ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਕੇਵਲ ਨਿਕੰਮੇ ਹੀ ਬਣਾਏਗਾ, ਜੋ ਉਹ ਖ਼ੁਦ ਵੀ ਨਹੀਂ ਚਾਹੁਣਗੇ। ਪਰ ਗੱਲ ਤਾਂ ਰੱਜ ਦੀ ਹੈ, ਜੋ ਉਨ੍ਹਾਂ ਨੂੰ ਕਿਸੇ ਵੀ ਸੀਮਾ 'ਤੇ ਪਹੁੰਚ ਕੇ ਆਉਂਦਾ ਹੀ ਨਹੀਂ, ਨਹੀਂ ਤਾਂ ਦੇਸ਼ ਵਿਚ ਹੋ ਰਹੇ ਵੱਡੇ-ਵੱਡੇ ਘੁਟਾਲੇ ਕਦੇ ਨਾ ਹੁੰਦੇ ਤੇ ਨਾ ਹੀ ਜਨਤਾ ਦੇ ਪੈਸੇ ਦੀ ਅੰਨ੍ਹੀ ਲੁੱਟ ਹੁੰਦੀ।

ਜਿਉਣ ਦੇ ਸੰਬੰਧ ਵਿਚ ਮਨੁੱਖੀ ਮਨ ਕਦੀ ਨਹੀਂ ਭਰਦਾ। ਇਨ੍ਹਾਂ ਪੰਨਿਆਂ ਵਿਚ ਮੇਰੀ (ਸਵਰਗੀ) ਬਾਨਵੇਂ ਸਾਲਾ ਮਾਂ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ ਜਿਸ ਨੇ ਆਪਣੇ ਅੰਤ ਸਮੇਂ ਲਈ ਆਪਣੇ ਵਾਸਤੇ ਸੂਟ ਸਿਵਾ ਕੇ ਆਪਣੀ ਅਲਮਾਰੀ ਵਿਚ

ਰੱਖਿਆ ਹੋਇਆ ਸੀ। ਦੋ ਕਾਲੀਆਂ ਚਿੱਟੀਆਂ ਡੱਬੀਆਂ ਵਾਲੇ ਖੇਸ ਡੋਰੇ ਵੱਟ ਕੇ ਰੱਖੇ ਹੋਏ ਸਨ। ਆਪਣੇ ਜਿਉਂਦੇ ਜੀ ਗੁਰਦੁਆਰੇ ਵਿਚ ਆਪਣੇ ਵਾਸਤੇ ਅਖੰਡ ਪਾਠ ਵੀ ਕਰਵਾ ਚੁੱਕੀ ਸੀ ਪਰ ਉਹ ਮੇਰੀ ਬੇਟੀ ਦੀ ਬੇਟੀ ਯਾਨੀ ਆਪਣੀ ਦਸ ਸਾਲ ਦੀ ਪੜਦੋਹਤੀ ਨੂੰ ਇਕ ਦਿਨ ਪੁੱਛ ਰਹੀ ਸੀ ਕਿ ਤੂੰ ਵੱਡੀ ਹੋ ਕੇ ਕੀ ਬਣੇਂਗੀ ? ਜਦ ਉਸਨੇ ਕਿਹਾ ਡਾਕਟਰ ਤਾਂ ਉਹ ਫਿਰ ਪੁੱਛਣ ਲੱਗੀ ਕਿ ਕੀ ਮੈਂ ਤੈਨੂੰ ਡਾਕਟਰ ਬਣੀ ਨੂੰ ਦੇਖਾਂਗੀ ? ਅਖ਼ੀਰਲੇ ਸਾਲ ਵਿਚ ਜਿਹੜਾ ਕੋਈ ਉਸ ਨੂੰ ਮਿਲਣ ਆਉਂਦਾ, ਉਸ ਨੂੰ ਦੇਰ ਤਕ ਜੱਫੀ ਵਿਚ ਲੈ ਛੱਡਦੀ ਜਾਂ ਹੱਥ ਫੜ ਕੇ ਛੱਡਦੀ ਹੀ ਨਹੀਂ ਸੀ। ਮੌਤ ਦਾ ਸਾਮਾਨ ਇਕੱਠਾ ਕਰਦਿਆਂ ਵੀ ਇਹ ਜ਼ਿੰਦਗੀ ਨੂੰ ਲੰਬੇ ਸਮੇਂ ਤਕ ਘੁੱਟ ਕੇ ਫੜੀ ਰੱਖਣ ਦੀ ਇੱਛਾ ਹੀ ਹੈ ਜੋ ਇਨਸਾਨ ਨੂੰ ਦੇਰ ਤਕ ਕਿਰਿਆਸ਼ੀਲ ਰੱਖਦੀ ਹੈ।

ਅਮਰੀਕਾ ਵਿਚ ਰੱਜ ਦੀ ਭਾਵਨਾ ਅਤੇ ਇਸ ਦੀ ਵਿਪਰੀਤ ਭਾਵਨਾ ਦੀ ਬੜੀ ਵਧੀਆ ਉਦਾਹਰਣ ਦੇਖਣ ਨੂੰ ਮਿਲੀ। ਸਾਡੇ ਰਿਸ਼ਤੇਦਾਰ ਦੇ ਘਰ ਦੇ ਗੁਆਂਢ ਇਕ ਮੈਕਸੀਕਨ ਪਰਿਵਾਰ ਰਹਿੰਦਾ ਹੈ। ਘਰ ਦੇ ਮਾਲਕ ਦਾ ਅਸਲ ਨਾਮ ਬਦਲ ਕੇ ਫਾਰਿਓ ਕਹਿ ਲੈਂਦੇ ਹਾਂ। ਉਹ ਆਪ ਹੀ ਦੱਸਦਾ ਹੈ ਕਿ ਉਹ ਜਵਾਨੀ ਸਮੇਂ ਕਹਿੰਦਾ ਕਹਾਉਂਦਾ ਗੁੰਡਾ ਰਿਹਾ ਸੀ। ਉਸਦਾ ਸਾਰਾ ਸਰੀਰ ਵੰਨ-ਸੁਵੰਨੇ ਟੈਟੂਆਂ ਨਾਲ ਖੁਣਿਆ ਪਿਆ ਹੈ। ਪਰੰਤੂ ਹੁਣ ਉਹ ਗ਼ਲਤ ਕੰਮਾਂ 'ਚੋਂ ਪੈਦਾ ਹੋਈ ਉਕਤਾਹਟ ਨਾਲ ਰੱਜ ਕੇ ਸਭ ਕੁਝ ਛੱਡ ਛੁਡਾ ਕੇ ਇਕ ਕੋਮਲ ਭਾਵੀ ਇਨਸਾਨ ਬਣ ਚੁੱਕਾ ਹੈ। ਉਹ ਪੂਰੀ ਬਾਂਹ ਦੀ ਕਮੀਜ਼ ਪਾਉਂਦਾ ਹੈ ਤੇ ਕਦੇ-ਕਦੇ ਮਖ਼ੌਲ ਵਿਚ ਸਾਡੇ ਰਿਸ਼ਤੇਦਾਰ ਨੂੰ ਕਹਿੰਦਾ ਹੈ, "ਮਿਸਟਰ ਸਿੰਘ ਜੇ ਮੈਂ ਕਿਸੇ ਦਿਨ ਗਲੀ ਵਿਚ ਆਪਣੀ ਕਮੀਜ਼ ਉਤਾਰ ਦਿਆਂ ਤਾਂ ਇਸ ਮੁਹੱਲੇ ਦੇ ਘਰਾਂ ਦੇ ਭਾਅ ਇਕਦਮ ਡਿੱਗ ਪੈਣਗੇ।" ਉਸਦੀ ਪਤਨੀ ਦੀਆਂ ਦੋ ਭੈਣਾਂ ਹਨ ਤੇ ਇਕ ਨੱਬੇ ਸਾਲ ਦੀ ਸੱਸ ਹੈ। ਤਿੰਨੇ ਭੈਣਾਂ ਆਪਣੀ ਮਾਂ ਨੂੰ ਇਕ-ਇਕ ਹਫ਼ਤਾ ਆਪਣੇ ਕੋਲ ਰੱਖ ਕੇ ਉਸਦੀ ਸੇਵਾ ਕਰਦੀਆਂ ਹਨ। ਉਹ ਬਜ਼ੁਰਗ ਡੀਮੈਨਸ਼ੀਆ (ਭੁੱਲਣ ਦੀ ਬਿਮਾਰੀ) ਤੇ ਸਖ਼ਤ ਕਬਜ਼ ਦੀ ਸ਼ਿਕਾਰ ਹੈ। ਉਸ ਨੂੰ ਪਖਾਨਾ ਲਿਆਉਣ ਲਈ, ਉਹ ਜਿਸ ਲੜਕੀ ਕੋਲ ਵੀ ਹੋਵੇ ਉਹ ਰੋਜ਼ ਉਸਦਾ ਅਨੀਮਾ ਕਰਦੀ ਹੈ। ਫਾਰਗ ਹੋਣ ਪਿੱਛੋਂ ਉਹ ਰੋਜ਼ ਆਪਣੀ ਉਸ ਲੜਕੀ ਨੂੰ ਪੁੱਛਦੀ ਹੈ, "ਮੈਨੂੰ ਲੜਕਾ ਪੈਦਾ ਹੋਇਆ ਹੈ ਜਾਂ ਲੜਕੀ ?" ਉਸਦੀ ਧੀ ਕਹਿੰਦੀ ਹੈ, "ਲੜਕੀ ! ਮੈਂ ਤੇਰੀ ਲੜਕੀ ਹਾਂ।" ਤੇ ਮਾਂ ਜਵਾਬ ਦੇਂਦੀ ਹੈ ਕਿ ਨਹੀਂ ਤੂੰ ਮੇਰੀ ਲੜਕੀ ਨਹੀਂ। ਫਾਰੀਓ ਦੀ ਪਤਨੀ ਕਈ ਵਾਰ ਦੁੱਖ ਨਾਲ ਕਹਿੰਦੀ ਹੈ ਕਿ ਮੈਂ ਉਸਦੀ ਸੇਵਾ ਕਰ ਰਹੀ ਹਾਂ ਜੋ ਮੈਨੂੰ ਆਪਣੀ ਧੀ ਹੀ ਨਹੀਂ ਮੰਨਦੀ। ਦੂਜੇ ਪਾਸੇ ਫਾਰੀਓ ਦੀ ਆਪਣੀ ਮਾਂ ਦੀ ਮੌਤ ਵੀ ਹਾਲ ਵਿਚ ਹੀ ਹੋਈ ਹੈ। ਉਹ ਚੰਗੀ ਭਲੀ ਕੰਮਕਾਰ ਕਰਦੀ ਸਿਹਤਮੰਦ ਔਰਤ ਸੀ। ਅਚਾਨਕ ਪਤਾ ਲੱਗਾ ਕਿ ਉਸਦੇ ਦੋਵੇਂ ਗੁਰਦੇ ਫੇਲ੍ਹ ਹੋ ਗਏ ਹਨ। ਜਦ ਉਸਦਾ ਪੁੱਤਰ ਉਸ ਨੂੰ ਹਸਪਤਾਲ ਲੈ ਕੇ ਜਾਣ ਲੱਗਾ ਤਾਂ ਉਸਨੇ ਸਾਫ਼ ਮਨ੍ਹਾ ਕਰ ਦਿੱਤਾ ਕਿ ਮੈਂ ਬਹੁਤ ਜੀ ਲਿਆ ਹੈ। ਜੇ ਹੁਣ ਕੁਦਰਤ ਦੀ ਮਰਜ਼ੀ ਹੈ ਕਿ ਮੈਂ ਜਾਵਾਂ ਤਾਂ ਹੁਣ ਤੂੰ ਮੈਨੂੰ ਜਾਣ ਹੀ

ਦੇਹ ! ਮੈਂ ਕੋਈ ਇਲਾਜ ਨਹੀਂ ਕਰਵਾਉਣਾ। ਪੁੱਤਰ ਨੇ ਵੀ ਫਿਰ ਜ਼ਿਦ ਨਹੀਂ ਕੀਤੀ ਤੇ ਉਹ ਔਰਤ ਆਪਣੇ ਜੀਣ ਨਾਲ ਰੱਜੀ-ਪੁੱਜੀ (ਸ਼ਾਇਦ) ਇਸ ਸੰਸਾਰ ਤੋਂ ਰੁਖ਼ਸਤ ਹੋ ਗਈ। ਹੁਣ ਇਕ ਪਾਸੇ ਇਹ ਔਰਤ ਤੇ ਦੂਜੇ ਪਾਸੇ ਉਸ ਤੋਂ ਵਡੇਰੀ ਉਮਰ ਦੀ ਉਸਦੀ ਸੱਸ, ਜੋ ਅਜੇ ਵੀ ਬੱਚੇ ਪੈਦਾ ਕਰਨ ਦਾ ਭਰਮ ਪਾਲਦੀ, ਆਪਣੀ ਸਥਿਤੀ ਤੋਂ ਬੇਖ਼ਬਰ ਜੀ ਰਹੀ ਹੈ।

ਉਂਜ ਜੇ ਧਿਆਨ ਨਾਲ ਵੇਖੀਏ ਤਾਂ ਕੁਦਰਤ ਵਿਚ ਵੀ ਰੱਜ ਦਾ ਕੋਈ ਵਿਧੀ-ਵਿਧਾਨ ਨਹੀਂ ਦਿਸਦਾ। ਫੁੱਲ ਖਿੜਦੇ ਹਨ, ਭਰਪੂਰ ਖਿੜਦੇ ਹਨ ਤੇ ਮਰਦੇ ਹੋਏ ਬੀਜਾਂ ਵਿਚ ਆਪਣੀ ਜੀਊਣ ਦੀ ਇੱਛਾ ਸਹੇਜ ਜਾਂਦੇ ਹਨ। ਪੱਤਝੜ ਆਉਂਦੀ ਹੈ। ਹਰਿਆਲੀ ਸੌਂ ਜਾਂਦੀ ਹੈ ਪਰ ਬਸੰਤ ਫਿਰ ਤੋਂ ਸੁੱਕੇ ਟਾਹਣਾਂ ਅੰਦਰ ਸੁੱਤੀ ਜੀਣ ਦੀ ਲਾਟ ਨੂੰ ਹਵਾ ਦੇ ਦਿੰਦੀ ਹੈ। ਭੁਚਾਲ ਆਉਂਦੇ ਹਨ। ਬਣੀਆਂ ਧਰਤੀਆਂ ਟੁੱਟਦੀਆਂ ਹਨ, ਨਵੀਆਂ ਬਣਦੀਆਂ ਹਨ ਤੇ ਜ਼ਿੰਦਗੀ ਫਿਰ ਤੋਂ ਵੱਸਣਾ ਸ਼ੁਰੂ ਕਰਦੀ ਹੈ। ਤਾਰਿਆਂ ਭਰੇ ਅੰਬਰ ਵਿਚੋਂ ਕੁਝ ਤਾਰੇ ਭਰਪੂਰ ਜੀ ਕੇ ਟੁੱਟਦੇ ਹਨ ਪਰ ਅੰਬਰ ਖ਼ਾਲੀ ਨਹੀਂ ਹੁੰਦਾ ਕਿਉਂਕਿ ਕਿਤੇ ਨਾ ਕਿਤੇ ਅੰਬਰ ਵਿਚ ਹੀ ਨਵੇਂ ਤਾਰੇ ਬਣ ਰਹੇ ਹੁੰਦੇ ਹਨ। ਬੱਦਲ ਭਰਪੂਰ ਵਰ੍ਹਦੇ ਹਨ, ਧਰਤੀ 'ਤੇ ਜਲਥਲ ਕਰਦੇ ਹੜ੍ਹ ਲਿਆਉਂਦੇ ਹਨ, ਤਬਾਹੀ ਮੱਚਦੀ ਹੈ ਪਰ ਕੁਝ ਦਿਨਾਂ ਪਿੱਛੋਂ ਧਰਤੀ ਦੀ ਪਿਆਸ ਫਿਰ ਤੋਂ ਉੱਭਰ ਆਉਂਦੀ ਹੈ। ਸੋ ਹਕੀਕਤ ਵਿਚ ਤਾਂ ਰੱਜ ਕੇਵਲ ਮਨ ਦੀ ਛਿਣ-ਭੰਗਰੀ ਅਵਸਥਾ ਹੀ ਰਹਿ ਜਾਂਦੀ ਹੈ ਭਾਵੇਂ ਇਨਸਾਨ ਹੋਵੇ ਤੇ ਭਾਵੇਂ ਕੁਦਰਤ।

# ਖੰਡ ਮੰਡਲਾਂ ਵਿਚ ਰਚੀ ਪੈੜ

ਆਮ ਬੋਲ ਚਾਲ ਦੀ ਭਾਸ਼ਾ ਵਿਚ ਤਾਂ ਪੈੜ ਕਿਸੇ ਲੰਘ ਕੇ ਗਏ ਦੋ ਪੈਰਾਂ ਦੇ ਮਿੱਟੀ ਜਾਂ ਰੇਤ ਤੇ ਬਣੇ ਨਿਸ਼ਾਨ ਹੁੰਦੇ ਹਨ। ਜਿਹੋ ਜਿਹਾ ਜਾਣ ਵਾਲਾ ਹੋਇਆ ਉਹੋ ਜਿਹੇ ਹੀ ਇਨ੍ਹਾਂ ਪੈੜਾਂ ਨੇ ਮਨ ਵਿਚ ਭਾਵ ਵੀ ਜਗਾਉਣੇ ਹੁੰਦੇ ਹਨ। ਜੇ ਕੋਈ ਆਪਣਾ ਬਹੁਤਾ ਪਿਆਰਾ ਹੋਇਆ ਤਾਂ ਮਸ਼ਹੂਰ ਗੀਤ ਵਰਗਾ ਵੈਰਾਗ ਭਰਿਆ ਮੋਹ ਜਾਗੇਗਾ, ਜਿਵੇਂ "ਤੇਰੀ ਸੱਜਰੀ ਪੈੜ ਦਾ ਰੇਤਾ ਚੁੱਕ ਚੁੱਕ ਲਾਵਾਂ ਹਿੱਕ ਨੂੰ"। ਪਰ ਜੇ ਕੋਈ ਏਨਾ ਬੁਰਾ ਲੱਗਦਾ ਹੋਵੇ ਕਿ ਉਸਦੀ ਨਜ਼ਰ ਨੂੰ ਹੀ ਨਹਿਸ਼ ਸਮਝਿਆ ਜਾਂਦਾ ਹੋਵੇ, ਉਸਦੀ ਪੈੜ ਦੀ ਮਿੱਟੀ ਵੀ ਅੱਗ ਵਿਚ ਸੁੱਟੀ ਜਾਂਦੀ ਹੈ। ਇੰਜ ਇਹ ਪੈੜਾਂ ਸਿਰਫ਼ ਭੌਤਿਕ ਜਾਂ ਸਥੂਲ ਹੋਂਦ ਹੀ ਨਹੀਂ ਰਹਿ ਜਾਂਦੀਆਂ, ਸਗੋਂ ਇਹ ਜ਼ਿੰਦਗੀ ਤੇ ਬਹੁ-ਦਿਸ਼ਾਵੀ ਪ੍ਰਭਾਵ ਪਾਉਂਦੀਆਂ ਹਨ। ਕਈ ਵਾਰ ਤਾਂ ਪੈੜਾਂ ਦੀਆਂ ਯਾਦਾਂ 'ਤੇ ਤੁਰਦੀ ਜ਼ਿੰਦਗੀ ਸਗਵੀਂ ਦੀ ਸਗਵੀਂ ਇਨ੍ਹਾਂ ਦੇ ਲੇਖੇ ਲੱਗ ਜਾਂਦੀ ਹੈ। ਜਿਵੇਂ ਮਰਹੂਮ ਸ਼ਾਇਰ ਸ਼ਿਵ ਕੁਮਾਰ ਦੀ ਸਾਰੀ ਸ਼ਾਇਰੀ ਤੇ ਜ਼ਿੰਦਗੀ ਬਿਰਹਾ ਦੀਆਂ ਪੈੜਾਂ ਨਾਪਦੀ ਰਹੀ।

ਸਾਹਿਤ ਦੇ ਰੂਪਾਂ ਬਾਰੇ ਸੋਚੀਏ ਤਾਂ ਕਵਿਤਾ ਅਹਿਸਾਸ ਤੇ ਸੋਚ ਦੀ ਪੈੜ ਨਾਪਦੀ, ਸ਼ਬਦਾਂ ਦਾ ਲਿਬਾਸ ਪਾ ਕੇ ਵੰਨ-ਸੁਵੰਨੇ ਰੂਪਾਕਾਰਾਂ ਵਿਚ ਢਲਦੀ ਰਹਿੰਦੀ ਹੈ। ਵਾਰਤਕ ਚਿੰਤਨ ਦੀ ਪੈੜ 'ਤੇ ਤੁਰਦੀ ਸ਼ਬਦਾਂ ਨੂੰ ਦੁਆਲੇ ਲਪੇਟਦੀ ਜਾਂਦੀ ਹੈ ਤੇ ਇੰਜ ਹੀ ਸਾਹਿਤ ਦੇ ਵੰਨ-ਸੁਵੰਨੇ ਰੂਪ ਹੋਂਦ ਵਿਚ ਆਉਂਦੇ ਰਹਿੰਦੇ ਹਨ।

ਵੈਸੇ ਪੈੜ ਤਾਂ ਕਿਸੇ ਦੇ ਘਰ ਵਿਚ ਚੋਰੀ ਕਰਕੇ ਗਏ ਚੋਰ ਦੀ ਵੀ ਹੁੰਦੀ ਹੈ। ਪਹਿਲਾਂ ਧਰਤੀ ਦੀ ਕੱਚੀ ਮਿੱਟੀ 'ਤੇ ਉਸ ਪੈੜ ਦੀ ਨਿਸ਼ਾਨਦੇਹੀ ਕਰਦਿਆਂ ਹੀ ਖ਼ਾਸ ਹੁਨਰ ਵਾਲੇ ਖੋਜੀ ਕਹਾਉਂਦੇ ਬੰਦੇ ਉਸ ਚੋਰ ਤਕ ਪਹੁੰਚ ਜਾਇਆ ਕਰਦੇ ਸਨ। ਪਰ ਹੁਣ, ਸਾਰੇ ਰਾਹ ਰਸਤੇ ਪੱਕੇ ਹੋ ਜਾਣ ਨਾਲ ਪੈੜਾਂ ਦਾ ਲੱਭਣਾ ਉਸ ਤਰ੍ਹਾਂ ਆਸਾਨ ਨਹੀਂ ਰਿਹਾ ਤੇ ਖੋਜੀਆਂ ਦਾ ਹੁਨਰ ਵੀ ਦਮ ਤੋੜ ਗਿਆ ਹੈ। ਪਰ ਹੁਣ ਤਾਂ ਦੋਸ਼ੀ ਵੀ ਹਾਈ-ਟੈਕ ਹੋ ਗਏ ਹਨ ਤਾਂ ਇਹ ਕੰਮ ਵੀ ਯੰਤਰਾਂ ਦੇ ਹਵਾਲੇ ਹੋ ਗਿਆ ਹੈ। ਕਿਸੇ ਹੱਦ ਤਕ ਦੋਸ਼ੀ ਦੀ ਮਹਿਕ ਦਾ ਪਿੱਛਾ ਕਰਦਿਆਂ ਇਹ ਕੰਮ ਪੁਲਿਸ ਦੇ ਕੁੱਤੇ ਵੀ ਕਰ ਰਹੇ ਹਨ।

ਪਰੰਤੂ ਪੈੜ ਦੀ ਪਰਿਭਾਸ਼ਾ ਦਾ ਪਸਾਰਾ, ਏਨੇ ਕੁ ਤੱਕ ਹੀ ਸੀਮਤ ਨਹੀਂ ਹੈ। ਉਂਜ ਹੋ ਸਕਦਾ ਹੈ ਕਿ ਕੋਈ ਕਿਸੇ ਪੈੜ ਵੱਲ ਧਿਆਨ ਨਾ ਹੀ ਦੇਵੇ। ਪਰ ਇਹ ਪੈੜਾਂ ਹਰ

ਹੀਲੇ ਆਪਣਾ ਕਾਰਜ ਕਰਦੀਆਂ ਹੀ ਰਹਿੰਦੀਆਂ ਹਨ ਤੇ ਆਪਣੇ ਹੋਣ ਦੀ ਸੂਰਤ ਵਿਚ ਬ੍ਰਹਿਮੰਡ ਦਾ ਸਾਰਾ ਇਤਿਹਾਸ ਭੂਗੋਲ, ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ ਤੇ ਹੋਰ ਸਾਰੇ ਕਿਰਿਆ ਕਲਾਪ ਆਪਣੇ ਅੰਦਰ ਸਮੇਟੀ ਰੱਖਦੀਆਂ ਹਨ। ਸਾਰੇ ਕੁਦਰਤੀ ਵਰਤਾਰੇ ਜਿਵੇਂ ਦਿਨ ਦਾ ਚੜ੍ਹਨਾ, ਛਿਪਣਾ, ਤਾਰਿਆਂ ਦਾ ਟਿਮਟਿਮਾਉਣਾ, ਚੰਦਰਮਾ ਦਾ ਚਮਕਣਾ, ਵਧਣਾ-ਘਟਣਾ, ਪਾਣੀਆਂ ਦਾ ਜੰਮਣਾ, ਪਿਘਲਣਾ, ਨਿਵਾਣ ਵੱਲ ਵਹਿਣਾ, ਬੱਦਲ, ਬਾਰਿਸ਼, ਸਤਰੰਗੀ ਪੀਂਘ ਦਾ ਬਣਨਾ, ਬੀਜ ਦਾ ਪੁੰਗਰਨਾ, ਵਧਣਾ ਤੇ ਫੁੱਲਾਂ ਦਾ ਖਿੜਨਾ ਆਦਿ ਸਾਰੇ ਕੁਦਰਤ ਦੇ ਸਿਰਜੇ ਵਹਾਅ ਦੀ ਪੈੜ ’ਤੇ ਚੱਲਦੇ ਬ੍ਰਹਿਮੰਡੀ ਵਰਤਾਰੇ ਹਨ। ਜਿਨ੍ਹਾਂ ਦੇ ਅਸੀਂ ਅਕਸਰ ਆਦੀ ਹੋ ਜਾਂਦੇ ਹਾਂ। ਫਿਰ ਚੁਫ਼ੇਰੇ ਵਾਪਰਦੇ, ਪੈੜ ਦੇ ਰਚਨਾਤਮਕ ਤੇ ਖ਼ੂਬਸੂਰਤ ਸਫ਼ਰ ਦੇ ਅਚੰਭੇ ਤੋਂ ਬੇਖਬਰ, ਆਪਣੀ ਹੀ ਧੁੰਨ ਵਿਚ ਜੀਣ ਦੀ ਨਿੱਜੀ ਪੈੜ ’ਤੇ ਤੁਰਦੇ ਜਾਂਦੇ ਹਾਂ। ਸ਼ਾਇਦ ਮਨੁੱਖ ਅੰਦਰ ਵੀ ਚੁਫ਼ੇਰੇ ਦੇ ਵਰਤਾਰਿਆਂ ਤੋਂ ਅਵੇਸਲੇ ਹੋਣ ਦੀ ਇਹ ਪੈੜ ਹੀ ਹੈ। ਪਰ ਜੀਵਨ ਦੇ ਵਾਹਨ ਦੇ ਚੱਲਣ ਲਈ ਪਟੜੀ, ਇਹ ਪੈੜ ਹੀ ਹੈ ਤੇ ਪੈੜ ’ਤੇ ਚੱਲਣ ਦਾ ਕਾਰਜ ਦੋ ਤਰੀਕਿਆਂ ਨਾਲ ਹੋ ਰਿਹਾ ਹੈ।

ਪਹਿਲਾ ਪੈੜ ’ਤੇ ਇਨ-ਬਿਨ ਚੱਲਣਾ। ਦੂਜਾ, ਪੈੜ ਨੂੰ ਖਰੋਚ ਨੇ ਬਦਲ ਦੇਣਾ ਤੇ ਖੁਣੀ ਥਾਂ ਵਿਚ ਨਵੇਂ ਰੰਗ ਵੀ ਭਰ ਦੇਣੇ। ਇਹ ਦੋਵੇਂ ਸਿਲਸਿਲੇ ਧਰਤੀ ਤੇ ਜੀਵਨ ਦੀ ਹੋਂਦ ਦੇ ਸਮੇਂ ਤੋਂ ਹੀ ਚੱਲ ਰਹੇ ਹਨ।

ਧਰਤੀ ’ਤੇ ਪੈਦਾ ਹੋਣ ਵਾਲਾ, ਭਾਵੇਂ ਜੀਵ ਹੋਵੇ ਤੇ ਭਾਵੇਂ ਪੌਦਾ, ਉਸ ਅੰਦਰ, ਇਹ ਪ੍ਰਬਲ ਇੱਛਾ ਹੁੰਦੀ ਹੈ ਕਿ ਆਪਣੇ ਵੰਸ਼ ਦੀਆਂ ਪੈੜਾਂ ਨੂੰ, ਆਪਣੇ ਬਿਨਸ ਜਾਣ ਤੋਂ ਪਹਿਲਾਂ ਸੁਰੱਖਿਅਤ ਹੱਥਾਂ ਵਿਚ ਪਹੁੰਚਾ ਦੇਵੇ। ਇਸ ਲਈ ਉਹ ਅਜਿਹੀ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਆਪਣੇ ਵਰਗੇ ਹੋਰ ਜੀਵ ਜਾਂ ਪੌਦੇ ਪੈਦਾ ਕਰਕੇ ਹੀ ਇਸ ਦੁਨੀਆ ਤੋਂ ਜਾਏ। ਇਹੀ ਜਨਮਜਾਤ ਚਾਹਤ, ਜੀਵਨ ਚੱਕਰ ਦੀਆਂ ਸਾਰੀਆਂ ਪ੍ਰਵਿਰਤੀਆਂ ਤੇ ਵੰਸ਼ਗਤ ਪੈੜਾਂ ਚਲਾਉਣ ਲਈ ਜ਼ਿੰਮੇਵਾਰ ਹੁੰਦੀ ਹੈ। ਇਸ ਵਾਸਤੇ ਇਕ ਪੀੜ੍ਹੀ ਦੀਆਂ ਸਾਰੀਆਂ ਪੈੜਾਂ ਡੀ.ਐੱਨ.ਏ. ਦੇ ਰੂਪ ਵਿਚ ਅਮਾਨਤ ਬਣ ਕੇ ਅਗਲੀ ਤੇ ਹੋਰ ਅਗਲੇਰੀਆਂ ਨਸਲਾਂ ਤੱਕ ਪਹੁੰਚਦੀਆਂ ਰਹਿੰਦੀਆਂ ਹਨ। ਇੰਜ ਸਾਰੀਆਂ ਜੀਵਨ ਪੈੜਾਂ ਦਾ ਵਾਹਕ ਇਹ ਡੀ.ਐੱਨ.ਏ. ਹੀ ਹੁੰਦਾ ਹੈ, ਜਿਸ ਨੂੰ ਚੁੱਕੀ, ਨਿੱਕੀ ਜਿਹਾ ਬੀਜ ਆਪਣੇ ਪੁਰਖਿਆਂ ਦੀ ਪਰਤ-ਦਰ-ਪਰਤ ਖੁੱਲ੍ਹਦੀ ਪੈੜ ਦੀਆਂ, ਸਾਰੀਆਂ ਜੈਵਿਕ ਕਿਰਿਆਵਾਂ ਦੁਹਰਾਉਂਦਾ ਆਗਿਆਕਾਰ ਬੱਚਾ ਬਣ ਕੇ ਜੀਣ ਲੱਗਦਾ ਹੈ। ਇੰਜ ਵਿਰਾਸਤ ਪੁਸ਼ਤ ਦਰ ਪੁਸ਼ਤ ਅਗਲੀ ਪੀੜ੍ਹੀ ਦੇ ਹਵਾਲੇ ਹੁੰਦੀ ਰਹਿੰਦੀ ਹੈ ਤੇ ਇਹ ਵੀ ਸੁਨਿਸਚਿਤ ਰਹਿੰਦਾ ਹੈ ਕਿ ਸਾਰੇ ਹੀ ਜੈਵਿਕ ਅੰਸ਼ ਸੁਰੱਖਿਅਤ ਰਹਿਣ। ਇਸ ਪੈੜ ਦੀ ਹੋਂਦ, ਚਾਹਤ ਤੇ ਸੰਭਾਲ ਤੋਂ ਬਿਨਾਂ ਜੀਵਨ ਤੇ ਇਸ ਦੀ ਕਿਸੇ ਵੀ ਕਿਰਿਆ ਦਾ ਰਵਾਂ ਰਹਿਣਾ ਅਸੰਭਵ ਹੈ।

ਇਸੇ ਹੀ ਰੁਝਾਨ ਦੇ ਤਹਿਤ, ਬੱਚਾ ਆਪਣੇ ਵੱਡਿਆਂ ਦੀ ਨਕਲ ਕਰਦਾ, ਤੁਰਨਾ,

ਖਾਣਾ ਤੇ ਬੋਲਣਾ ਸਿੱਖਦਾ ਹੈ। ਕਾਰੋਬਾਰੀ ਲੋਕਾਂ ਦੇ ਬੱਚੇ ਆਪਣੇ ਵੱਡਿਆਂ ਦੇ ਪੈਰ-ਚਿੰਨ੍ਹਾਂ 'ਤੇ ਚੱਲਦੇ, ਖਾਨਦਾਨੀ ਕਾਰੋਬਾਰਾਂ ਨੂੰ ਅੱਗੇ ਵਧਾਉਂਦੇ ਹਨ। ਜੰਗਲਾਂ ਵਿਚ ਝੁੰਡਾਂ ਵਿਚ ਰਹਿਣ ਵਾਲੇ ਜਾਨਵਰਾਂ ਦਾ ਇਕ ਲੀਡਰ ਉਨ੍ਹਾਂ ਦੇ ਵਿਚੋਂ ਹੀ ਹੁੰਦਾ ਹੈ ਜੋ ਅੱਗੇ ਚੱਲਦਾ ਹੈ ਤੇ ਸਾਰਾ ਝੁੰਡ ਉਸੇ ਦੀ ਪੈੜ ਨੱਪਦਾ ਪਿੱਛੇ ਤੁਰਦਾ ਹੈ। ਕੂੰਜਾਂ ਤੇ ਹੋਰ ਪਰਵਾਸੀ ਪੰਛੀਆਂ ਦੇ ਟੋਲੇ ਵੀ ਇਕ ਲੀਡਰਨੁਮਾ ਪੰਛੀ ਦੀ ਪੈੜ ਨੱਪਦੇ ਹੀ ਲੰਬੇ ਪੈਂਡੇ ਕਰਦੇ, ਮੰਜ਼ਿਲ 'ਤੇ ਪਹੁੰਚਦੇ ਹਨ। ਅੰਨ੍ਹੇਵਾਹ ਪਿੱਛਾ ਕਰਨ ਵਾਲਿਆਂ ਵਾਸਤੇ ਵੀ 'ਭੇਡ ਚਾਲ' ਮਸ਼ਹੂਰ ਮੁਹਾਵਰਾ ਬਣ ਗਿਆ ਹੈ। ਕਿਵੇਂ ਭੇਡਾਂ ਇਕ ਦੂਜੀ ਦੇ ਪਿੱਛੇ ਮਸ਼ੀਨੀ ਤੋਰ ਤੁਰਦੀਆਂ ਜਾਂਦੀਆਂ ਹਨ।

ਜੀਵ ਵਿਗਿਆਨਕ ਤੌਰ 'ਤੇ ਉੱਚੀ ਸ਼੍ਰੇਣੀ ਦੇ ਜੀਵ ਜਿਵੇਂ ਮਨੁੱਖ, ਬਾਂਦਰ, ਚਿੰਪੈਂਜੀ ਆਦਿ ਤਾਂ ਪਰਿਵਾਰਾਂ ਵਿਚ ਰਹਿੰਦਿਆਂ, ਬਾਲਪਨ ਵਿਚ ਹੀ ਵੱਡਿਆਂ ਨੂੰ ਦੇਖ ਦੇਖ ਕੇ ਖਾਨਦਾਨੀ ਜੀਵਨ ਸ਼ੈਲੀ ਸਿੱਖ ਲੈਂਦੇ ਹਨ। ਪਰ ਡੱਡੂ, ਮੱਛੀਆਂ, ਸੱਪ ਤੇ ਹੋਰ ਰੀਂਗਣ ਵਾਲੇ ਜੀਵ ਤਾਂ ਜਨਮ ਸਮੇਂ ਤੋਂ ਹੀ ਮਾਪਿਆਂ ਤੋਂ ਵਿਛੜੇ ਹੁੰਦੇ ਹਨ, ਉਨ੍ਹਾਂ ਨੂੰ ਕੌਣ ਸਿਖਾਉਂਦਾ ਹੈ ? ਉਹ ਆਪਣੇ ਵੰਸ਼ ਜਾਂ ਜਾਤੀ ਦੀ ਅੰਦਰ ਰਚੀ ਪੈੜ ਅਨੁਸਾਰ ਹੀ ਆਪਣੇ ਵੱਡਿਆਂ ਵਾਂਗ ਸਭ ਕੁਝ ਸਿੱਖਦੇ ਜੀਵਨ ਜਿਉ ਜਾਂਦੇ ਹਨ। ਇਥੇ ਬਚਪਨ ਵਿਚ ਤੱਕੀ ਹੋਈ ਅਜਿਹੀ ਘਟਨਾ ਯਾਦ ਆ ਰਹੀ ਹੈ। ਰਿਸ਼ਤੇ 'ਚੋਂ ਲੱਗਦਾ ਸਾਡਾ ਇਕ ਮਾਮਾ ਸੀ ਸੰਤੋਖ ਸਿੰਘ। ਉਹ ਸਾਡੇ ਘਰ ਆਇਆ ਜਾਇਆ ਕਰਦਾ ਸੀ। ਜੱਟ ਸਿੱਖ ਹੋਣ ਦੇ ਬਾਵਜੂਦ ਉਹ ਜੋਤਿਸ਼ ਤੇ ਗ੍ਰਹਿ ਨਛੱਤਰਾਂ ਦਾ ਮਾਹਿਰ ਮੰਨਿਆ ਜਾਂਦਾ ਸੀ। ਕੋਈ ਸਰਕਸ ਮਾਲਕ ਉਸਦਾ ਦੋਸਤ ਤੇ ਸ਼ਰਧਾਲੂ ਵੀ ਸੀ। ਉਸ ਕੋਲ ਸ਼ੇਰ ਦਾ ਇਕ ਛੋਟਾ ਬੱਚਾ ਆਇਆ। ਮਾਮੇ ਨੇ ਉਹ ਬੱਚਾ ਆਪਣੇ ਦੋਸਤ ਕੋਲੋਂ ਮੰਗ ਲਿਆ ਤੇ ਉਸ ਨੂੰ ਆਪਣੇ ਪਿੰਡ ਜਵੰਦੇ ਕਲਾਂ ਲੈ ਆਇਆ। ਉਦੋਂ ਕੁਝ ਸਾਲਾਂ ਵਾਸਤੇ ਅਸੀਂ ਵੀ ਜਵੰਦਿਆਂ ਤੋਂ ਤਿੰਨ ਕੁ ਮੀਲ ਦੇ ਫ਼ਾਸਲੇ 'ਤੇ ਨੌਸ਼ਹਿਰਾ ਪੰਨੂਆਂ ਰਹਿ ਰਹੇ ਸਾਂ। ਸ਼ੇਰ ਦੇ ਬੱਚੇ ਨੂੰ ਮਾਮਾ ਤੇ ਉਸਦਾ ਪਰਿਵਾਰ ਦੁੱਧ, ਘਿਓ, ਰੋਟੀ ਤੇ ਆਂਡੇ ਆਦਿ ਖੁਆ ਕੇ ਪਾਲ ਰਿਹਾ ਸੀ। ਸ਼ਾਇਦ ਕੁਝ ਹੋਰ ਵੀ ਖੁਆਉਂਦੇ ਹੋਣ। ਉਨ੍ਹਾਂ ਉਸ ਨੂੰ ਕੁੱਤੇ ਵਾਂਗ ਪਟਾ ਪਾਇਆ ਹੋਇਆ ਸੀ ਤੇ ਦਿਨ ਰਾਤ ਕੁੱਤੇ ਵਾਂਗ ਸੰਗਲੀ ਪਾ ਕੇ ਕਿੱਲੇ ਨਾਲ ਬੰਨ੍ਹੀ ਰੱਖਦੇ ਸਨ। ਜਦੋਂ ਮਾਮੇ ਨੇ ਕਿਤੇ ਜਾਣਾ ਹੁੰਦਾ ਸੀ ਸੰਗਲੀ ਫੜ ਕੇ ਉਸ ਨੂੰ ਨਾਲੇ ਨਾਲ ਕੁੱਤੇ ਵਾਂਗ ਤੋਰਦਾ ਲੈ ਜਾਂਦਾ। ਜਿਥੋਂ ਵੀ ਉਹ ਉਸ ਨੂੰ ਨਾਲ ਨਾਲ ਭਜਾਉਂਦਾ ਲੰਘਦਾ ਲੋਕ ਹੈਰਾਨ ਹੁੰਦੇ ਤੇ ਉਸ ਨੂੰ ਰੋਕ ਰੋਕ ਪੁੱਛਦੇ ਕਿ ਕੀ ਇਹ ਸੱਚਮੁੱਚ ਸ਼ੇਰ ਦਾ ਬੱਚਾ ਹੈ। ਕਿੱਥੋਂ ਲਿਆ ਤੇ ਇਸ ਨੂੰ ਕੀ ਖੁਆਉਂਦੇ ਹੋ, ਆਦਿ ਆਦਿ । ਇੰਜ ਉਸਦੀ ਬੜੀ ਟੌਹਰ ਬਣਦੀ। ਸਾਡੇ ਘਰ ਵੀ ਉਹ ਅਕਸਰ ਉਸ ਗੋਭਲੇ, ਚਮਕਦਾਰ ਅੱਖਾਂ ਵਾਲੇ ਚਿਤਰੇ ਮਿਤਰੇ ਬੱਚੇ ਨੂੰ ਲੈ ਕੇ ਆਉਂਦਾ ਤੇ ਉਸ ਨੂੰ ਮੰਜੇ ਦੇ ਪਾਵੇ ਨਾਲ ਬੰਨ੍ਹ ਕੇ ਆਪ ਮੰਜੇ 'ਤੇ ਬੈਠ ਜਾਂਦਾ। ਕੁਝ ਮਹੀਨਿਆਂ ਪਿੱਛੋਂ ਇਕ ਦਿਨ ਮਾਮਾ ਇਕੱਲਾ ਹੀ ਆਇਆ। ਸ਼ੇਰ ਦੇ ਬੱਚੇ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਹੁਣ

ਉਹ ਵੱਡਾ ਹੋ ਰਿਹਾ ਸੀ ਤੇ ਬੰਨ੍ਹਿਆ ਬੰਨ੍ਹਿਆ ਹੀ ਨੇੜੇ ਆਉਣ ਵਾਲੀਆਂ ਚਿੜੀਆਂ ਤੇ ਘਰ ਦੀਆਂ ਕੁਕੜੀਆਂ ਚੂਚਿਆਂ ਦਾ ਸ਼ਿਕਾਰ ਕਰ ਲੈਂਦਾ ਸੀ। ਫਿਰ ਘਰ ਦੇ ਜੀਆਂ ਨੂੰ ਵੇਖ ਕੇ ਗੁਰਗੁਰਾਉਣ ਵੀ ਲੱਗ ਪਿਆ ਤੇ ਮਾਮੇ ਨੇ ਉਸ ਨੂੰ ਉਸੇ ਸਰਕਸ ਮਾਲਕ ਨੂੰ ਵਾਪਸ ਕਰ ਦਿੱਤਾ। ਮਨੁੱਖੀ ਮਾਹੌਲ ਵਿਚ ਪਲਦਿਆਂ ਤੇ ਉਨ੍ਹਾਂ ਦੀ ਹੀ ਖ਼ੁਰਾਕ ਖਾਂਦਿਆਂ ਵੀ ਉਸ ਦੀਆਂ ਅੰਦਰੂਨੀ ਖਾਨਦਾਨੀ ਪੈੜਾਂ ਵਿਚਲਾ ਸ਼ਿਕਾਰਖੋਰ ਆਖ਼ਰਕਾਰ ਜਾਗ ਪਿਆ ਸੀ।

ਪਹਿਲੀ ਪੀੜ੍ਹੀ ਆਪਣੀਆਂ ਜੈਵਿਕ ਪੈੜਾਂ ਨੂੰ ਕਿਸ ਕਦਰ ਮਿਹਨਤ ਨਾਲ ਅਗਲੀ ਪੀੜ੍ਹੀ ਦੇ ਹਵਾਲੇ ਕਰਦੀ ਹੈ, ਇਸ ਦੀ ਇਕ ਖ਼ੂਬਸੂਰਤ ਉਦਾਹਰਣ, ਕੈਮਲੂਪਸ ਦੀ ਸੋਲੋਮਨ ਜਾਂ ਸੀਮਨ ਮਛਲੀ ਦੀ ਹੈ। ਇਹ ਮਛਲੀਆਂ ਹਜ਼ਾਰਾਂ ਮੀਲ ਦਰਿਆ ਦੇ ਵਹਾਅ ਦੀ ਉਲਟੀ ਦਿਸ਼ਾ ਵੱਲ ਤੁਰਦੀਆਂ, ਦਰਿਆ ਦੇ ਮੁੱਢ ਦੇ ਨੇੜੇ ਖ਼ਾਸ ਥਾਂ 'ਤੇ ਪਹੁੰਚ ਕੇ ਆਂਡੇ ਦੇਂਦੀਆਂ ਤੇ ਮਰ ਜਾਂਦੀਆਂ ਹਨ। ਸਮਾਂ ਪਾ ਕੇ ਉਨ੍ਹਾਂ ਆਂਡਿਆਂ ਵਿਚੋਂ ਨਿੱਕੀਆਂ ਨਿੱਕੀਆਂ ਮੱਛੀਆਂ ਦੀ ਪੂੰਗ ਨਿਕਲਦੀ ਹੈ ਤੇ ਵਹਾਅ ਦੇ ਨਾਲ ਨਾਲ ਵਹਿੰਦੀ ਉਸੇ ਥਾਂ ਜਾ ਕੇ ਵਿਕਸਿਤ ਹੁੰਦੀ ਹੈ, ਜਿਥੋਂ ਉਨ੍ਹਾਂ ਦੀਆਂ ਮਾਵਾਂ ਕਦੇ ਉਪਰ ਵੱਲ ਤੁਰਦੀਆਂ ਗਈਆਂ ਸਨ। ਫਿਰ ਜਦੋਂ ਉਨ੍ਹਾਂ ਨੇ ਆਂਡੇ ਦੇਣੇ ਹੁੰਦੇ ਹਨ, ਆਪਣੀਆਂ ਵੱਡ-ਵਡੇਰੀਆਂ ਵਾਂਗ ਉਹ ਵੀ ਨਦੀ ਦੇ ਵਹਾਅ ਦੇ ਉਲਟ ਉਧਰ ਹੀ ਤੁਰ ਪੈਂਦੀਆਂ ਹਨ, ਜਿਥੇ ਉਹ ਪੈਦਾ ਹੋਈਆਂ ਸਨ ਤੇ ਹਰ ਪੀੜ੍ਹੀ ਮੁੜ ਉਹੀ ਘਟਨਾਕ੍ਰਮ ਦੁਹਰਾਇਆ ਜਾਂਦਾ ਰਹਿੰਦਾ ਹੈ। ਅਸਲ ਵਿਚ ਉਨ੍ਹਾਂ ਦੇ ਆਂਡੇ ਦੇਣ ਵਾਸਤੇ ਤਿਆਰ ਹੋਣ ਵਾਲੇ ਹਾਰਮੋਨ ਹੀ ਉਸ ਥਾਂ 'ਤੇ ਜਾ ਕੇ ਪੈਦਾ ਹੁੰਦੇ ਹਨ। ਇਹ ਕੁਦਰਤ ਦੀ ਉਨ੍ਹਾਂ ਅੰਦਰ ਰੱਖੀ ਪੈੜ ਦਾ ਹੀ ਕ੍ਰਿਸ਼ਮਾ ਹੈ।

ਮਨੁੱਖ ਦੀ ਸੋਚ ਨੇ ਕੁਦਰਤੀ ਪੈੜਾਂ ਵਿਚ ਆਪਣੇ ਚੰਗੇ ਤੇ ਬੁਰੇ, ਦੋਹਾਂ ਤਰ੍ਹਾਂ ਦੇ ਰੰਗ ਭਰੇ ਹਨ। ਇਤਿਹਾਸ ਵਿਚ ਝਾਤੀ ਮਾਰੀਏ ਤਾਂ ਦੇਖਦੇ ਹਾਂ ਕਿ ਸਭਿਆਚਾਰਕ, ਵਿਚਾਰਕ ਤੇ ਧਾਰਮਿਕ ਪੈੜਾਂ ਵੀ ਪੈਂਦੀਆਂ ਹਨ। ਉਨ੍ਹਾਂ 'ਤੇ ਚੱਲਣ ਵਾਲੇ, ਆਪਣੀ ਸੋਚ ਅਨੁਸਾਰ ਜੋ ਮਨ ਆਵੇ ਚੁਣ ਕੇ ਚੁੱਕ ਲੈਂਦੇ ਹਨ ਜਾਂ ਛੱਡ ਦੇਂਦੇ ਹਨ ਤੇ ਕਈ ਵਾਰ, ਕੁਝ ਮਿਲਾਵਟ ਕਰਕੇ ਨਵਾਂ ਵੀ ਬਣਾ ਲੈਂਦੇ ਹਨ। ਜਿਵੇਂ ਸਮੁੱਚੇ ਭਾਰਤ, ਖ਼ਾਸ ਕਰਕੇ ਪੰਜਾਬ ਵਿਚ, ਸਦੀਆਂ ਤੋਂ ਇਥੇ ਆਉਣ ਵਾਲੇ ਹਮਲਾਵਰਾਂ ਦਾ ਅਸਰ, ਇਥੋਂ ਦੇ ਸਭਿਆਚਾਰ ਵਿਚ ਰਚ ਮਿਚ ਜਾਂਦਾ ਰਿਹਾ ਤੇ ਅੱਜ ਅਸੀਂ ਉਸ ਮਿਲਗੋਭਾ ਸਭਿਆਚਾਰ ਨੂੰ ਹੀ ਆਪਣਾ ਵਿਰਸਾ ਕਹਿ ਕੇ ਮਾਣ ਕਰਦੇ ਤੇ ਪੈੜਾਂ ਪਕੜ ਕੇ ਚੱਲਣ ਦੀ ਕੋਸ਼ਿਸ਼ ਵਿਚ ਰਹਿੰਦੇ ਹਾਂ।

ਨਵੀਆਂ ਸਾਰਥਕ ਪੈੜਾਂ ਵੀ ਪੈਂਦੀਆਂ ਰਹੀਆਂ ਹਨ, ਜਿਵੇਂ ਮਹਾਤਮਾ ਬੁੱਧ, ਗੁਰੂ ਨਾਨਕ, ਮਹਾਂਵੀਰ, ਈਸਾ ਮਸੀਹ, ਹਜ਼ਰਤ ਮੁਹੰਮਦ ਤੇ ਗੁਰੂ ਗੋਬਿੰਦ ਸਿੰਘ ਜੀ ਆਦਿ ਦੇ ਵਿਚਾਰਾਂ ਨਾਲ ਪਈਆਂ ਸਨ। ਸੁਚੱਜੀਆਂ ਪੈੜਾਂ ਚੰਗੀ ਜੀਵਨ ਜਾਚ ਮਨੁੱਖ ਅੰਦਰ ਸ਼ਾਮਿਲ ਕਰਨ ਲਈ ਯਤਨਸ਼ੀਲ ਰਹਿੰਦੀਆਂ ਰਹੀਆਂ ਹਨ। ਪਰ ਮੁਸ਼ਕਿਲ ਤਦ

ਆਉਂਦੀ ਹੈ ਜਦ ਅਸੀਂ ਉਨ੍ਹਾਂ ਪੈੜਾਂ ਵਿਚ ਕੱਟੜਤਾ ਸ਼ਾਮਲ ਕਰ ਲੈਂਦੇ ਹਾਂ ਤੇ ਉਨ੍ਹਾਂ ਨੂੰ ਮਨੁੱਖੀ ਜ਼ਿੰਦਗੀ ਤੋਂ ਵੀ ਉੱਪਰ ਸਮਝਣ ਲੱਗ ਪੈਂਦੇ ਹਾਂ। ਕਿਸੇ ਵੀ ਧਾਰਮਿਕ ਗੁਰੂ ਪੀਰ ਨੇ ਅਤਿ ਨਹੀਂ ਪ੍ਰਚਾਰੀ, ਫਿਰ ਵੀ ਅਸੀਂ ਉਨ੍ਹਾਂ ਦੇ ਕਥਨਾਂ ਦੇ ਮਨਮਰਜ਼ੀ ਦੇ ਅਨੁਵਾਦ ਕਰਕੇ ਧਰਮਾਂ ਨੂੰ ਇਨਸਾਨ ਦੇ ਰਾਹ ਦਸੇਰੇ ਦੀ ਥਾਂ, ਜਨੂੰਨ ਦੀ ਹੱਦ ਤੱਕ, ਕੱਟੜਤਾ, ਮਾਰਕਾਟ ਤੇ ਜ਼ੁਲਮ ਦਾ ਪ੍ਰਤੀਕ ਬਣਾ ਲੈਂਦੇ ਹਾਂ। ਮੰਨੂ ਦੀ ਵਰਣ ਵੰਡ ਦੀ ਜਾਣ ਬੁੱਝ ਕੇ ਪਾਈ ਪੈੜ ਨੇ ਭਾਰਤੀ ਸਮਾਜ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ। ਇਨ੍ਹਾਂ ਲੀਹਾਂ ਦੇ ਪੈਰੋਕਾਰ, ਮੰਨੂ ਤੋਂ ਵੱਧ ਜ਼ੋਰ ਸ਼ੋਰ ਨਾਲ ਗ਼ਲਤ ਰਾਹਾਂ ਦੀ ਪਕਿਆਈ ਨੂੰ ਵਧਾਉਂਦੇ ਰਹੇ ਤੇ ਆਪਣੇ ਅੰਧ ਜੋਸ਼ ਵਿਚ ਐਸੇ ਐਸੇ ਬੌਂਦਲੇ ਕਿ ਅੱਜ ਤਕ ਸਮਾਜਕ ਤਾਣਾ ਬਾਣਾ ਥਾਂ ਸਿਰ ਨਹੀਂ ਆਇਆ। ਅੱਜ ਦੇ ਵਿਗਿਆਨਕ ਤੇ ਆਧੁਨਿਕ ਕਹੇ ਜਾਂਦੇ ਸਮੇਂ ਵਿਚ ਵੀ ਹਰਿਆਣੇ ਦੀਆਂ ਖਾਪ ਪੰਚਾਇਤਾਂ ਗੋਤ ਵਰਣ ਦੀ ਦੁਹਾਈ ਦੇ ਕੇ ਮਨੁੱਖੀ ਜਾਨਾਂ ਲੈ ਰਹੀਆਂ ਹਨ। ਅਜਿਹੇ ਲੋਕ ਕਦੇ ਵੀ ਨਹੀਂ ਸਮਝੇ ਕਿ ਇਨਸਾਨ ਤਾਂ ਬਿਨਾ ਕਿਸੇ ਵਰਣ ਜਾਂ ਧਰਮ ਤੋਂ ਵੀ ਮਹਾਂ ਪਵਿੱਤਰ ਹੋ ਸਕਦਾ ਹੈ। ਜ਼ਰੂਰਤ ਤਾਂ ਮਨੁੱਖ ਦੇ ਭਲੇ ਲਈ ਬਣੀਆਂ ਪੈੜਾਂ ’ਤੇ ਚੱਲਣ ਦੀ ਹੈ।

ਸਮੇਂ ਸਮੇਂ ਅਨੁਸਾਰ ਬੜਾ ਕੁਝ ਨਵਾਂ ਹੁੰਦਾ ਰਿਹਾ ਹੈ ਤੇ ਪਹਿਲੀਆਂ ਪੈੜਾਂ ਤੋਂ ਅਗਲੇ ਦਰਜੇ ਵਾਲੀਆਂ ਹੋਰ ਅਗਲੇਰੀਆਂ ਪੈੜਾਂ ਵੀ ਪੈਂਦੀਆਂ ਰਹੀਆਂ ਹਨ। ਇਸੇ ਨਾਲ ਮਨੁੱਖ ਨੇ ਸਮਾਜ ਤੇ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਦੀਆਂ ਨਵੀਆਂ ਮੰਜ਼ਲਾਂ ਸਰ ਕੀਤੀਆਂ ਹਨ। ਜੇ ਹਰ ਪੀੜ੍ਹੀ ਆਪਣਾ ਜੀਵਨ ਸਫ਼ਰ, ਹਰ ਵਾਰ ਸਿਫ਼ਰ ਤੋਂ ਹੀ ਸ਼ੁਰੂ ਕਰਦੀ ਤਾਂ ਮਨੁੱਖ ਕਦੇ ਵੀ ਜੰਗਲਾਂ ਵਿਚੋਂ ਬਾਹਰ ਨਾ ਆਉਂਦਾ। ਇੰਜ ਹੀ ਕੁਦਰਤ ਵੀ ਸਮੇਂ-ਸਮੇਂ ’ਤੇ ਜੀਵ ਜਾਤੀਆਂ ਦੀਆਂ ਜ਼ਰੂਰਤਾਂ ਤੇ ਆਧਾਰਿਤ ਤਬਦੀਲੀਆਂ, ਉਨ੍ਹਾਂ ਦੀ ਬਣਤਰ ਵਿਚ ਕਰਦੀ ਰਹੀ ਤੇ ਜੀਵ ਵਿਕਾਸ ਹੋਂਦ ਵਿਚ ਆਇਆ।

ਡਾਰਵਿਨ ਦੇ ਵੇਲੇ ਜਦੋਂ ਜੀਵ ਵਿਕਾਸਵਾਦ ਦੇ ਅਧਿਅਨ ਦਾ ਦੌਰ ਸ਼ੁਰੂ ਹੋਇਆ ਤਾਂ ਬਹੁਤ ਸਾਰੇ ਜੀਵ ਵਿਗਿਆਨੀ, ਇਨ੍ਹਾਂ ਜੀਵਾਂ ਅੰਦਰਲੀਆਂ ਪੈੜਾਂ ਬਾਰੇ ਆਪਣੇ-ਆਪਣੇ ਸੂਤਰ ਸਾਂਝੇ ਕਰਨ ਲੱਗੇ। ਜਿਰਾਫ਼ ਦੀ ਹੋਰ ਜੀਵਾਂ ਦੇ ਮੁਕਾਬਲੇ ਅਸਧਾਰਨ ਤੌਰ ਤੇ ਲੰਬੀ ਗਰਦਨ ਬਾਰੇ ਇਹ ਵਿਚਾਰ ਦਿੱਤਾ ਗਿਆ ਕਿ ਜਿਰਾਫ਼ ਦੇ ਵੱਡੇ-ਵਡੇਰੇ ਜਿਥੇ ਰਹਿੰਦੇ ਹੋਣਗੇ, ਉਥੇ ਇਨ੍ਹਾਂ ਨੂੰ ਬਿਰਖਾਂ ਦੇ ਪੱਤੇ ਖਾਣੇ ਪੈਂਦੇ ਸਨ ਤੇ ਹੇਠਲੇ ਪੱਤੇ ਖ਼ਤਮ ਹੋ ਜਾਣ ਪਿੱਛੋਂ ਉਪਰਲੀਆਂ ਪਰਤਾਂ ਦੇ ਪੱਤੇ ਖਾਣ ਵਾਸਤੇ ਧੌਣ ਨੂੰ ਲਗਾਤਾਰ ਉੱਪਰ ਕਰ ਕੇ ਰੱਖਣਾ ਪੈਂਦਾ ਹੋਵੇਗਾ। ਕਈ ਪੀੜ੍ਹੀਆਂ ਦੇ ਇਸ ਤਰ੍ਹਾਂ ਦੇ ਵਿਹਾਰ ਤੋਂ ਪਿੱਛੋਂ ਅਗਲੀ ਨਸਲ ਵਿਚ ਇਹੋ ਪ੍ਰਕਿਰਿਆ ਦੁਹਰਾਈ ਰਹਿੰਦੀ ਜਾਣ ਪਿੱਛੋਂ ਜਿਰਾਫ਼ ਦਾ ਅਜੋਕਾ ਰੂਪ ਸਾਹਮਣੇ ਆਇਆ। ਇਸ ਤੋਂ ਇਹ ਨਤੀਜਾ ਕੱਢਿਆ ਗਿਆ ਕਿ ਜਿਹੜੇ ਅੰਗ ਨੂੰ ਲਗਾਤਾਰ ਕਈ ਪੀੜ੍ਹੀਆਂ ਤਕ ਦੂਜੇ ਅੰਗਾਂ ਤੋਂ ਵਧੇਰੇ ਵਰਤਿਆ ਜਾਵੇ ਉਹ ਜ਼ਿਆਦਾ ਵਿਕਸਿਤ ਹੋ ਕੇ ਵੱਡਾ ਤੇ ਮਜਬੂਤ ਹੋ ਜਾਂਦਾ ਹੈ। ਇਕ ਜੀਵ ਵਿਗਿਆਨੀ ਸੀ—ਡੀ. ਵਰੀਜ਼। ਉਸਨੇ ਤਰਕ

ਦਿੱਤਾ ਕਿ ਹਿੰਦੁਸਤਾਨ ਵਿਚ ਔਰਤਾਂ ਸਦੀਆਂ ਤੋਂ ਨੱਕ ਤੇ ਕੰਨਾਂ ਵਿਚ ਮੋਰੀਆਂ ਕਰਵਾ ਰਹੀਆਂ ਹਨ। ਇਸ ਮੁਤਾਬਕ ਤਾਂ ਅਗਲੀਆਂ ਪੀੜ੍ਹੀਆਂ ਦੇ ਨੱਕ ਕੰਨ ਆਪੇ ਵੀ ਵਿੰਨ੍ਹੇ ਹੋਏ ਹੋ ਜਾਣੇ ਚਾਹੀਦੇ ਸਨ ਪਰ ਅਜਿਹਾ ਨਹੀਂ ਹੋ ਰਿਹਾ। ਇਸ ਦਲੀਲ ਨਾਲ ਪਹਿਲੇ ਤਰਕ ਦੀ ਪਕਿਆਈ ਵਿਚ ਸ਼ੱਕ ਪੈਦਾ ਹੋ ਗਿਆ ਤੇ ਮਸਲਾ ਫਿਰ ਕੁਦਰਤ ਦੀ ਮਰਜ਼ੀ ਦੇ ਨਿਯਮਾਂ ਦੀ ਪੈੜ 'ਤੇ ਜਾ ਟਿਕਿਆ।

ਕਦੇ ਕਦੇ ਕੁਦਰਤੀ ਵਰਤਾਰੇ, ਕੁਝ ਨਵਾਂ ਕਰਨ ਵਾਸਤੇ, ਆਪਣੀਆਂ ਹੀ ਪੈੜਾਂ ਦੀ ਇਕਸਾਰਤਾ ਵਿਚ ਤ੍ਰੇੜਾਂ ਵੀ ਪਾਉਂਦੇ ਹਨ। ਲਾਵੇ ਉਛਾਲੇ ਜਾਂਦੇ ਹਨ, ਭੁਚਾਲ ਆਉਂਦੇ ਹਨ, ਸੁਨਾਮੀ ਤਬਾਹੀ ਮਚਾਉਂਦੀ ਹੈ, ਧਮਾਕੇ ਹੁੰਦੇ ਹਨ ਤੇ ਕਈ ਨਵੇਂ ਟਾਪੂ ਹੋਂਦ ਵਿਚ ਆਉਂਦੇ ਹਨ। ਧਰਤੀ ਹੇਠਲਾ ਕਈ ਕੁਝ, ਉੱਭਰ ਕੇ ਉੱਪਰਲੀ ਸਤਾਹ 'ਤੇ ਆਉਂਦਾ ਹੈ ਤੇ ਕਈ ਕੁਝ ਦਫ਼ਨ ਵੀ ਹੋ ਜਾਂਦਾ ਹੈ। ਇੰਜ ਹੀ ਸ਼ਾਇਦ ਕਦੇ, ਧਰਤੀ ਹੇਠੋਂ ਕੋਲਾ, ਪੈਟਰੋਲ ਤੇ ਹੋਰ ਨੇਹਮਤਾਂ ਮਨੁੱਖਤਾ ਨੂੰ ਮਿਲੀਆਂ ਹੋਣਗੀਆਂ। ਹੁਣ ਤੱਕ ਕਈ ਯੰਤਰ, ਧਰਤੀ 'ਤੇ ਸਾਰੇ ਬ੍ਰਹਿਮੰਡ ਵਿਚ ਹੋਣ ਵਾਲੀਆਂ ਤਬਦੀਲੀਆਂ ਨੂੰ ਤੱਕਣ ਤੇ ਰਿਕਾਰਡ ਕਰਨ ਵਾਲੇ ਬਣ ਗਏ ਹਨ। ਪਰ ਕੁਦਰਤ ਦੀ ਗਹਿਰਾਈ ਅਥਾਹ ਹੈ, ਪਰ੍ਹੇ ਤੋਂ ਪਰ੍ਹੇ ਹੈ। ਇਹ ਆਪਣੀਆਂ ਹੀ ਪੈੜਾਂ 'ਤੇ ਚੱਲਦੀ ਹੈ, ਜਿਨ੍ਹਾਂ ਨੂੰ ਮਨੁੱਖ ਸਦੀਆਂ ਤੋਂ ਸਮਝਣ ਦੇ ਯਤਨ ਕਰ ਰਿਹਾ ਹੈ। ਇਸੇ ਗਹਿਰਾਈ ਦੀਆਂ ਪੈੜਾਂ ਨਾਪਦਿਆਂ ਕਦੇ ਗਲੈਲੀਓ, ਨਿਊਟਨ, ਆਈਨਸਟਾਈਨ ਤੇ ਅਨੇਕਾਂ ਹੋਰ ਸਾਇੰਸਦਾਨਾਂ ਨੇ ਕੁਦਰਤ ਦੇ ਗਹਿਰੇ ਭੇਦਾਂ ਤੋਂ ਕੁਝ ਪਰਦੇ ਚੁੱਕੇ ਸਨ।

ਕੁਦਰਤ ਦੇ ਖ਼ੂਬਸੂਰਤ ਕ੍ਰਿਸ਼ਮਿਆਂ ਦੀ ਪੈੜ ਨੂੰ ਨਿਹਾਰਦਿਆਂ ਗੁਰੂ ਨਾਨਕ ਵੱਲੋਂ ਰਚਿਆ ਕਾਵਿ ਗੀਤ "ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ ਤਾਰਕਾ ਮੰਡਲ ਮੋਤੀ' ਅੱਜ ਵੀ ਉਸ ਪਲ ਦੇ ਸੁਨੇਹੇ ਨੂੰ ਚਿਤਾਰਦਾ ਹੈ।

ਜਦ ਤਕ ਮਨੁੱਖੀ ਜ਼ਿੰਦਗੀ ਕੁਦਰਤ ਦੀਆਂ ਪੈੜਾਂ ਦੇ ਨਾਲ ਨਾਲ ਤਾਲਮੇਲ ਬਣਾ ਕੇ, ਉਸ ਨੂੰ ਸਮਰਪਿਤ ਰਹਿ ਕੇ ਇਕਮਿਕਤਾ ਬਣਾਈ ਰੱਖਦੀ ਹੈ, ਜ਼ਿੰਦਗੀ ਸੁਖਾਵੀਂ ਰਹਿੰਦੀ ਹੈ। ਪਰ ਆਧੁਨਿਕਤਾ ਦੀ ਅੰਧ ਦੌੜ ਨੇ ਮਨੁੱਖ ਨੂੰ ਤਕਨਾਲੋਜੀ ਦਾ ਗੁਲਾਮ ਬਣਾ ਕੇ ਕੁਦਰਤ ਤੋਂ ਦੂਰ ਕਰ ਦਿੱਤਾ ਹੈ। ਸਿੱਟੇ ਵਜੋਂ ਬੇਹਿਸਾਬਾ ਪ੍ਰਦੂਸ਼ਣ ਧਰਤੀ ਦੀ ਹੋਂਦ ਲਈ ਹੀ ਖ਼ਤਰੇ ਖੜ੍ਹੇ ਕਰ ਰਿਹਾ ਹੈ।

ਪੈੜ ਤਾਂ ਕਿਸੇ ਕਿਤਾਬ ਵਾਂਗ ਆਪਣੇ ਸਮੁੱਚ ਨੂੰ ਸੰਭਾਲੀ ਬੈਠੀ ਹੁੰਦੀ ਹੈ। ਜਦੋਂ ਪਿੱਛੇ ਆਉਣ ਵਾਲਿਆਂ 'ਤੇ ਇਹ ਨਿਰਭਰ ਹੋਵੇ ਕਿ ਕੀ ਚੁੱਕਣਾ ਤੇ ਕੀ ਉਲੰਘ ਕੇ ਜਾਣਾ ਹੈ ਤਾਂ ਸਾਰੀ ਜ਼ਿੰਮੇਵਾਰੀ ਮਨੁੱਖ 'ਤੇ ਆ ਜਾਂਦੀ ਹੈ। ਕਿਉਂਕਿ ਧਰਤੀ ਦਾ ਸਰਵਸ੍ਰੇਸ਼ਟ ਮੰਨਿਆ ਜਾਣ ਕਰਕੇ ਇਹ ਆਪਣੀ ਸਮਰੱਥਾ ਦੇ ਦਾਇਰੇ ਤੇ ਕਾਰਜ ਵੀ ਖ਼ੁਦ ਹੀ ਨਿਸ਼ਚਿਤ ਕਰਦਾ ਜਾ ਰਿਹਾ ਹੈ। ਪਰ ਪੈੜ ਦੇ ਅਨੁਸ਼ਾਸਨ ਨੂੰ ਸਮਝ ਕੇ ਚੱਲਿਆਂ ਤੇ ਸਹੀ ਫ਼ੈਸਲੇ ਕੀਤਿਆਂ ਹੀ ਉਹ ਧਰਤੀ 'ਤੇ ਖ਼ੁਦ ਨੂੰ ਬਚਾ ਸਕਦਾ ਹੈ।

# ਜ਼ਿੰਦਗੀ ਵਿਚ ਰਚੇ ਉਡਾਰੀ ਦੇ ਅੰਸ਼

ਉਡਾਰੀ ਬਾਰੇ ਸੋਚਦਿਆਂ ਸਭ ਤੋਂ ਪਹਿਲਾਂ ਖੰਭ ਚੇਤੇ ਆਉਂਦੇ ਹਨ ਕਿਉਂਕਿ ਅਸੀਂ ਪੰਖੇਰੂਆਂ ਨੂੰ ਖੰਭਾਂ ਨਾਲ ਉੱਡਦਿਆਂ ਤੱਕਿਆ ਹੁੰਦਾ ਹੈ। ਉਡਾਰੀ ਜ਼ਿੰਦਗੀ ਦੀ ਜ਼ੀਨਤ ਜ਼ਰੂਰ ਹੈ ਪਰ ਜ਼ਿੰਦਗੀ ਦੇ ਵਿਸ਼ਾਲ ਕੈਨਵਸ ਵਾਸਤੇ ਹਮੇਸ਼ਾ ਇਹ ਜ਼ਰੂਰੀ ਨਹੀਂ ਹੁੰਦਾ ਕਿ ਹਰ ਉਡਾਰੀ ਨੂੰ ਖੰਭ ਹੀ ਦਰਕਾਰ ਹੋਣ । ਇਸ ਕਥਨ ਨੂੰ ਮਹਾਂਭਾਰਤ ਵਿਚਲੀ ਇਕ ਕਥਾ ਦੇ ਸ਼ੀਸ਼ੇ ਰਾਹੀਂ ਤੱਕਦੇ ਹਾਂ।

ਮਹਾਂਭਾਰਤ ਵਿਚ ਇਕ ਬਿਰਤਾਂਤ ਹੈ ਕਿ ਖ਼ਾਸ ਹਾਲਾਤ ਵਿਚ ਕੌਰਵ ਦੁਰਯੋਧਨ ਵੱਲੋਂ ਪਾਂਡੂ ਭਰਾਵਾਂ ਨੂੰ ਬਾਰਾਂ ਸਾਲ ਦਾ ਬਨਵਾਸ ਤੇ ਇਕ ਸਾਲ ਦਾ ਅਗਿਆਤਵਾਸ ਦਿੱਤਾ ਗਿਆ ਅਰਥਾਤ ਇਕ ਸਾਲ ਲੁਕ ਕੇ ਰਹਿਣ ਦਾ ਹੁਕਮ। ਅਗਿਆਤਵਾਸ ਦੇ ਦਿਨੀਂ ਇਕ ਦਿਨ ਜੰਗਲ ਵਿਚ ਘੁੰਮਦਿਆਂ ਉਨ੍ਹਾਂ ਨੂੰ ਪਿਆਸ ਲੱਗੀ। ਉਨ੍ਹੀਂ ਦਿਨੀਂ ਜੰਗਲਾਂ ਵਿਚ ਪਾਣੀ ਵਾਸਤੇ ਕਿਹੜੇ ਨਲਕੇ ਜਾਂ ਛਬੀਲਾਂ ਹੋਣੀਆਂ ਸਨ। ਸੋ ਇਕ ਪਾਂਡੂ ਭਰਾ ਨੂੰ ਜੰਗਲ ਵਿਚੋਂ ਪਾਣੀ ਲੱਭ ਕੇ ਲਿਆਉਣ ਵਾਸਤੇ ਭੇਜਿਆ ਗਿਆ। ਜੰਗਲ ਵਿਚ ਉਸ ਨੂੰ ਇਕ ਤਲਾਬ ਨਜ਼ਰ ਆਇਆ ਤੇ ਉਹ ਤਲਾਬ ਕੋਲ ਚਲਾ ਗਿਆ। ਉਹ ਪਾਣੀ ਪੀਣ ਹੀ ਲੱਗਾ ਸੀ ਕਿ ਉਸ ਨੂੰ ਇਕ ਆਵਾਜ਼ ਆਈ, "ਖ਼ਬਰਦਾਰ ! ਇਹ ਤਲਾਬ ਮੇਰਾ ਹੈ ਤੇ ਪਹਿਲਾਂ ਤੈਨੂੰ ਮੇਰੇ ਸੁਆਲਾਂ ਦੇ ਜੁਆਬ ਦੇਣੇ ਪੈਣਗੇ, ਫੇਰ ਹੀ ਤੂੰ ਪਾਣੀ ਪੀ ਸਕਦਾ ਹੈ।" ਉਸਨੇ ਚਾਰ-ਚੁਫ਼ੇਰੇ ਵੇਖਿਆ। ਉਸ ਨੂੰ ਕੋਈ ਨਜ਼ਰ ਨਾ ਆਇਆ। ਉਸਨੇ ਚੂਲੀ ਭਰੀ, ਪਾਣੀ ਪੀ ਲਿਆ ਤੇ ਉਸੇ ਵੇਲੇ ਮੂਰਛਿਤ ਹੋ ਕੇ ਡਿੱਗ ਪਿਆ। ਜਦੋਂ ਉਹ ਕਾਫ਼ੀ ਦੇਰ ਵਾਪਸ ਨਾ ਗਿਆ ਤਾਂ ਦੂਜਾ ਭਰਾ ਉਸ ਨੂੰ ਲੱਭਣ ਆਇਆ। ਉਸ ਨਾਲ ਵੀ ਪਹਿਲੇ ਵਾਂਗ ਹੀ ਹੋਇਆ। ਫਿਰ ਕ੍ਰਮਵਾਰ ਤੀਜਾ ਤੇ ਚੌਥਾ ਭਰਾ ਵੀ ਆਏ ਤੇ ਪਹਿਲਿਆਂ ਵਾਂਗ ਹੀ ਮੂਰਛਿਤ ਹੋ ਕੇ ਡਿੱਗਦੇ ਰਹੇ। ਆਖ਼ਰ ਵਿਚ ਸਭ ਤੋਂ ਵੱਡਾ ਭਰਾ, ਯੁਧਿਸ਼ਟਰ ਆਪ ਆਇਆ। ਉਸਨੇ ਆਪਣੇ ਭਰਾਵਾਂ ਨੂੰ ਦੇਖਿਆ ਤੇ ਘਟਨਾ ਦਾ ਕਾਰਨ ਜਾਨਣ ਵਾਸਤੇ ਉਹ ਵੀ ਪਾਣੀ ਨੂੰ ਛੂਹਣ ਲੱਗਾ। ਜਦੋਂ ਉਸ ਨੂੰ ਵੀ ਉਹੀ ਆਵਾਜ਼ ਆਈ ਤਾਂ ਉਸਨੇ ਉਸ ਆਵਾਜ਼ ਨੂੰ ਪ੍ਰਸ਼ਨ ਪੁੱਛਣ ਵਾਸਤੇ ਕਿਹਾ। ਅਸਲ ਵਿਚ ਇਹ ਤਲਾਬ ਕਿਸੇ ਯਕਸ਼ ਦਾ ਸੀ। ਯਕਸ਼ ਨੇ ਯੁਧਿਸ਼ਟਰ ਨੂੰ ਕਈ ਸੁਆਲ ਪੁੱਛੇ ਤੇ ਯੁਧਿਸ਼ਟਰ ਨੇ ਸਹੀ ਜੁਆਬ ਵੀ ਦਿੱਤੇ। ਅੰਤ ਵਿਚ ਯਕਸ਼ ਦੀ ਤਸੱਲੀ ਕਰਵਾ ਕੇ ਜਦੋਂ ਉਸ ਨੂੰ ਪਾਣੀ ਪੀਣ ਦੀ ਇਜਾਜ਼ਤ ਮਿਲੀ, ਉਸ ਨੇ ਆਪ

ਪਾਣੀ ਪੀਤਾ ਤੇ ਆਪਣੇ ਭਰਾਵਾਂ ਨੂੰ ਵੀ ਸਜੀਵ ਕਰਾ ਕੇ ਵਾਪਸ ਲੈ ਆਇਆ।

ਯਕਸ਼ ਵੱਲੋਂ ਯੁਧਿਸ਼ਟਰ ਨੂੰ ਪੁੱਛੇ ਸਵਾਲਾਂ ਵਿਚੋਂ ਇਕ ਸਵਾਲ ਇਹ ਸੀ ਕਿ ਇਸ ਦੁਨੀਆ ਵਿਚ ਸਭ ਤੋਂ ਤੇਜ਼ ਚੱਲਣ ਵਾਲੀ ਚੀਜ਼ ਕਿਹੜੀ ਹੈ? ਯੁਧਿਸ਼ਟਰ ਦਾ ਜੁਆਬ ਸੀ 'ਮਨੁੱਖੀ ਮਨ'। ਯਕਸ਼ ਨੇ ਇਸ ਉੱਤਰ ਨੂੰ ਠੀਕ ਮੰਨਿਆ। ਅਸਲ ਵਿਚ ਸਭ ਤੋਂ ਤੇਜ਼ ਹੁੰਦਾ ਹੀ ਮਨੁੱਖੀ ਮਨ ਹੈ। ਬਿਨਾਂ ਖੰਭਾਂ ਤੋਂ ਉਡਾਰੀ ਲਾ ਕੇ ਇਕੋ ਛਿਣ ਭਾਵੇਂ ਧਰਤੀ ਦੇ ਜਿਹੜੇ ਮਰਜ਼ੀ ਕੋਨੇ 'ਤੇ ਪਹੁੰਚ ਜਾਵੇ। ਭਾਵੇਂ ਚੰਦਰਮਾ 'ਤੇ ਪਹੁੰਚ ਜਾਵੇ ਤੇ ਭਾਵੇਂ ਉਸ ਤੋਂ ਪਾਰੋਂ ਵੀ ਹੋ ਆਵੇ। ਹਿੰਗ ਲੱਗੇ ਨਾ ਫਟਕੜੀ।

ਹਰ ਉਡਾਰੀ ਦਾ ਨਤੀਜਾ ਤਾਂ ਇਕ ਸਥਿਤੀ ਤੋਂ ਦੂਜੀ ਤਕ ਬਦਲਾਅ ਦੇ ਰੂਪ ਵਿਚ ਹੀ ਹੁੰਦਾ ਹੈ। ਇਸ ਹਿਸਾਬ ਨਾਲ ਸੋਚੀਏ ਤਾਂ ਇਕ ਉਡਾਰੀ, ਇਕ ਗਤੀ ਸਾਰੇ ਬ੍ਰਹਿਮੰਡ ਵਿਚ ਹੀ ਰਚੀ ਹੋਈ ਹੈ। ਚੰਦ ਤਾਰੇ ਘੁੰਮਦੇ ਹਨ, ਧਰਤੀ ਘੁੰਮਦੀ ਹੈ, ਪਾਣੀ ਬੱਦਲ ਬਣ ਕੇ ਉੱਡਦਾ, ਅੰਬਰ 'ਤੇ ਘੁੰਮਦਾ, ਫਿਰ ਧਰਤੀ 'ਤੇ ਵੱਸਦਾ ਤੇ ਵਹਿੰਦਾ ਹੈ। ਹਵਾਵਾਂ ਚੱਲਦੀਆਂ ਹਨ, ਮੌਸਮ ਬਦਲਦੇ ਹਨ। ਅਨੇਕ ਤਰ੍ਹਾਂ ਦੇ ਬਦਲਾਅ ਧਰਤੀ ਦੇ ਜੀਵਾਂ ਅੰਦਰ ਸੁੱਤੀਆਂ ਉਡਾਰੀਆਂ ਨੂੰ ਉਕਸਾਉਂਦੇ ਹਨ। ਪਰੰਤੂ ਕੁਦਰਤ ਨੇ ਹਰ ਉਡਾਰੀ ਨੂੰ ਇਕ ਸੰਤੁਲਨ, ਇਕ ਨਿਸ਼ਚਿੱਤਤਾ ਵਿਚ ਬੰਨ੍ਹਿਆ ਹੋਇਆ ਹੈ ਤੇ ਹਰੇਕ ਉਡਾਰੀ ਤੇ ਇਕ ਨਿਯਮ, ਇਕ ਕਾਇਦਾ ਲਾਗੂ ਹੈ। ਜਦੋਂ ਵੀ ਉਹ ਨਿਯਮ ਥਿੜਕਦੇ ਹਨ ਪਰਲੋ ਗੁਜ਼ਰਦੀ ਹੈ। ਪਰ ਮਨੁੱਖੀ ਮਨ ਇਕ ਅਪਵਾਦ ਹੈ ਜੋ ਹਰ ਫ਼ਾਸਲੇ ਤੇ ਹਰ ਹੱਦ ਨੂੰ ਪਾਰ ਕਰ ਜਾਂਦਾ ਹੈ। ਪੰਛੀਆਂ ਦੀ ਉਡਾਰੀ ਤਾਂ ਫਿਰ ਵੀ ਪਰਾਂ ਦੀ ਮੁਥਾਜ ਹੈ ਪਰ ਪੰਛੀਆਂ ਤੋਂ ਕਿਤੇ ਵਧੇਰੇ ਤੇਜ਼ ਤੇ ਸਮਰੱਥ ਪਰ ਤਾਂ ਮਨੁੱਖ ਦੇ ਅੰਦਰ ਪਏ ਹੁੰਦੇ ਹਨ। ਇਹ ਪਰ ਜਾਗਦਿਆਂ ਤਾਂ ਕੀ ਸੁੱਤਿਆਂ ਵੀ ਸਾਹ ਨਹੀਂ ਲੈਂਦੇ।

*ਮਨੁੱਖ ਦੇ ਕਰਮ ਵਿਕਾਸ ਦੀ ਕਹਾਣੀ 'ਤੇ ਨਜ਼ਰ ਮਾਰੀਏ* : ਪਹਿਲਾਂ ਤਾਂ ਬਿਨਾਂ ਰੀੜ੍ਹ ਦੀ ਹੱਡੀ ਵਾਲੇ ਜੀਵ ਪੈਦਾ ਹੋਏ ਸਨ। ਇਕ ਕੋਸ਼ਿਕਾ ਤੋਂ ਬਹੁ-ਕੋਸ਼ਿਕਾਈ ਜੀਵ ਹੋਣ ਤਕ ਗੰਡੋਏ, ਤਿਤਲੀਆਂ, ਕਾਕਰੋਚ, ਆਦਿ। ਰੀੜ੍ਹ ਦੀ ਹੱਡੀ ਵਾਲੇ ਜੀਵ ਪੈਦਾ ਹੋਣ ਤੇ ਸਭ ਤੋਂ ਪਹਿਲਾਂ ਮੱਛੀ ਵਰਗ ਹੋਂਦ ਵਿਚ ਆਇਆ ਜੋ ਪਾਣੀ ਦੇ ਅੰਦਰ ਹੀ ਰਹਿ ਸਕਦੇ ਸਨ। ਫਿਰ ਜਲ ਥਲੀ ਵਰਗ ਜਿਵੇਂ ਡੱਡੂ ਸ਼੍ਰੇਣੀ ਦੇ ਜੀਵ ਪੈਦਾ ਹੋਏ। ਇਸ ਤੋਂ ਪਿੱਛੋਂ ਰੀਂਗਣ ਵਾਲੇ ਜੀਵ ਜਿਵੇਂ ਕਿਰਲੀ, ਮੱਛ ਆਦਿ ਦੀ ਵਾਰੀ ਆਈ। ਫਿਰ ਉੱਡਣ ਵਾਲੇ ਪੰਖੇਰੂ ਵਰਗ ਤੇ ਅਖ਼ੀਰ ਵਿਚ ਥਣਧਾਰੀ ਜੀਵ ਜਿਵੇਂ ਗਾਂ, ਮੱਝ, ਸ਼ੇਰ ਤੋਂ ਮਨੁੱਖ ਤਕ ਧਰਤੀ 'ਤੇ ਆਏ। ਹੁਣ ਜੇਕਰ ਇਨ੍ਹਾਂ ਸਾਰੇ ਵਰਗਾਂ (ਮੱਛੀ ਤੋਂ ਮਨੁੱਖ ਤਕ) ਦੇ ਭਰੂਣਾਂ ਨੂੰ ਉਨ੍ਹਾਂ ਦੀ ਅਰਧ-ਵਿਕਸਿਤ ਹਾਲਤ ਵਿਚ ਦੇਖਿਆ ਜਾਏ ਤਾਂ ਉਨ੍ਹਾਂ ਵਿਚ ਬਹੁਤ ਸਮਾਨਤਾ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਮਨੁੱਖ ਆਪਣੇ ਵਿਕਸਿਤ ਹੋਣ ਦੇ ਸਮੇਂ ਯਾਨਿ ਭਰੂਣ ਤੋਂ ਪੂਰਾ ਮਨੁੱਖ ਬਣਨ ਤਕ ਲਗਭਗ ਦੂਜੇ ਜੀਵਾਂ ਵਾਲੀਆਂ ਅਵਸਥਾਵਾਂ ਵਿਚੋਂ ਹੀ ਗੁਜ਼ਰਦਾ ਹੈ। ਸ਼ਾਇਦ ਇਸ ਵਿਕਾਸ ਦੌਰਾਨ ਉਸ ਅੰਦਰ ਜਾਨਵਰਾਂ ਵਰਗੀ ਚਲਾਕੀ, ਮਾਸੂਮੀਅਤ, ਸ਼ਰਾਰਤ, ਮੱਕਾਰੀ, ਬੁੱਧੂਪੁਣਾ,

ਸ਼ਿਕਾਰ ਤੇ ਸ਼ਿਕਾਰੀ ਵਾਲੀਆਂ ਆਦਤਾਂ ਦੇ ਨਾਲ ਅਜਿਹੀਆਂ ਹੋਰ ਆਦਤਾਂ ਵੀ ਪ੍ਰਵੇਸ਼ ਕਰ ਜਾਂਦੀਆਂ ਹੋਣਗੀਆਂ। ਫਿਰ ਉਡਾਰੀ ਵੀ ਇਵੇਂ ਹੀ ਮਨੁੱਖ ਦੇ ਸੁਭਾਅ ਵਿਚ ਸਮਾ ਗਈ ਹੋਵੇਗੀ। ਇਹ ਤਾਂ ਐਸੀ ਸਮਾਈ ਕਿ ਕੋਈ ਹੱਦ ਬੰਨਾ ਹੀ ਨਾ ਰਿਹਾ।

ਜਦੋਂ ਕਿਸੇ ਪੰਛੀ ਦੇ ਉਡਾਰੀ ਮਾਰਨ ਲੱਗੇ ਪਲ ਵਿਚ ਉਸ ਨੂੰ ਤੱਕੀਏ ਤਾਂ ਇਹ ਛਿਣ ਇਕ ਸਮਾਧੀ ਵਰਗਾ ਛਿਣ ਹੁੰਦਾ ਹੈ। ਇਸ ਪਲ ਉਸ ਦੀਆਂ ਸਾਰੀਆਂ ਸਰੀਰਕ ਤੇ ਮਾਨਸਿਕ ਸ਼ਕਤੀਆਂ ਇਕ ਸੁਰ ਹੁੰਦੀਆਂ ਹਨ ਤੇ ਸੋਚ ਇੱਕੋ ਉੱਡਣ ਦੇ ਨਿਸ਼ਾਨੇ ਨੂੰ ਸਮਰਪਿਤ ਹੁੰਦੀ ਹੈ। ਸ਼ਕਤੀਆਂ ਦੀ ਏਕਾਤਮਿਕਤਾ ’ਤੇ ਹੀ ਉਡਾਰੀ ਦੀ ਸਫ਼ਲਤਾ ਨਿਰਭਰ ਹੁੰਦੀ ਹੈ। ਮਨੁੱਖ ਦੇ ਸੰਬੰਧ ਵਿਚ ਵੀ ਉਡਾਰੀ ਹੀ ਜ਼ਿੰਦਗੀ ਦੇ ਸਾਰੇ ਕਿਰਿਆ ਕਲਾਪਾਂ ਦਾ ਵਾਹਨ ਹੁੰਦੀ ਹੈ ਤੇ ਇਹ ਉਡਾਰੀ ਉਸ ਦੀ ਸੋਚ ’ਤੇ ਮੁਨ੍ਹਸਰ ਹੁੰਦੀ ਹੈ। ਜਵਾਨੀ ਉਡਾਰੀ ਲਾਉਂਦੀ ਹੈ ਤੇ ਚਮਕਦਾਰ ਸੁਪਨਿਆਂ ਦਾ ਪਿੱਛਾ ਕਰਦੀ ਹੈ। ਇਥੇ ਵੀ ਪੰਖੇਰੂਆਂ ਦੀ ਉਡਾਰੀ ਵਾਂਗ ਹੀ ਉਡਾਰੀ ਦੇ ਅਸੂਲ ਲਾਗੂ ਕਰਦਿਆਂ, ਅਰਥਾਤ ਲਾਭ ਤੇ ਹਾਨੀਆਂ ਦਾ ਹਿਸਾਬ ਲਾ ਕੇ ਸ਼ਕਤੀਆਂ ਦਾ ਏਕੀਕਰਣ ਕਰਕੇ ਕਦਮ ਨਾ ਪੁੱਟਿਆ ਜਾਵੇ ਤਾਂ ਉਡਾਰੀ ਦਰਦਨਾਕ ਹਾਦਸਿਆਂ ਵਿਚ ਵੀ ਉਤਾਰ ਸਕਦੀ ਹੈ। ਪਰੰਤੂ ਹਰ ਪੱਖੋਂ ਸੰਤੁਲਿਤ ਉਡਾਰੀ ਵਿਚ ਸਫਲਤਾ ਦੇ ਪੂਰੇ ਆਸਾਰ ਹੁੰਦੇ ਹਨ। ਇਹ ਗੱਲ ਵੱਖਰੀ ਹੈ ਕਿ ਇਸ ਪ੍ਰਕਿਰਿਆ ਵਿਚ ਹੋਰ ਕਾਰਨ ਵੀ ਹਿੱਸਾ ਪਾ ਸਕਦੇ ਹਨ। ਪਰ ਮਨੁੱਖੀ ਮਨ ਦੀ ਉਡਾਰੀ ਪੰਖੇਰੂਆਂ ਵਰਗੀ ਨਹੀਂ ਹੁੰਦੀ। ਇਸ ਦੀ ਨਾ ਕੋਈ ਥਾਹ ਹੈ ਨਾ ਦਾਇਰੇ। ਦੁਨੀਆ ਦਾ ਕੋਈ ਯੰਤਰ ਨਾ ਇਸ ਨੂੰ ਮਾਪ ਸਕਦਾ ਹੈ ਤੇ ਨਾ ਰੀਕਾਰਡ ਹੀ ਕਰ ਸਕਦਾ ਹੈ। ਬਸ ਨਤੀਜੇ ਹੀ ਇਸ ਦੀ ਸੂਚਨਾ ਦੇਂਦੇ ਹਨ।

ਕਈ ਵਾਰ ਤਾਂ ਸੋਚ ਦੀ ਉਡਾਰੀ ਦੇ ਅੰਸ਼ ਮਨ ਵਿਚ ਏਨੇ ਗਹਿਰੇ ਉੱਤਰ ਜਾਂਦੇ ਹਨ ਕਿ ਵਰ੍ਹਿਆਂ ਤੱਕ ਉਨ੍ਹਾਂ ਦੀ ਸ਼ਿੱਦਤ ਮਨ ’ਤੇ ਭਾਰੂ ਰਹਿੰਦੀ ਹੈ। ਮੈਂ ਇਸ ਨੂੰ ਖ਼ੁਦ ਮਹਿਸੂਸ ਕੀਤਾ ਹੈ। ਬਚਪਨ ਤੋਂ ਹੀ ਮੈਨੂੰ ਸਾਈਕਲ ਚਲਾਉਣ ਦਾ ਬਹੁਤ ਚਾਅ ਸੀ। ਪਰ ਸਾਈਕਲ ਚਲਾਉਣਾ ਨਹੀਂ ਸੀ ਆਉਂਦਾ। ਅਸਲ ਵਿਚ ਕਦੇ ਚਲਾਉਣ ਦੀ ਜ਼ਰੂਰਤ ਹੀ ਨਹੀਂ ਸੀ ਪਈ ਤੇ ਨਾ ਸਿੱਖਣ ਦਾ ਮੌਕਾ ਹੀ ਬਣਿਆ। ਪਰ ਬੜੇ ਸਾਲ ਮੈਂ ਸੁਪਨਿਆਂ ਵਿਚ ਸਾਈਕਲ ਚਲਾਉਂਦੀ ਰਹੀ। ਧਰਤੀ ’ਤੇ ਸਾਈਕਲ ਚਲਾਉਂਦਿਆਂ ਅਸਮਾਨ ’ਤੇ ਪਹੁੰਚ ਜਾਣਾ। ਫਿਰ ਸਾਈਕਲ ਨੇ ਇਕ ਰੱਸੇ ਵਰਗਾ ਬਣ ਜਾਣਾ ਤੇ ਮੈਂ ਉਸ ਨੂੰ ਗੋਲ ਗੋਲ ਲਪੇਟ ਕੇ ਸੰਭਾਲ ਲੈਣਾ। ਸ਼ਾਇਦ ਇਹ ਰੱਸੇ ਨੂੰ ਲਪੇਟ ਕੇ ਸੰਭਾਲਣ ਦੀ ਕਿਰਿਆ ਮੇਰੇ ਮਨ ਵਿਚ ਸਾਂਭੀ ਪਈ ਤੇ ਨਿਰੰਤਰ ਆਪਣੀ ਹੋਂਦ ਜਤਾਉਂਦੀ ਹੋਈ, ਸਾਈਕਲ ਚਲਾਉਣ ਦੀ ਇੱਛਾ ਦਾ ਪ੍ਰਤੀਕ ਸੀ। ਫਿਰ ਜਦੋਂ ਬਾਜ਼ਾਰ ਵਿਚ ਮੋਪਡ ਆਈ ਤਾਂ ਮੇਰੇ ਹਾਲਾਤ ਕੁਝ ਇੰਜ ਦੇ ਬਣ ਗਏ ਕਿ ਨੌਕਰੀ ਕਾਰਨ ਮੇਰਾ ਮੌਪਡ ਚਲਾ ਕੇ ਜਾਣਾ ਮਜਬੂਰੀ ਬਣ ਗਿਆ। ਸਾਰਿਆਂ ਨੇ ਕਹਿਣਾ ਸ਼ੁਰੂ ਕੀਤਾ ਕਿ ਮੌਪਡ ਚਲਾਉਣ ਲਈ ਪਹਿਲਾਂ ਸਾਈਕਲ ਦਾ ਹੈਂਡਲ ਸੰਭਾਲਣਾ ਆਉਣਾ ਚਾਹੀਦਾ ਹੈ। ਉਦੋਂ ਮਾਰਚ ਦੇ ਦਿਨ ਸਨ। ਸਕੂਲ ਵਿਚ ਇਮਤਿਹਾਨਾਂ ਤੋਂ ਪਿੱਛੋਂ ਵਿਦਿਆਰਥੀ ਚਲੇ

ਜਾਂਦੇ ਤੇ ਸਕੂਲ ਵਿਹਲਾ ਹੁੰਦਾ। ਮੈਂ ਇਕ ਸਟਾਫ਼ ਮੈਂਬਰ ਦੇ ਲੜਕੇ ਦਾ ਸਾਈਕਲ ਲੈ ਕੇ ਕੁਝ ਦਿਨ ਪ੍ਰੈਕਟਿਸ ਕੀਤੀ ਤੇ ਲੱਗਾ ਕਿ ਹੁਣ ਸਾਈਕਲ ਚਲਾ ਸਕਦੀ ਹਾਂ। ਫਿਰ ਮੌਪਡ ਖ਼ਰੀਦੀ ਤੇ ਕਾਫ਼ੀ ਦਿਨ ਲਾ ਕੇ ਸਿੱਖ ਵੀ ਲਈ। ਕੁਝ ਸਾਲ ਚਲਾ ਕੇ ਕਾਈਨੈਕਟਿਕ ਹਾਂਡਾ ਸਕੂਟਰ ਲਿਆ ਕੇ ਕਈ ਸਾਲ ਖ਼ੂਬ ਚਲਾਇਆ। ਅੰਤ ਉਹ ਵੀ ਚਲਾਉਣਾ ਬੰਦ ਕਰ ਦਿੱਤਾ। ਮੈਨੂੰ ਸਾਈਕਲ ਚਲਾਉਣ ਦੇ ਸੁਪਨੇ ਆਉਣੋਂ ਹਟ ਗਏ ਭਾਵੇਂ ਸਾਈਕਲ ਚਲਾਉਣਾ ਅਜੇ ਵੀ ਨਹੀਂ ਆਉਂਦਾ।

ਇਸ ਉਡਾਰੀ ਦੇ ਰੰਗ ਢੰਗ ਵੀ ਐਸੇ ਨਿਵੇਕਲੇ ਹੁੰਦੇ ਹਨ ਕਿ ਇਕ ਪਲ ਆਪਣੇ ਆਪ ਨੂੰ ਮੰਗਲ ਗ੍ਰਹਿ ’ਤੇ ਖੜ੍ਹੇ ਵੇਖਦੇ ਹੋ ਤੇ ਦੂਜੇ ਪਲ ਧਰਤੀ ਹੇਠ, ਪਾਤਾਲ ਵਿਚ ਖ਼ੁਦ ਨੂੰ ਲਾਵਿਆਂ ਦਾ ਸੇਕ ਹੰਢਾਉਂਦੇ ਹੋਏ ਮਹਿਸੂਸ ਕਰ ਸਕਦੇ ਹੋ। ਹੁਣ ਤੁਸੀਂ ਆਪਣੇ ਮਨ ਦੇ ਚਿਤਵੇ ਸਮੁੰਦਰ ਵਿਚ ਗੋਤੇ ਖਾ ਰਹੇ ਹੋਵੋ ਤੇ ਅੱਖ ਦੇ ਫੋਰ ਵਿਚ ਹਿਮਾਲੀਆ ਦੀ ਚੋਟੀ ਤੇ ਖ਼ੁਦ ਨੂੰ ਤਸੱਵਰ ਕਰ ਲਓ। ਦੁਨੀਆ ਦੇ ਕਿਸੇ ਵੀ ਕੋਨੇ ਵਿਚ ਰਹਿੰਦੇ ਰਿਸ਼ਤੇ ਨਾਲ ਮਨਭਾਉਂਦਾ ਵਾਰਤਾਲਾਪ ਰਚਾ ਲਓ, ਭਾਵੇਂ ਖ਼ੂਬ ਲੜ ਭਿੜ ਕੇ ਮਨ ਦੀ ਭੜਾਸ ਕੱਢ ਲਓ, ਕੌਣ ਰੋਕ ਸਕਦਾ ਹੈ। ਕਿਸੇ ਬਹਿਸ ਦਾ ਫ਼ੈਸਲਾ ਆਪਣੇ ਹੱਕ ਵਿਚ ਕਰ ਲਓ ਜਾਂ ਦੂਜਾ ਪੱਖ ਭਾਰੂ ਕਰਕੇ ਹਾਰ ਕੇ ਢਹਿੰਦੀਆਂ ਕਲਾਂ ਵੱਲ ਤੁਰ ਪਓ, ਸਭ ਤੁਹਾਡੇ ਹੀ ਹੱਥ ਹੈ। ਇਨ੍ਹਾਂ ਸਥਿਤੀਆਂ ਵਾਸਤੇ ਉਮਰ ਤੇ ਤਾਕਤ ਦਾ ਵੀ ਕੋਈ ਬੰਧਨ ਨਹੀਂ। ਸਮੇਂ ਦੀ ਇਹ ਸਾਡੀ ਨਿੱਜੀ ਮਸ਼ੀਨ ਹੈ, ਜਿਹੜੇ ਮਰਜ਼ੀ ਸਮੇਂ ਵਿਚ ਫੇਰੇ ਪਾ ਆਈਏ, ਜੋ ਚਾਹੇ ਕਰ ਲਈਏ ਬਸ। ਪਰ ਮਸਲਾ ਤਾਂ ਉਦੋਂ ਪੈਦਾ ਹੋਣਾ ਹੁੰਦਾ ਹੈ, ਜਦੋਂ ਇਨ੍ਹਾਂ ਉਡਾਰੀਆਂ ਵਿਚੋਂ ਠੋਸ ਰੂਪ ਵਿਚ ਕੁਝ ਨਾ ਨਿਕਲੇ ਤੇ ਇਹ ਵਿਹਲੇ ਦਿਮਾਗ਼ ਦੀ ਸਮਾਂ ਕੱਟੀ ਦਾ ਜੁਗਾੜ ਹੀ ਬਣ ਕੇ ਰਹਿ ਜਾਣ। ਜ਼ਿੰਦਗੀ ਤਾਂ ਹਕੀਕਤ ਦੀ ਧਰਤੀ ’ਤੇ ਖੜ੍ਹੀ ਸਬੂਤ ਮੰਗ ਰਹੀ ਹੁੰਦੀ ਹੈ। ਜਿਨ੍ਹਾਂ ਨੇ ਇਸ ਅਸਲੀਅਤ ਨੂੰ ਸਮਝ ਲਿਆ, ਉਨ੍ਹਾਂ ਨੇ ਕਮਾਲ ਦੀਆਂ ਮੱਲਾਂ ਮਾਰੀਆਂ।

ਉਂਜ ਮਨੁੱਖ ਅੰਦਰ ਮੁੱਢ ਕਦੀਮ ਤੋਂ ਪੰਛੀਆਂ ਨੂੰ ਉੱਡਦਿਆਂ ਵੇਖ ਕੇ ਆਪ ਵੀ ਅਸਮਾਨ ਵਿਚ ਉੱਡਣ ਦੀ ਚਾਹਤ ਉਡਾਰੀ ਭਰਦੀ ਰਹੀ ਹੈ। ਪਰ ਉਸ ਕੋਲ ਉੱਡਣ ਲਈ ਜ਼ਰੂਰੀ ਸਮਾਨ ਯਾਨਿ ਖੰਭ ਕਿੱਥੇ ਸਨ...? ਇਸ ਅਸਲੀਅਤ ਨੂੰ ਜਾਨਣ ਦੇ ਬਾਵਜੂਦ ਉਸਦੇ ਅੰਦਰ ਰਚੀ ਉਡਾਰੀ ਦੀ ਚਾਹਤ ਤਾਂ ਲਗਾਤਾਰ ਸੋਚ ਦੇ ਅੰਬਰਾਂ ਤੇ ਕਲਾਵੇ ਭਰਦੀ ਹੀ ਰਹੀ ਸੀ। ਉਸਨੇ ਅਜਿਹੀਆਂ ਸੁਪਨਮਈ ਕਹਾਣੀਆਂ ਸਿਰਜੀਆਂ ਜਿਥੇ ਸੋਹਣੀਆਂ ਕੁੜੀਆਂ ਦੇ ਮੋਢਿਆਂ ’ਤੇ ਵੱਡੇ ਵੱਡੇ ਪਰ ਸਨ ਤੇ ਉਹ ਪੰਖੇਰੂਆਂ ਵਾਂਗ ਉੱਡ ਵੀ ਸਕਦੀਆਂ ਸਨ। ਕੁਦਰਤੀ ਗੱਲ ਸੀ ਕਿ ਉਨ੍ਹਾਂ ਦਾ ਸਰੀਰ ਪੰਛੀਆਂ ਨਾਲੋਂ ਵੱਡਾ ਸੀ ਤੇ ਪਰ ਵੀ ਵੱਡੇ ਹੀ ਲੋੜੀਂਦੇ ਸਨ। ਉਨ੍ਹਾਂ ਨੂੰ ਮਨੁੱਖ ਨੇ ਪਰੀਆਂ ਦਾ ਨਾਮ ਦਿੱਤਾ। ਉਨ੍ਹਾਂ ਵਾਂਗ ਹੀ ਕੁਝ ਮਰਦ ਪਾਤਰ ਵੀ ਸਨ। ਉਨ੍ਹਾਂ ਨੂੰ ਦਿਓ ਕਿਹਾ। ਦਿਓ ਬਹੁਤੀ ਵਾਰ ਮਾੜੇ ਤੇ ਕਦੇ ਕਦਾਈਂ ਚੰਗੇ ਵੀ ਹੁੰਦੇ ਸਨ। ਪਰੀਆਂ ਦੇ ਬਿੰਬ ਰਾਹੀਂ ਨਵੀਆਂ ਕਥਾਵਾਂ ਸਿਰਜ ਕੇ ਮਨੁੱਖ ਨੇ ਕਈ ਸੁਪਨਈ ਅੰਬਰ ਤੇ ਦੇਸ਼ ਉਸਾਰ

ਛੱਡੇ। ਸਦੀਆਂ ਤੋਂ ਇਹ ਕਹਾਣੀਆਂ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਨੂੰ ਕਈ ਤਰ੍ਹਾਂ ਦੇ ਸੁਨੇਹੇ ਦੇਂਦੀਆਂ ਤੇ ਮਨਪ੍ਰਚਾਵਾ ਕਰਦੀਆਂ ਰਹੀਆਂ ਹਨ। ਰਮਾਇਣ ਵਿਚ ਵੀ ਲੰਕਾ ਤੇ ਜਿੱਤ ਪਿੱਛੋਂ ਰਾਮ ਚੰਦਰ ਜੀ ਦਾ ਲਛਮਣ ਤੇ ਸੀਤਾ ਸਮੇਤ ਪੁਸ਼ਪਕ ਵਿਮਾਨ ਵਿਚ ਬੈਠ ਕੇ ਅਯੁੱਧਿਆ ਵਾਪਸ ਆਉਣ ਦਾ ਪ੍ਰਸੰਗ ਹੈ। ਹਨੂਮਾਨ ਤਾਂ ਬਿਨਾਂ ਖੰਭਾਂ ਤੋਂ ਹੀ ਉੱਡਦਿਆਂ ਦੱਸਿਆ ਜਾਂਦਾ ਹੈ।

ਪਰ ਇਕ ਦਿਨ ਮਨੁੱਖੀ ਮਨ ਵਿਚਲੀ ਇਸ ਰੀਝ ਨੂੰ ਬੂਰ ਪੈਣਾ ਸ਼ੁਰੂ ਹੋਇਆ, ਜਦ ਕੁਝ ਹਿੰਮਤੀ ਬੰਦਿਆਂ ਨੇ ਵੱਡੇ ਵੱਡੇ ਗੁਬਾਰਿਆਂ ਵਿਚ ਬੈਠ ਕੇ ਉੱਡਣ ਦੀਆਂ ਕੋਸ਼ਿਸ਼ਾਂ ਆਰੰਭ ਦਿੱਤੀਆਂ। ਫਿਰ ਕਈ ਹੋਰਾਂ ਦੀਆਂ ਅਜਿਹੀਆਂ ਕੋਸ਼ਿਸ਼ਾਂ ਦੇ ਵਿਚਕਾਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਦੋ ਭਰਾਵਾਂ ਔਲੀਵਰ ਰਾਈਟ ਤੇ ਵਿਲਬਰ ਰਾਈਟ ਨੂੰ ਅਜਿਹਾ ਯੰਤਰ ਬਣਾਉਣ ਵਿਚ ਕਾਮਯਾਬੀ ਮਿਲ ਹੀ ਗਈ। ਇਹ ਉੱਡਣਾ ਯੰਤਰ ਕੁਝ ਮੀਲਾਂ ਤਕ ਉੱਡ ਸਕਦਾ ਸੀ। ਇਸੇ ਬੱਝੇ ਮੁੱਢ ਤੋਂ ਸ਼ੁਰੂ ਹੋਈਆਂ ਕੋਸ਼ਿਸ਼ਾਂ ਦੀ ਲੜੀ ਕਈ ਪੜਾਅ ਪਾਰ ਕਰਦੀ ਕਰਦੀ ਅੱਗੇ ਤੁਰਦੀ ਰਹੀ ਤੇ ਕਹਾਣੀ ਅੱਜ ਅਸਮਾਨ ਵਿਚ ਚਾਰ ਚੁਫ਼ੇਰੇ ਉੱਡਦੇ ਫਿਰਦੇ ਵੱਡੇ-ਵੱਡੇ ਹਵਾਈ ਜਹਾਜ਼ਾਂ ਤੱਕ ਜਾ ਪਹੁੰਚੀ ਹੈ। ਹੁਣ ਤਾਂ ਛੋਟੇ ਪਿੰਡਾਂ ਜਿੰਨੇ ਬੰਦੇ ਚੁੱਕੀ ਹਵਾਈ ਜਹਾਜ਼ ਨੀਲੇ ਅੰਬਰਾਂ 'ਤੇ ਉਡਾਰੀਆਂ ਲਾਉਂਦੇ ਫਿਰਦੇ ਹਨ।

ਸੋਚ ਦੀ ਉਡਾਣ ਮਨੁੱਖ ਦੇ ਅੰਦਰ ਹਮੇਸ਼ਾ ਭੜਥੂ ਪਾਈ ਹੀ ਰੱਖਦੀ ਹੈ। ਬੱਚਾ ਜਲਦੀ ਤੋਂ ਜਲਦੀ ਜੁਆਨ ਹੋਣਾ ਲੋਚਦਾ ਹੈ। ਜਵਾਨੀ ਜ਼ਿੰਦਗੀ ਵਿਚ ਵਧੀਆ ਸਥਾਪਤੀ ਚਿਤਵਦੀ ਹੈ। ਪਰ ਇਹੋ ਉਡਾਰੀ ਇਕ ਖ਼ਾਸ ਉਮਰ 'ਤੇ ਪਹੁੰਚ ਕੇ ਉਮਰ ਨੂੰ ਅੱਗੇ ਵਧਣੋਂ ਰੋਕ ਦੇਣਾ ਚਾਹੁਣ ਲੱਗਦੀ ਹੈ। ਇਨਸਾਨ ਸਦਾ ਜਵਾਨ ਰਹਿਣਾ ਚਾਹੁਣ ਲੱਗਦਾ ਹੈ। ਉਸ ਨੂੰ ਫਿਰ ਤੇ ਆਪਣਾ ਉਹੋ ਬਚਪਨ ਚੰਗਾ ਲੱਗਣ ਲੱਗ ਪੈਂਦਾ ਹੈ ਜਿਸ ਤੋਂ ਉਹ ਜਲਦੀ ਛੁਟਕਾਰਾ ਪਾ ਕੇ ਜਵਾਨ ਹੋਣਾ ਲੋਚਦਾ ਸੀ। ਇਸ ਪੱਖ ਤੋਂ ਮਨੁੱਖ ਅਜੀਬ ਪ੍ਰਾਣੀ ਹੈ ਕਿ ਆਮ ਤੌਰ 'ਤੇ ਜਿਹੜੇ ਵਰਤਮਾਨ ਤੋਂ ਅਸੰਤੁਸ਼ਟ ਹੋ ਕੇ ਉਹ ਉਸ ਤੋਂ ਦੌੜਿਆ ਹੁੰਦਾ ਹੈ, ਓਹੋ ਜਦੋਂ ਅਤੀਤ ਬਣ ਜਾਂਦਾ ਹੈ ਤਾਂ ਉਸ ਨੂੰ ਉਹ ਚੰਗਾ ਲੱਗਣ ਲੱਗ ਪੈਂਦਾ ਹੈ। ਕੁਝ ਹੀ ਦਹਾਕੇ ਪਹਿਲਾਂ ਸਾਡੀ ਪੀੜ੍ਹੀ ਨੇ ਸਭ ਕੁਝ ਨਵਾਂ ਅਪਣਾਉਂਦਿਆਂ, ਪਹਿਲੀ ਸ਼ਾਂਤ ਜਿਹੀ ਜ਼ਿੰਦਗੀ ਨੂੰ, ਹਰੇਕ ਪੁਰਾਣੀ ਵਸਤ ਤੇ ਵਰਤਾਰੇ ਸਮੇਤ ਵਿਸਾਰ ਦਿੱਤਾ ਸੀ। ਹੁਣ ਜਦ ਮਨਚਾਹੀ ਤਰੱਕੀ ਦੇ ਜ਼ਿੰਦਗੀ 'ਤੇ ਅਸਰ ਦੇਖੇ ਹਨ ਤਾਂ ਪੁਰਾਣੇ ਸਮਿਆਂ ਨੂੰ ਯਾਦ ਕਰਦਿਆਂ ਸਾਰੇ ਅਤੀਤ ਵੱਲ ਮੁੜਨਾ ਲੋਚਦੇ ਹਨ। ਹੁਣ ਸਮਾਂ ਤਾਂ ਪਿੱਛੇ ਨਹੀਂ ਜਾ ਸਕਦਾ। ਪਰ ਸਾਡੇ ਵਰਤਮਾਨ ਤੇ ਪ੍ਰਾਪਤੀਆਂ ਤੋਂ ਅਸੰਤੁਸ਼ਟ ਰਹਿਣ ਦੀ ਆਦਤ ਕਈ ਵਾਰ ਸੋਚ ਦੀਆਂ ਸਾਕਾਰਾਤਮਕ ਉਡਾਰੀਆਂ ਤੇ ਉਸਾਰੂ ਰੁਚੀਆਂ ਦਾ ਰਸ ਵੀ ਚੂਸ ਜਾਂਦੀ ਹੈ।

ਦੁਨੀਆ ਦੇ ਕਾਮਯਾਬ ਮਨੁੱਖਾਂ ਦੀਆਂ ਜ਼ਿੰਦਗੀਆਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੀ ਅੱਗੇ ਵਧਣ ਦੀ ਚਾਹਤ ਦੇ ਪਰਾਂ ਨੂੰ ਲਗਾਤਾਰ

ਗਤੀਸ਼ੀਲ ਅਵਸਥਾ ਵਿਚ ਰੱਖਿਆ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਟੀਚਿਆਂ ਦੀਆਂ ਵੱਡੀਆਂ ਪੁਲਾਂਘਾਂ ਭਰੀਆਂ। ਅੱਜ ਦੀ ਦੁਨੀਆ ਦੇ ਚਰਚਿਤ ਚਿਹਰੇ ਬਿੱਲ ਗੇਟਸ ਤੇ ਸਟੀਵ ਜੌਬਜ਼ ਦੀਆਂ ਉਦਾਹਰਣਾਂ ਸਾਹਮਣੇ ਹਨ। ਭਾਰਤ ਵਿਚ ਹੀ ਲਕਸ਼ਮੀ ਮਿੱਤਲ ਤੇ ਡਾ. ਅੰਬੇਦਕਰ ਨੇ ਵੀ ਅੱਤ ਦੀ ਗ਼ਰੀਬੀ ਵਿਚੋਂ ਉੱਠ ਕੇ ਇਤਿਹਾਸ ਸਿਰਜੇ ਸਨ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕ ਮਿਸਾਲਾਂ ਸਾਡੇ ਸਾਹਮਣੇ ਹਨ। ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਨਸਾਨ ਦੇ ਨਿਸ਼ਾਨੇ ਦੀ ਪੂਰਤੀ ਲਈ ਇਕ ਸੇਧ ਭਰੀ ਸ਼ਿੱਦਤ ਦਾ ਹੋਣਾ ਜ਼ਰੂਰੀ ਹੈ। ਫਿਰ ਇਸ ਦੇ ਨਾਲ ਉਸ ਵਾਸਤੇ ਲੋੜੀਂਦੇ ਹਾਲਾਤ ਸਿਰਜਣ ਦੀ ਸਮਰੱਥਾ ਉਸਦੀ ਚਾਹਤ ਦੀ ਉਡਾਰੀ ਨੂੰ ਸਫ਼ਲ ਬਣਾਉਣ ਦਾ ਨੁਸਖਾ ਸਿਰਜ ਸਕਦੀ ਹੈ।

# ਜ਼ਿੰਦਗੀ ਦਾ ਮੂਲ ਮੰਤਰ : ਪਗਡੰਡੀਆਂ

ਇਨਸਾਨ ਜਿਸ ਪਲ ਇਸ ਦੁਨੀਆ ਦੇ ਚਾਨਣ ਵਿਚ ਆਉਂਦਾ ਹੈ, ਜ਼ਿੰਦਗੀ ਨਾਲ ਨਾਤਾ ਜੋੜਦਾ ਹੈ। ਉਸੇ ਪਲ ਉਹ ਪਗਡੰਡੀਆਂ ਦੇ ਇਕ ਗੁੰਝਲਦਾਰ ਤਾਣੇ-ਬਾਣੇ ਵਿਚ ਆ ਉਤਰਦਾ ਹੈ। ਹੌਲੀ-ਹੌਲੀ ਰਿਸ਼ਤਿਆਂ ਨੂੰ ਜਾਂਦੀਆਂ ਪਗਡੰਡੀਆਂ ਪਹਿਚਾਣ ਦੇ ਚਿਹਰੇ ਸਥਾਪਤ ਕਰਦੀਆਂ ਮਨੁੱਖ ਦੇ ਮਨ ਵਿਚ ਆਪਣੇ ਕੇਂਦਰ ਬਿੰਦੂ ਬਣਾ ਲੈਂਦੀਆਂ ਹਨ, ਜਿਨ੍ਹਾਂ ਰਾਹੀਂ ਮੋਹ, ਨਫ਼ਰਤ, ਡਰ ਜਾਂ ਹੋਰ ਅਜਿਹੇ ਭਾਵਾਂ ਦੇ ਤਾਣੇ-ਬਾਣੇ ਨਾਲ ਜੁੜ ਜਾਂਦੇ ਹਾਂ। ਉਮਰ ਵਧਣ ਦੇ ਨਾਲ ਨਾਲ ਇਸੇ ਆਧਾਰ 'ਤੇ ਸੋਚਾਂ ਵਿਕਸਤ ਹੁੰਦੀਆਂ ਤੇ ਆਪਣੀਆਂ ਪੈੜਾਂ ਪੱਕੀਆਂ ਕਰਦੀਆਂ ਜਾਂਦੀਆਂ ਮਨੁੱਖ ਦੀ ਸ਼ਖ਼ਸੀਅਤ ਦਾ ਮੁੱਢ ਬੰਨ੍ਹ ਲੈਂਦੀਆਂ ਹਨ।

ਪਗਡੰਡੀਆਂ ਦਾ ਸਿੱਧਾ ਸੰਬੰਧ ਸਫ਼ਰ ਨਾਲ ਹੈ। ਜੇ ਕੋਈ ਤੁਰਦਾ ਹੀ ਨਹੀਂ ਤਾਂ ਪਗਡੰਡੀਆਂ ਦੀ ਹੋਂਦ ਵੀ ਬੇ-ਮਾਇਨਾ ਹੋ ਜਾਂਦੀ ਹੈ। ਸਾਡੇ ਲੋਕ ਮਾਨਸ ਵਿਚ ਸਫ਼ਰ ਦਾ ਬਹੁਤ ਸਤਿਕਾਰ ਅਤੇ ਮਹੱਤਵ ਹੈ। ਬਚਪਨ ਦੇ ਦਿਨੀਂ ਬੱਚਿਆਂ ਦਾ ਰਾਤ ਨੂੰ ਸੌਣ ਤੋਂ ਪਹਿਲਾਂ ਵੱਡਿਆਂ ਤੋਂ ਕਹਾਣੀਆਂ ਸੁਣਨ ਦਾ ਰੁਝਾਨ ਹੁੰਦਾ ਸੀ। ਪਰ ਜੇ ਕੋਈ ਬਾਲ ਕਿਸੇ ਵਡੇਰੇ ਨੂੰ ਦਿਨ ਵੇਲੇ ਕਹਾਣੀ ਸੁਣਾਉਣ ਨੂੰ ਕਹਿੰਦਾ ਤਾਂ ਉਸ ਨੂੰ ਜਵਾਬ ਮਿਲਦਾ ਕਿ ਦਿਨ ਵੇਲੇ ਬਾਤਾਂ ਨਹੀਂ ਸੁਣੀ ਸੁਣਾਈਦੀਆਂ, ਰਾਹੀਆਂ ਨੂੰ ਰਾਹ ਭੁੱਲ ਜਾਂਦੇ ਹਨ। ਸਭਿਆਚਾਰ ਦੀ ਇਹ ਮਿਥ ਜ਼ਿੰਦਗੀ ਵਿਚ ਸਫ਼ਰ ਦੀ ਇਜ਼ਤ, ਜ਼ਰੂਰਤ ਅਤੇ ਸਫ਼ਰ ਨੂੰ ਨਿਯਮਤ ਨਿਰਵਿਘਨ ਜਾਰੀ ਰੱਖਣ ਦੇ ਵਾਅਦੇ ਨੂੰ ਸਮਰਪਿਤ ਹੈ।

ਸਫ਼ਰ ਕਰਦੇ ਪੈਰ ਜਿਹੜੇ ਰਸਤੇ ਸਿਰਜਦੇ ਹਨ, ਹੌਲੀ-ਹੌਲੀ ਉਨ੍ਹਾਂ 'ਤੇ ਤੁਰਦੇ ਪਿੱਛੇ ਆਉਣ ਵਾਲੇ ਉਨ੍ਹਾਂ ਨੂੰ ਪਗਡੰਡੀਆਂ, ਪਹਿਆਂ ਜਾਂ ਰਸਤਿਆਂ ਵਿਚ ਬਦਲ ਦਿੰਦੇ ਹਨ ਭਾਵੇਂ ਉਹ ਕਿਸੇ ਪੱਧਰ ਦੇ ਵੀ ਹੋਣ। ਜ਼ਿੰਦਗੀ ਰਸਤਿਆਂ ਦੇ ਮੱਕੜਜਾਲ ਦੇ ਉੱਤੇ ਤੇ ਅੰਦਰ-ਬਾਹਰ ਘੁੰਮਦੀ, ਕਈ ਦਿਸਹੱਦੇ ਛੂੰਹਦੀ, ਰੁਕਦੀ, ਤਿਲਕਦੀ ਅਤੇ ਰਿੜ੍ਹਦੀ ਤੁਰੀ ਜਾਂਦੀ ਹੈ। ਅਸਲ ਵਿਚ ਪਗਡੰਡੀਆਂ ਤਾਂ ਕਾਇਨਾਤ ਦੇ ਪਸਾਰੇ ਦੇ ਹਰ ਕਣ ਵਿਚ ਖਿਲਰੀਆਂ ਪਈਆਂ ਹਨ। ਧਰਤੀ, ਅੰਬਰ, ਪਾਣੀਆਂ, ਪੁਲਾੜ ਅਤੇ ਪੁਲਾੜ ਤੋਂ ਵੀ ਪਰੇਰੇ ਤੱਕ। ਸੂਰਜ, ਚੰਨ, ਤਾਰੇ ਤੇ ਸਾਰੇ ਗ੍ਰਹਿ ਕੁਦਰਤ ਵੱਲੋਂ ਨਿਸ਼ਚਿਤ ਆਪਣੀਆਂ ਰਾਹਾਂ 'ਤੇ ਹੀ ਤਾਂ ਚੱਲਦੇ ਹਨ। ਚਾਨਣ ਸਿੱਧੀਆਂ ਰੇਖਾਵਾਂ ਅਰਥਾਤ ਆਪਣੀਆਂ ਪਗਡੰਡੀਆਂ 'ਤੇ ਤੁਰਦਾ ਹੈ। ਪਾਣੀ ਨਿਵਾਣ ਵੱਲ ਆਪਣੇ ਰਸਤੇ ਬਣਾਉਂਦਾ ਹੈ। ਇਥੋਂ ਤਕ ਕਿ ਸਮੁੰਦਰ ਦੇ ਪਾਣੀਆਂ ਦੇ ਅਥਾਹ ਖਿਲਾਰ ਦੇ

ਰਾਮ ਰੌਲੇ ਵਿਚ ਵੀ ਸਮੁੰਦਰੀ ਰੌਆਂ ਆਪਣੇ ਨਿਸ਼ਚਿਤ ਪੰਧਾਂ ’ਤੇ ਵਹਿੰਦੀਆਂ ਰਹਿੰਦੀਆਂ ਹਨ। ਹਵਾਵਾਂ ਦੀਆਂ ਪਗਡੰਡੀਆਂ ਤਾਂ ਸਾਡੇ ਲੋਕ ਮਨ ਵਿਚ ਹਮੇਸ਼ਾਂ ਤੋਂ ਵਸੀਆਂ ਹੋਈਆਂ ਹਨ। ਲੋਕਾਂ ਨੂੰ ਪਤਾ ਹੁੰਦਾ ਸੀ ਕਿਹੜੇ ਕੁ ਦਿਨੀਂ ਪੌਣਾਂ ਨੇ ਪੁਰੇ ਵੱਲੋਂ ਪਾਣੀਆਂ ਨੂੰ ਆਪਣੀ ਝੋਲੀ ਵਿਚ ਭਰ ਕੇ ਪੱਛਮ ਵੱਲ ਤੁਰਨਾ ਹੈ ਤੇ ਫੁਹਾਰਾਂ ਪਾਉਣੀਆਂ ਹਨ। ਫਿਰ ਕਦੋਂ ਕੁ ਨੂੰ ਪੱਛਮੀ ਹਵਾਵਾਂ ਬੱਦਲਾਂ ਦੀਆਂ ਪੋਟਲੀਆਂ ਚੁੱਕ ਕੇ ਉਲਟੀ ਦਿਸ਼ਾ ਵੱਲ ਤੁਰਦੀਆਂ ਪਾਲੇ ਉਤਾਰ ਜਾਣਗੀਆਂ। ਜੇ ਹਵਾਵਾਂ ਆਪਣੀਆਂ ਪਗਡੰਡੀਆਂ ਤੋਂ ਤਿਲਕ ਜਾਂ ਭਟਕ ਜਾਣ ਤਾਂ ਖਲਕਤ ਤਪਦੀ ਧਰਤੀ ’ਤੇ ਪਿਆਸੀ ਖੜ੍ਹੀ ਉਨ੍ਹਾਂ ਨੂੰ ਉਡੀਕਦੀ ਰਹਿੰਦੀ ਹੈ। ਇਵੇਂ ਹਰ ਚੀਜ਼ ਤੇ ਹਰ ਵਰਤਾਰਾ ਨਿਸ਼ਚਿਤ ਕਾਇਦੇ ਅਤੇ ਨਿਯਮਾਂ ਅਨੁਸਾਰ ਹੀ ਵਿਹਾਰ ਕਰਦਾ ਹੈ। ਬਸ, ਕਿਸੇ ਦੀ ਪਗਡੰਡੀ ਸਿੱਧੀ ਹੁੰਦੀ ਹੈ, ਕਿਸੇ ਦੀ ਦਾਇਰਾਕਾਰ ਤੇ ਕਿਸੇ ਦੀ ਗੁੰਝਲਦਾਰ।

ਉਪਰੋਕਤ ਲਿਖੇ ਇਸ ਤਰ੍ਹਾਂ ਦੇ ਕਿੰਨੇ ਹਿਸਾਬ-ਕਿਤਾਬ ਤੇ ਲੇਖੇ-ਪਤੇ ਮਨੁੱਖੀ ਸੋਚਾਂ ਵਿਚ ਆਪਣੇ ਟਿਕਾਣੇ ਤੇ ਰਸਤੇ ਖੁਣ ਲੈਂਦੇ ਹਨ। ਅਸਲ ਵਿਚ ਤਾਂ ਚੇਤਾ ਹੀ ਸਾਰੇ ਬ੍ਰਹਿਮੰਡੀ ਪਸਾਰੇ ਦੀਆਂ ਪਗਡੰਡੀਆਂ ਦਾ ਗੜ੍ਹ ਜਾਪਦਾ ਹੈ ਜੋ ਦ੍ਰਿਸ਼ਾਵਲੀਆਂ ਤੇ ਵਰਤਾਰਿਆਂ ਨੂੰ ਮਨ ਮਸਤਕ ਵਿਚ ਅੰਕਿਤ ਕਰਕੇ ਆਪਣੇ ਵਿਹਾਰ ਦਾ ਫ਼ੈਸਲਾ ਕਰਨ ਲੱਗ ਪੈਂਦਾ ਹੈ। ਅੰਕਿਤ ਤਾਂ ਕੁਦਰਤ ਵੀ ਕਰਦੀ ਹੈ, ਬੀਤ ਗਏ ਸਮੇਂ ਨੂੰ। ਤਦ ਹੀ ਤਾਂ ਲੱਖਾਂ ਕਰੋੜਾਂ ਸਾਲਾਂ ਪਿੱਛੋਂ ਵੀ ਵਿਗਿਆਨ ਦੇ ਸਹਾਰੇ ਮਨੁੱਖ ਮਿੱਟੀ ਤੇ ਪੱਥਰਾਂ ਨੂੰ ਫਰੋਲਦਿਆਂ ਤੇ ਉਨ੍ਹਾਂ ’ਤੇ ਉਕਰੀ, ਬੀਤੀ ਜ਼ਿੰਦਗੀ ਦੇ ਜੀਵਾਂ, ਜੀਵਾਸ਼ਮਾਂ ਦੇ ਸੁਨੇਹਿਆਂ ਨੂੰ ਸਮੇਂ ਦੀਆਂ ਪਗਡੰਡੀਆਂ ਤੇ ਪਿਛਲ ਪੈਰੀਂ ਜਾਂਦੇ ਤੇ ਪਥਰਾਟਾਂ ਰਾਹੀਂ ਪੜ੍ਹਦੇ ਹਨ। ਤਦ ਹੀ ਤਾਂ ਧਰਤੀ ਦੀ ਉਮਰ, ਇਸ ’ਤੇ ਪਏ ਪੱਥਰਾਂ, ਖਣਿਜਾਂ ਅਤੇ ਆਦਿ ਕਾਲ ਤੋਂ ਉੱਗਦੇ ਰਹੇ ਤੇ ਉੱਗੇ ਬਿਰਖਾਂ ਦੀ ਉਮਰ ਦਾ ਤੇ ਸੁਭਾਅ ਦਾ ਪਤਾ ਲੱਗ ਸਕਿਆ ਹੈ। ਕਿਹੜੇ ਪੱਥਰ ਕਦੋਂ ਚੰਨ ਤੋਂ, ਕਿਸੇ ਹੋਰ ਸਿਤਾਰੇ ਜਾਂ ਉਲਕਾ ਦੇ ਟੁੱਟਣ ਨਾਲ ਧਰਤੀ ’ਤੇ ਆਣ ਡਿੱਗੇ। ਧਰਤੀ ਹੇਠ ਹਜ਼ਾਰਾਂ ਸਾਲ ਪਹਿਲਾਂ ਦੱਬੇ ਗਏ ਤੇ ਹੁਣ ਕੋਲਾ ਬਣ ਗਏ ਕਦੇ ਹਰਿਆਲੇ ਰਹੇ ਜੰਗਲ ਸੁਨੇਹਾ ਦਿੰਦੇ ਹਨ ਕਿ ਰੁਕ ਗਈ ਜ਼ਿੰਦਗੀ ਦਾ ਹਸ਼ਰ ਕੋਇਲਾ ਬਣ ਜਾਣ ਵਾਲਾ ਹੀ ਹੁੰਦਾ ਹੈ। ਪਗਡੰਡੀਆਂ ਤੇ ਗਤੀ ਦੀ ਹੋਂਦ ਸਾਂਝੀ ਹੈ, ਗਤੀ ਨਹੀਂ, ਪਗਡੰਡੀਆਂ ਨਹੀਂ ਤਾਂ ਜ਼ਿੰਦਗੀ ਵੀ ਕੋਲਾ ਹੋਣ ਵਰਗੀ ਖੜੋਤ ਦੀ ਖਾਈ ਵਿਚ ਡਿੱਗ ਪੈਂਦੀ ਹੈ।

ਇਹ ਸਿਲਸਿਲੇ ਅਮੁੱਕ ਤੇ ਅਰੁਕ ਹਨ। ਪਰਵਾਸੀ ਪੰਖੇਰੂ ਹਵਾਵਾਂ ਦੇ ਰਸਤਿਆਂ ਤੇ ਮੌਸਮਾਂ ਦੇ ਸੁਭਾਅ ਦੀ ਆਹਟ ਸੁਣ ਕੇ ਧਰੁਵਾਂ ਤੋਂ ਉਨ੍ਹਾਂ ਹੀ ਮੈਦਾਨਾਂ ਵੱਲ ਉੱਡਦੇ ਹਨ ਤੇ ਲੰਘਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੇ ਵੱਡੇ-ਵਡੇਰੇ ਮੁੱਢ ਕਦੀਮ ਤੋਂ ਅਦਿੱਖ ਰਸਤਿਆਂ ਦੀਆਂ ਪੈੜਾਂ ਨਾਪਦੇ ਜਾ ਰਹੇ ਹੁੰਦੇ ਹਨ। ਉਨ੍ਹਾਂ ਹੀ ਟਿਕਾਣਿਆਂ ’ਤੇ ਉਤਾਰਾ ਕਰਦੇ ਹਨ ਤੇ ਨਵੀਂ ਪੀੜ੍ਹੀ ਨੂੰ ਜਨਮ ਦੇਂਦੇ ਅਤੇ ਪਾਲਦੇ ਹਨ, ਜਿਥੇ ਉਨ੍ਹਾਂ ਦੀਆਂ ਅਨੇਕ ਪੀੜ੍ਹੀਆਂ ਆਪਣੀ ਮਹਿਕ ਦੇ ਨਿਸ਼ਾਨ ਛੱਡ ਕੇ ਜਾਂਦੀਆਂ ਰਹੀਆਂ

ਸਨ। ਜੰਗਲੀ ਜੀਵ ਸੁਨੇਹਿਆਂ ਦੇ ਰੂਪ ਵਿਚ ਆਪਣੀ ਗੰਧ ਦੀਆਂ ਪੈੜਾਂ ਸਿਰਜਦੇ ਹਨ ਤੇ ਇਕ ਦੂਜੇ ਨੂੰ ਲੱਭਦੇ ਹਨ।

ਬ੍ਰਹਿਮੰਡ ਵਿਚ ਅਣਜਾਣੀਆਂ ਪਗਡੰਡੀਆਂ ’ਤੇ ਚੱਲਦੇ ਅਨੇਕ ਤਾਰੇ, ਗ੍ਰਹਿ ਤੇ ਖਬਰੇ ਕਿੰਨੇ ਸੂਰਜ ਤੇ ਚੰਦਰਮਾ ਆਪਣੇ ਜਾਣੇ-ਪਹਿਚਾਣੇ ਰਾਹਵਾਂ ’ਤੇ ਚੱਲ ਰਹੇ ਹਨ। ਧਰਤੀ ਦੇ ਅੰਦਰਲੀ ਹਵਾੜ ਪਰਬਤਾਂ ਦੀਆਂ ਵੱਖੀਆਂ ਵਿਚੋਂ ਉਫ਼ਨਦੀ, ਹਵਾਵਾਂ ਦੀਆਂ ਸਿਰਜੀਆਂ ਪਗਡੰਡੀਆਂ ਤੇ ਆਪਣੀਆਂ ਦਿਸ਼ਾਵਾਂ ਵੱਲ ਬੱਦਲ ਬਣ ਬਣ ਉੱਡਦੀ ਹੈ। ਫਿਰ ਕਣੀਆਂ ਬਣ ਕੇ ਧਰਤੀ ਅੰਦਰ ਸੁੱਤੇ ਬੀਜਾਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਜ਼ਿੰਦਗੀ ਦੀ ਹਕੀਕਤ ਦੇ ਰਸਤਿਆਂ ’ਤੇ ਪਾਉਂਦੀ ਹੈ। ਇਸ ਤਰ੍ਹਾਂ ਇਕ ਰਸਤੇ ’ਚੋਂ ਦੂਜਾ ਨਿਕਲਦਾ ਹੈ ਤੇ ਫਿਰ ਉਸ ’ਚੋਂ ਕੋਈ ਹੋਰ। ਇਹ ਤਾਣਾ-ਬਾਣਾ ਜ਼ਿੰਦਗੀ ਦੇ ਪਾਸਾਰਾਂ ਵਿਚ ਵਿਚਰਦਾ ਨਵੀਆਂ ਸੰਭਾਵਨਾਵਾਂ ਸਿਰਜਦਾ ਰਹਿੰਦਾ ਹੈ। ਜ਼ਿੰਦਗੀ ਨੂੰ ਵੀ ਸਦਾ ਪਹੇ ਪਗਡੰਡੀਆਂ ਬਣੇ ਬਣਾਏ ਨਹੀਂ ਮਿਲਦੇ। ਰਸਤੇ ਬੰਦ ਮਿਲਣ ਤੇ ਜਾਂ ਬੰਦ ਹੋ ਜਾਣ ਤੇ ਇਹ ਕਈ ਗੁਣਾ ਵਧੇਰੇ ਜ਼ੋਰ ਨਾਲ ਪ੍ਰਤੀਕਿਰਿਆ ਕਰਦੀ ਤੇ ਮਨ ਮੁਤਾਬਕ ਸੰਭਾਵਨਾਵਾਂ ਲੱਭ ਲੈਂਦੀ ਹੈ ਕਿਉਂਕਿ ਇਸਦੇ ਸੁਭਾ ਵਿਚ ਹਿੰਮਤ ਨਾਲ ਤੇ ਨਿਰੰਤਰ ਵਹਿੰਦੇ ਹੀ ਜਾਣਾ ਹੈ। ਇਸ ਦੀ ਹਰੇਕ ਇਬਾਰਤ ਦਾ ਵਾਹਨ ਗਤੀਸ਼ੀਲਤਾ ਹੀ ਹੈ। ਉਦਾਹਰਣ ਦੇ ਤੌਰ ’ਤੇ ਵਹਿੰਦੇ ਪਾਣੀ ਨੂੰ ਜੇਕਰ ਰੋਕਿਆ ਜਾਵੇ ਤਾਂ ਉਹ ਸਭ ਕੁਝ ਤਹਿਸ ਨਹਿਸ ਕਰਦਾ, ਆਪਣੇ ਸੁਭਾਅ ਅਨੁਸਾਰ ਵਿਹਾਰ ਕਰਦਾ ਨਵੀਆਂ ਪਗਡੰਡੀਆਂ ਲੱਭ ਲੈਂਦਾ ਹੈ। ਪਰਬਤਾਂ ਉੱਤੇ ਪੱਥਰਾਂ ਦੇ ਢੇਰਾਂ ਵਿਚੋਂ ਕੋਮਲ ਜੜ੍ਹਾਂ ਆਪਣੇ ਰਸਤੇ ਬਣਾ ਲੈਂਦੀਆਂ ਹਨ। ਜੰਗਲ ਦੀ ਗਹਿਰਾਈ ਦੇ ਹਨੇਰੇ ਵਿਚੋਂ ਨਵੇਂ ਉੱਗਦੇ ਬਿਰਖ ਤੇ ਵੇਲਾਂ ਚਾਨਣ ਤੱਕ ਪਹੁੰਚਣ ਵਾਸਤੇ ਆਪਣੇ ਰਸਤੇ ਭਾਲ ਲੈਂਦੇ ਹਨ। ਅਸਲ ਵਿਚ ਤਾਂ ਕੋਈ ਨਾ ਕੋਈ ਸ਼ਿੱਦਤ ਹੀ ਪਹਿਆਂ ਜਾਂ ਰਸਤਿਆਂ ਦੀ ਸਿਰਜਣਾ ਪਿਛਲਾ ਮੂਲ ਮੰਤਰ ਹੈ। ਇੱਛਾ ਦੀ ਤੀਬਰਤਾ ਫਰਿਹਾਦ ਵਰਗੇ ਸਿਰੜੀ ਨੂੰ ਪੱਥਰਾਂ ਨੂੰ ਤੋੜ ਕੇ ਪਾਣੀ ਲਈ ਰਸਤਾ ਬਣਾ ਲੈਣ ਦੇ ਰਾਹ ਪਾ ਸਕਦੀ ਹੈ। ਸੋਹਣੀ ਨੂੰ ਮਿੱਟੀ ਦੇ ਘੜੇ ਦੇ ਸਹਾਰੇ ਸ਼ੂਕਦੇ ਝਨਾਂ ਨੂੰ ਪਾਰ ਕਰਨ ਦਾ ਰਾਹ ਦਿਖਾ ਸਕਦੀ ਹੈ। ਸੱਸੀ ਨੂੰ ਤਪਦੇ ਥਲਾਂ ਦੀ ਵਿਸ਼ਾਲਤਾ ਵਿਚ ਠਿੱਲ ਪੈਣ ਨੂੰ ਮਜਬੂਰ ਕਰ ਸਕਦੀ ਹੈ। ਮਨੁੱਖ ਦੇ ਮਨ ਵਿਚ ਅੰਬਰ ਵਿਚ ਉਡਾਰੀਆਂ ਭਰਨ ਦੀ ਪੈਦਾ ਹੋਈ ਚਾਹਤ ਉਸ ਨੂੰ ਉੱਡਣ ਖਟੋਲੇ ਸਿਰਜਣ ਦੇ ਰਾਹ ਤੋਰਦੀ ਤੇ ਕਾਮਯਾਬ ਵੀ ਕਰਦੀ ਹੈ। ਇਨ੍ਹਾਂ ਰਾਹਾਂ ’ਤੇ ਤੁਰੇ ਮਨੁੱਖ ਵਾਸਤੇ ਮੰਜ਼ਲ ’ਤੇ ਪਹੁੰਚਣ ਵਾਸਤੇ ਤੁਰਦੇ ਰਹਿਣਾ ਹੀ ਮਹੱਤਵਪੂਰਨ ਹੋ ਜਾਂਦਾ ਹੈ, ਫਿਰ ਭਾਵੇਂ ਉਹ ਪਗਡੰਡੀਆਂ ਜ਼ਿੰਦਗੀ ਵੱਲ ਲੈ ਜਾਣ ਤੇ ਭਾਵੇਂ ਮੌਤ ਵੱਲ।

ਟੈਲੀਵਿਜ਼ਨ ’ਤੇ ਤੱਕਦੇ ਹਾਂ ਕਿ ਨਵੇਂ ਰਸਤਿਆਂ ’ਤੇ ਤੁਰਨ ਦੀ ਮਨ ਅੰਦਰਲੀ ਚਿਣਗ ਦੀ ਨਿਸ਼ਾਨਦੇਹੀ ਕਰਦੇ ਜ਼ਿੱਦੀ ਮਨੁੱਖ ਸਾਗਰਾਂ ਦੀ ਗਹਿਰਾਈ ਵਿਚ, ਜੰਗਲਾਂ ਦੀ ਭਿਆਨਕਤਾ ਵਿਚ ਤੇ ਬਰਫ਼ੀਲੀਆਂ ਚੋਟੀਆਂ ਦੀ ਮਾਰੂ ਯੱਖ ਵਿਚ ਆਪਣੇ ਨਵੇਂ ਰਸਤਿਆਂ ਵੱਲ ਠਿੱਲ੍ਹ ਪੈਂਦੇ। ਫਿਰ ਜਾਣਕਾਰੀ ਦੀਆਂ ਨਵੀਆਂ ਹੱਦਾਂ ਛੂਹਣ ਦੀ

ਅੰਦਰੂਨੀ ਭੁੱਖ ਨੂੰ ਸ਼ਾਂਤ ਕਰਦਿਆਂ ਕਈ ਵਾਰ ਮੌਤ ਦੇ ਮੂੰਹ ਵਿਚ ਵੀ ਚਲੇ ਜਾਂਦੇ ਹਨ।

ਮਨੁੱਖ ਦੇ ਅੰਦਰ ਦੇ ਅਨੇਕ ਤਰ੍ਹਾਂ ਦੇ ਰਾਹ ਰਸਤਿਆਂ ਦਾ ਆਧਾਰ ਰਿਸ਼ਤਿਆਂ ਦਾ ਤਾਣਾ-ਬਾਣਾ ਵੀ ਹੁੰਦਾ ਹੈ। ਬੱਚੇ ਦਾ ਮਨ ਮੋਹ ਦੀਆਂ ਡੋਰਾਂ 'ਤੇ ਤੁਰਦਾ ਹੀ ਇਸ ਤਾਣੇ ਬਾਣੇ ਦਾ ਹਿੱਸਾ ਬਣਦਾ ਹੈ। ਫਿਰ ਹੌਲੀ-ਹੌਲੀ ਅਨੁਭਵ ਦੇ ਆਧਾਰ 'ਤੇ ਮਨ ਦੇ ਅੰਦਰ ਤੇ ਬਾਹਰ ਆਪਣਾ ਇਕ ਨਿਸਚਿਤ ਜਮਘਟਾ ਬੁਣ ਲੈਂਦਾ ਹੈ।

ਹੁਣ ਜੇ ਇਸ ਸਾਰੇ ਵਰਤਾਰੇ ਨੂੰ ਧਿਆਨ ਨਾਲ ਤੱਕਿਆ ਜਾਏ ਤਾਂ ਜ਼ਿੰਦਗੀ ਨਾਲ ਸੰਬੰਧਤ ਸਾਰੀਆਂ ਪਗਡੰਡੀਆਂ ਕੁਦਰਤ ਦੀ ਇਕੋ ਇਕ ਪਗਡੰਡੀ ਦਾ ਹੀ ਵਿਸਥਾਰ ਹਨ ਜਾਂ ਇਸ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਉਹ ਹੈ—ਕੁਦਰਤ ਵੱਲੋਂ ਜ਼ਿੰਦਗੀ ਨੂੰ ਚਲਦਾ ਰੱਖਣ ਵਾਸਤੇ ਚਲਾਈ ਗਈ ਪਗਡੰਡੀ। ਇਸ ਦੇ ਪ੍ਰਭਾਵ ਹੇਠ ਜੀਵ ਆਪਣੀ ਨਸਲ ਨੂੰ ਜਿਉਂਦਾ ਰੱਖਣ ਖ਼ਾਤਰ ਬੱਚੇ ਪੈਦਾ ਕਰਨ ਵਾਸਤੇ ਤਤਪਰ ਰਹਿੰਦੇ ਹਨ। ਫਿਰ ਉਨ੍ਹਾਂ ਦੀ ਸਾਂਭ ਸੰਭਾਲ ਵਾਸਤੇ ਖ਼ੁਰਾਕ, ਰਹਿਣ-ਸਹਿਣ ਤੇ ਸੁਰੱਖਿਆ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਵਿਚ ਕਈ ਰਸਤਿਆਂ 'ਤੇ ਤੁਰਦੇ ਹਨ ਤੇ ਕਈ ਨਵੇਂ ਵੀ ਸਿਰਜਦੇ ਹਨ। ਇਸੇ ਖ਼ਾਤਰ ਕੁਦਰਤ ਨੇ ਮਮਤਾ ਦੀ ਲੀਹ ਤੋਰੀ ਹੋਈ ਹੈ, ਜਿਸ 'ਤੇ ਚੱਲਦਿਆਂ ਮਾਂ-ਪਿਉ ਬੱਚਿਆਂ ਦੀ ਖ਼ਾਤਰ ਖ਼ਤਰਿਆਂ ਨਾਲ ਭਿੜਦੇ ਰਹਿੰਦੇ ਹਨ। ਇਹੋ ਰੁਝਾਨ ਪੌਦਿਆਂ ਵਿਚ ਵੀ ਹੁੰਦਾ ਹੈ। ਉਹ ਵੀ ਆਪਣੀਆਂ ਨਸਲਾਂ ਨੂੰ ਚਲਦਿਆਂ ਰੱਖਣ ਲਈ ਕਈ ਧਰਾਤਲਾਂ ਤੇ ਰਾਹ ਰਸਤੇ ਸੁਤੇ ਸਿੱਧ ਪੈਦਾ ਕਰਦੇ ਹਨ ਤੇ ਆਪਣੇ ਨਵੇਂ ਤਾਣੇ ਤਣਨ ਲੱਗਦੇ ਹਨ।

ਜ਼ਿੰਦਗੀ ਦਾ ਇਕ ਜਬਰਦਸਤ ਮਕਸਦ ਹੈ ਜੋ ਜੋਸ਼, ਹੋਸ਼ ਤੇ ਸ਼ਕਤੀ ਦੇ ਸੰਚਾਰ ਨਾਲ ਇਸ ਕਾਇਨਾਤ ਵਿਚ ਨਵੇਂ ਸਿਲਸਿਲਿਆਂ ਤੇ ਪਗਡੰਡੀਆਂ ਦੀਆਂ ਲੜੀਆਂ ਤੋਰਦਾ ਰਿਹਾ ਹੈ, ਤੋਰ ਰਿਹਾ ਹੈ ਤੇ ਅੱਗੋਂ ਵੀ ਤੋਰਦਾ ਰਹੇਗਾ।

• •